ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 125
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 7 May, 2026) ਵੀਰਵਾਰ, 7 ਮਈ, 2026, 24 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਟਰੰਪ ਨੇ ਮੋਦੀ ਨੂੰ 'ਇਤਿਹਾਸਕ ਅਤੇ ਨਿਰਣਾਇਕ' ਚੋਣ ਜਿੱਤ 'ਤੇ ਦਿੱਤੀ ਵਧਾਈ

ਵਾਸ਼ਿੰਗਟਨ, 6 ਮਈ (ਚ.ਨ.ਸ.): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੀ 'ਇਤਿਹਾਸਕ ਅਤੇ ਨਿਰਣਾਇਕ' ਚੋਣ ਜਿੱਤ 'ਤੇ ਵਧਾਈ ਦਿਤੀ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਦਸਿਆ , "ਪਿਛਲੇ ਮਹੀਨੇ ਹੀ ਉਨ੍ਹਾਂ ਦੀ ਫੋਨ 'ਤੇ ਹੋਈ ਗੱਲਬਾਤ ਦੌਰਾਨ, ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਪ੍ਰਤੀ ਅਪਣੀ ਪ੍ਰਸ਼ੰਸਾ ਜ਼ਾਹਰ ਕੀਤੀ ਸੀ ਅਤੇ ਕਿਹਾ ਸੀ ਕਿ ਭਾਰਤ ਕਿੰਨਾ ਕਿਸਮਤ ਵਾਲਾ ਹੈ ਕਿ ਉਸ ਕੋਲ ਮੋਦੀ ਵਰਗਾ ਨੇਤਾ ਹੈ।" ਉਨ੍ਹਾਂ ਅੱਗੇ ਕਿਹਾ,"ਪ੍ਰਧਾਨ ਮੰਤਰੀ ਮੋਦੀ ਨੂੰ ਰਾਸ਼ਟਰਪਤੀ ਇਸ ਹਾਲੀਆ, ਇਤਿਹਾਸਕ ਅਤੇ ਨਿਰਣਾਇਕ ਚੋਣ ਜਿੱਤ 'ਤੇ ਵਧਾਈ ਦਿੰਦੇ ਹਨ।"



# ਕੇਂਦਰ ਸਰਕਾਰ ਮੰਡੀਆਂ 'ਚ ਥਾਂ ਦੀ ਘਾਟ ਨੂੰ ਪੂਰਾ ਕਰਨ ਲਈ ਲੋੜੀਂਦਾ ਸਹਿਯੋਗ ਨਹੀਂ ਦੇ ਰਹੀ : ਕਟਾਰੂਚੱਕ

ਚੰਡੀਗੜ੍ਹ, 6 ਮਈ (ਚ.ਨ.ਸ.): ਅਨਾਜ ਦੇ ਭੰਡਾਰਨ ਸਬੰਧੀ ਜਗ੍ਹਾ ਦੀ ਘਾਟ ਦੇ ਮੁੱਦੇ ਦੇ ਸਬੰਧ ਵਿੱਚ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੀਆਂ ਮੰਡੀਆਂ ਵਿੱਚ ਜਗ੍ਹਾ ਦੀ ਕਮੀ ਦੇ ਮੁੱਖ ਮੁੱਦੇ ਨੂੰ ਹੱਲ ਕਰਨ ਲਈ ਲੋੜੀਂਦਾ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਹਾਲਾਂਕਿ ਇਹ ਮੁੱਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਾਫ਼ੀ ਸਮੇਂ ਤੋਂ ਕੇਂਦਰ ਸਰਕਾਰ ਅੱਗੇ ਲਗਾਤਾਰ ਉਠਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਤੇ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੂੰ ਅਪ੍ਰੈਲ ਤੇ ਮਈ, 2026 ਦੇ ਮਹੀਨਿਆਂ ਦੌਰਾਨ ਅਨਾਜ ਦੀ ਚੁਕਾਈ ਲਈ 860 ਵਿਸ਼ੇਸ਼ ਰੇਲ ਗੱਡੀਆਂ ਅਲਾਟ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ, ਪਰ ਐਫ.ਸੀ.ਆਈ. ਦੁਆਰਾ ਲੋੜੀਂਦੀ ਗਿਣਤੀ ਵਿੱਚ ਇਹ ਰੇਲਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਇੱਕ ਹਫ਼ਤੇ ਵਿੱਚ 80 ਲੱਖ ਮੀਟ੍ਰਿਕ ਟਨ ਕਣਕ ਦੀ ਵੱਡੀ ਆਮਦ ਕਾਰਨ ਮੰਡੀਆਂ ਵਿੱਚ ਫ਼ਸਲ ਦੇ ਅੰਬਾਰ ਲੱਗਣ ਵਰਗੀ ਸਥਿਤੀ ਪੈਦਾ ਹੋ ਗਈ ਹੈ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਅਪ੍ਰੈਲ ਦੌਰਾਨ ਸਿਰਫ਼ 3.5 ਲੱਖ ਮੀਟ੍ਰਿਕ ਟਨ ਕਣਕ ਹੀ ਰੇਲ/ਸੜਕ/ਕੰਟੇਨਰਾਂ ਰਾਹੀਂ ਮੰਡੀਆਂ 'ਚੋਂ ਸਿੱਧੀ ਚੁੱਕੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਮਈ, 2026 ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਅਨਾਜ ਦੀ ਸਿੱਧੀ ਡਲਿਵਰੀ ਲਈ ਰੋਜ਼ਾਨਾ ਸਿਰਫ਼ ਤਿੰਨ ਤੋਂ ਪੰਜ ਵਿਸ਼ੇਸ਼ ਰੇਲ ਗੱਡੀਆਂ ਹੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।



ਉਪਰੋਕਤ ਹਾਲਾਤਾਂ ਦੇ ਬਾਵਜੂਦ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਨੇ ਮੁਸ਼ਕਲ ਰਹਿਤ ਖਰੀਦ ਸੀਜ਼ਨ ਨੂੰ ਯਕੀਨੀ ਬਣਾਇਆ ਹੈ ਅਤੇ 122 ਲੱਖ ਮੀਟਰਕ ਟਨ (ਐਲ.ਐਮ.ਟੀ.) ਕਣਕ ਦੀ ਖਰੀਦ ਦਾ ਟੀਚਾ ਮੁਕੰਮਲ ਹੋਣ ਨੇੜੇ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 121.65 ਲੱਖ ਮੀਟਰਕ ਟਨ ਕਣਕ ਪਹੁੰਚੀ ਹੈ, ਜਿਸ ਵਿੱਚੋਂ 120.89 ਲੱਖ ਮੀਟਰਕ ਟਨ ਕਣਕ ਖਰੀਦੀ ਜਾ ਚੁੱਕੀ ਹੈ। ਖਰੀਦੀ ਗਈ ਕਣਕ ਵਿੱਚੋਂ ਕੱਲ੍ਹ ਦੇਰ ਸ਼ਾਮ ਤੱਕ ਵੱਖ-ਵੱਖ ਸਰਕਾਰੀ ਏਜੰਸੀਆਂ ਨੇ 119.56 ਲੱਖ ਮੀਟਰਕ ਟਨ ਜਦੋਂ ਕਿ ਵਪਾਰੀਆਂ ਨੇ 133203.15 ਮੀਟਰਕ ਟਨ ਖਰੀਦੀ ਹੈ।

ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨ ਭਾਈਚਾਰੇ ਦੁਆਰਾ ਸਖ਼ਤ ਮਿਹਨਤ ਨਾਲ ਪੈਦਾ ਕੀਤੇ ਅਨਾਜ ਦਾ ਇੱਕ-ਇੱਕ ਦਾਣਾ ਖਰੀਦਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਉਹ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਲਈ ਰਾਜ ਭਰ ਦੀਆਂ ਮੰਡੀਆਂ ਦਾ ਨਿੱਜੀ ਤੌਰ 'ਤੇ ਦੌਰਾ ਕਰ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮੁਸ਼ਕਲ ਰਹਿਤ ਖਰੀਦ ਸੀਜ਼ਨ ਨੂੰ ਨੇਪਰੇ ਚਾੜ੍ਹਨ ਵਿੱਚ ਕੋਈ ਦਿੱਕਤ-ਪਰੇਸ਼ਾਨੀ ਨਾ ਆਵੇ। ਭੁਗਤਾਨ ਦੇ ਮਾਮਲੇ ਵਿੱਚ 29000 ਕਰੋੜ ਰੁਪਏ ਤੋਂ ਵੱਧ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਰਕਮ ਨੂੰ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫ਼ਰ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਖਰੀਦ ਸੀਜ਼ਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ 1896 ਖਰੀਦ ਕੇਂਦਰ ਅਤੇ ਲਗਭਗ 986 ਆਰਜ਼ੀ ਯਾਰਡ ਸਥਾਪਤ ਕਰਨ ਵਰਗੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਤੇ ਅਜੈਵੀਰ ਸਿੰਘ ਸਰਾਓ ਅਤੇ ਜਨਰਲ ਮੈਨੇਜਰ ਵਿੱਤ ਸਰਵੇਸ਼ ਕੁਮਾਰ ਸ਼ਾਮਲ ਸਨ।

# ਪੰਜਾਬ ਪੁਲਿਸ ਦੇ 'ਯੁਵਾ ਸਾਂਝ ਪ੍ਰੋਗਰਾਮ' ਨੇ 2358 ਰਾਹ ਤੋਂ ਭਟਕੇ ਨੌਜਵਾਨਾਂ ਦੀ ਆਨਲਾਈਨ ਪਹਿਚਾਣ ਕਰਕੇ ਗੈਂਗਸਟਰਾਂ ਦੇ ਪ੍ਰਭਾਵ ਹੇਠ ਆਉਣ ਤੋਂ ਬਚਾਇਆ

ਚੰਡੀਗੜ੍ਹ , 6 ਮਈ (ਚ.ਨ.ਸ.): ਕਮਿਊਨਿਟੀ ਪੁਲਿਸਿੰਗ ਨੂੰ ਅਗਲੇ ਪੱਧਰ 'ਤੇ ਲਿਜਾਂਦਿਆਂ ਪੰਜਾਬ ਪੁਲਿਸ ਨੇ ਆਪਣੇ "ਯੁਵਾ ਸਾਂਝ ਪ੍ਰੋਗਰਾਮ" ਤਹਿਤ ਰਾਹ ਤੋਂ ਭਟਕੇ ਹੋਏ ਨੌਜਵਾਨਾਂ ਤੱਕ ਪਹੁੰਚ ਨੂੰ ਹੋਰ ਤੇਜ਼ ਕੀਤਾ ਹੈ। ਇਹ ਪਹਿਲ "ਗੈਂਗਸਟਰਾਂ 'ਤੇ ਵਾਰ" ਮੁਹਿੰਮ ਹੇਠ ਸੰਗਠਿਤ ਅਪਰਾਧ ਦੇ ਖ਼ਿਲਾਫ਼ ਚੱਲ ਰਹੀ ਕਾਰਵਾਈ ਦੇ ਨਾਲ-ਨਾਲ ਇੱਕ ਅਹਿਮ ਭੂਮਿਕਾ ਨਿਭਾ ਰਹੀ ਹੈ। ਜਨਵਰੀ ਤੋਂ ਹੁਣ ਤੱਕ, ਕਮਿਊਨਿਟੀ ਅਫੇਅਰਜ਼ ਡਿਵਿਜ਼ਨ (ਸੀ. ਏ. ਡੀ.) ਦੀ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ, ਗੁਰਪ੍ਰੀਤ ਕੌਰ ਦਿਓ ਦੀ ਅਗਵਾਈ ਹੇਠ ਕਈ ਮੀਟਿੰਗਾਂ ਕਰਵਾਈਆਂ ਗਈਆਂ ਹਨ, ਜਿਨ੍ਹਾਂ ਦਾ ਮਕਸਦ ਅਧਿਕਾਰੀਆਂ ਅਤੇ ਸਮੁਦਾਇਕ ਭਾਈਵਾਲਾਂ ਨੂੰ ਪ੍ਰੋਗਰਾਮ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਬਾਰੇ ਜਾਣੂ ਕਰਵਾਉਣਾ ਹੈ। "ਗੈਂਗਸਟਰਾਂ 'ਤੇ ਵਾਰ" ਦੇ ਨਿਵਾਰਕ ਪੱਖ ਵਜੋਂ ਸਥਾਪਿਤ ਇਹ ਪ੍ਰੋਗਰਾਮ ਨੌਜਵਾਨਾਂ ਨੂੰ ਅੱਤਵਾਦ , ਗਨ ਕਲਚਰ , ਨਸ਼ਾਖੋਰੀ ਅਤੇ ਹੋਰ ਨਕਾਰਾਤਮਕ ਪ੍ਰਭਾਵਾਂ ਤੋਂ ਦੂਰ ਰੱਖਣ ਲਈ ਸਕਾਰਾਤਮਕ ਵਿਕਲਪ ਪ੍ਰਦਾਨ ਕਰਦਾ ਹੈ। ਪਿਛਲੇ ਚਾਰ ਮਹੀਨਿਆਂ ਵਿੱਚ ਪੰਜ ਸੰਵਾਦ ਸੈਸ਼ਨ ਕਰਵਾਏ ਗਏ ਹਨ ਅਤੇ ਅਗਲੇ ਅੱਠ ਮਹੀਨਿਆਂ ਵਿੱਚ ਹੋਰ 11 ਸੈਸ਼ਨ ਕਰਵਾਉਣ ਦੀ ਯੋਜਨਾ ਹੈ ਤਾਂ ਜੋ ਇਸਦੀ ਪਹੁੰਚ ਦਾ ਦਾਇਰਾ ਹੋਰ ਵਧਾਇਆ ਜਾ ਸਕੇ।

ਇਸ ਪਹਿਲ ਤਹਿਤ ਪੰਜਾਬ ਪੁਲਿਸ ਸਮੁਦਾਇਕ ਪੱਧਰ 'ਤੇ ਉਹਨਾਂ ਨੌਜਵਾਨਾਂ ਦੀ ਪਛਾਣ ਕਰਦੀ ਹੈ, ਜੋ ਆਨਲਾਈਨ ਅੱਤਵਾਦ , ਹਿੰਸਾ ਜਾਂ ਗੈਂਗਸਟਰ ਕਲਚਰ ਤੋਂ ਪ੍ਰਭਾਵਿਤ ਹੋ ਸਕਦੇ ਹਨ। ਹੁਣ ਤੱਕ



2,358 ਨੌਜਵਾਨਾਂ ਦੀ ਪਛਾਣ ਸੋਸ਼ਲ ਮੀਡੀਆ ਵਿਸ਼ਲੇਸ਼ਣ ਰਾਹੀਂ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 1519 ਦੀਆਂ ਪ੍ਰੋਫਾਈਲਾਂ ਰਾਜ ਪੱਧਰੀ "ਯੁਵਾ ਸਾਂਝ ਸਾਫਟਵੇਅਰ" 'ਤੇ ਤਿਆਰ ਕੀਤੀਆਂ ਗਈਆਂ ਹਨ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ ਨੇ ਕਿਹਾ, "ਪੰਜਾਬ ਪੁਲਿਸ ਇੱਕ ਸੰਤੁਲਿਤ ਦੋ ਨੁਕਾਤੀ ਰਣਨੀਤੀ 'ਤੇ ਕੰਮ ਕਰ ਰਹੀ ਹੈ" "ਗੈਂਗਸਟਰਾਂ 'ਤੇ ਵਾਰ" ਰਾਹੀਂ ਸਖ਼ਤ ਕਾਰਵਾਈ ਤੇ "ਯੁਵਾ ਸਾਂਝ" ਰਾਹੀਂ ਲਗਾਤਾਰ ਸੰਪਰਕ ਤੇ ਨਿਗਰਾਨੀ । ਮਨੋਵਿਗਿਆਨਕ ਪ੍ਰੋਫਾਈਲਿੰਗ, ਸੰਰਚਿਤ ਕਾਊਂਸਲਿੰਗ ਅਤੇ ਪਰਿਵਾਰ ਦੀ ਭਾਗੀਦਾਰੀ ਇਸ ਪਹਿਲ ਦਾ ਅਧਾਰ ਹਨ। ਜਿੰਨ੍ਹਾਂ ਮਾਮਲਿਆਂ ਵਿੱਚ ਹੋਰ ਡੂੰਘੀ ਦਖਲ ਦੀ ਲੋੜ ਹੁੰਦੀ ਹੈ, ਉਹਨਾਂ ਨੂੰ ਉਪ-ਮੰਡਲ ਪੱਧਰ ਦੇ ਸਮੁਦਾਇਕ ਕੇਂਦਰਾਂ ਨੂੰ ਭੇਜਿਆ ਜਾਂਦਾ ਹੈ ਤਾਂ ਜੋ ਨਿਰੰਤਰ ਦੇਖਭਾਲ ਯਕੀਨੀ ਬਣਾਈ ਜਾ ਸਕੇ । ਸਾਡਾ ਉਦੇਸ਼ ਸਪੱਸ਼ਟ ਹੈ-ਅਪਰਾਧਿਕ ਨੈੱਟਵਰਕਾਂ ਨੂੰ ਤੋੜਨਾ ਅਤੇ ਨੌਜਵਾਨਾਂ ਨੂੰ ਉਹਨਾਂ ਤੋਂ ਦੂਰ ਰੱਖਣਾ।"

ਹੁਣ ਤੱਕ 1490 ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ ਹੈ, ਜਦਕਿ 1,109 ਨੇ ਕਾਊਂਸਲਿੰਗ ਸੈਸ਼ਨਾਂ ਵਿੱਚ ਹਿੱਸਾ ਲਿਆ ਹੈ। ਕੁੱਲ ਮਿਲਾ ਕੇ 1,836 ਨੌਜਵਾਨਾਂ ਦੀ ਜ਼ਿਲ੍ਹਾ ਖੁਫ਼ੀਆ ਇਕਾਈਆਂ ਵੱਲੋਂ ਕਾਊਂਸਲਿੰਗ ਕੀਤੀ ਗਈ ਹੈ, ਜਦਕਿ ਜ਼ਿਲ੍ਹਾ ਟੀਮਾਂ ਵੱਲੋਂ 522 ਹੋਰ ਅਜਿਹੇ ਨੌਜਵਾਨਾਂ ਦੀ ਪਛਾਣ ਕੀਤੀ ਗਈ ਹੈ। ਜ਼ਮੀਨੀ ਪੱਧਰ 'ਤੇ, ਜ਼ਿਲ੍ਹਾ "ਯੁਵਾ ਸਾਂਝ" ਕਮੇਟੀਆਂ ਦੀ ਅਗਵਾਈ ਕਮਿਸ਼ਨਰ ਆਫ ਪੁਲਿਸ/ਸੀਨੀਅਰ ਸੁਪਰਿੰਟੈਂਡੈਂਟ ਆਫ ਪੁਲਿਸ ਵੱਲੋਂ ਨਾਮਜ਼ਦ ਸੁਪਰਿੰਟੈਂਡੈਂਟ ਆਫ ਪੁਲਿਸ/ਡਿਪਟੀ ਕਮਿਸ਼ਨਰ ਆਫ ਪੁਲਿਸ ਰੈਂਕ ਦੇ ਅਧਿਕਾਰੀ ਕਰਦੇ ਹਨ । ਇਹਨਾਂ ਕਮੇਟੀਆਂ ਰਾਹੀਂ ਸਿਵਲ ਸੋਸਾਇਟੀ ਦੇ ਮੈਂਬਰ, ਸੇਵਾਮੁਕਤ ਅਧਿਕਾਰੀ, ਮਨੋਵਿਗਿਆਨੀ, ਐਨਜੀਓ ਅਤੇ ਸਮੁਦਾਇਕ ਨੁਮਾਇੰਦੇ ਇਕੱਠੇ ਹੋ ਕੇ ਪੂਰਨ ਤਾਲਮੇਲ ਵਾਲੀ ਕਾਰਵਾਈ ਨੂੰ ਯਕੀਨੀ ਬਣਾਉਂਦੇ ਹਨ।

ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ ਗੁਰਪ੍ਰੀਤ ਕੌਰ ਦਿਓ ਨੇ ਕਿਹਾ, "ਜਿੱਥੇ "ਗੈਂਗਸਟਰਾਂ 'ਤੇ ਵਾਰ" ਦਾ ਮਕਸਦ ਸੰਗਠਿਤ ਅਪਰਾਧ ਨੂੰ ਖ਼ਤਮ ਕਰਨਾ ਹੈ, ਉਥੇ "ਯੁਵਾ ਸਾਂਝ" ਦਾ ਮਕਸਦ ਰਾਹ ਤੋਂ ਭਟਕੇ ਨੌਜਵਾਨਾਂ ਦੀ ਸ਼ੁਰੂਆਤੀ ਪਛਾਣ ਕਰਕੇ ਉਹਨਾਂ ਨੂੰ ਸਹੀ ਰਾਹ 'ਤੇ ਲਿਆਉਣਾ ਹੈ। ਅਸੀਂ ਲੋੜ ਮੁਤਾਬਿਕ ਸਖ਼ਤੀ ਜਾਂ ਨਰਮੀ ਨਾਲ ਪੇਸ਼ ਆਉਂਦੇ ਹਾਂ ਤਾਂ ਜੋ ਸਮੇਂ ਸਿਰ ਦਖਲ ਰਾਹੀਂ ਕਿਸੇ ਨੌਜਵਾਨ ਦੀ ਜ਼ਿੰਦਗੀ ਦੀ ਦਿਸ਼ਾ ਬਦਲੀ ਜਾ ਸਕੇ।" ਮੁੜਵਸੇਬੇ ਦੀ ਵਿਵਸਥਾ ਸੀਪੀ/ਐੱਸਐੱਸਪੀ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਅਤੇ ਹੋਰ ਭਾਈਵਾਲ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਇਸ ਵਿੱਚ ਹੁਨਰ ਵਿਕਾਸ, ਰੋਜ਼ਗਾਰ ਨਾਲ ਜੋੜਨਾ ਅਤੇ ਲੋੜ ਅਨੁਸਾਰ ਵਿੱਤੀ ਸਹਾਇਤਾ ਸ਼ਾਮਲ ਹੈ ਤਾਂ ਜੋ ਨੌਜਵਾਨਾਂ ਨੂੰ ਨਕਾਰਾਤਮਕ ਪ੍ਰਭਾਵਾਂ ਤੋਂ ਦੂਰ ਰੱਖ ਕੇ ਸਥਿਰ ਅਤੇ ਖੁਸ਼ਹਾਲ ਜੀਵਨ ਵੱਲ ਪ੍ਰੇਰਿਤ ਕੀਤਾ ਜਾ ਸਕੇ।

ਫਾਜ਼ਿਲਕਾ ਦੇ ਐੱਸਐੱਸਪੀ ਗੁਰਮੀਤ ਸਿੰਘ ਨੇ ਕਿਹਾ, "ਇਸ ਪਹਿਲ ਨੇ ਨਾ ਸਿਰਫ਼ ਜ਼ਮੀਨੀ ਪੱਧਰ 'ਤੇ ਅਪਰਾਧ ਦਰ ਘਟਾਉਣ ਵਿੱਚ ਮਦਦ ਕੀਤੀ ਹੈ, ਸਗੋਂ ਰਾਜ ਦੇ ਨੌਜਵਾਨਾਂ ਨੂੰ ਅਸਮਾਜਿਕ ਤੱਤਾਂ ਦਾ ਸਾਥ ਦੇਣ ਤੋਂ ਵੀ ਰੋਕਿਆ ਹੈ। ਇਹ ਦੇਸ਼ ਵਿੱਚ ਕਿਸੇ ਵੀ ਰਾਜ ਪੁਲਿਸ ਵੱਲੋਂ ਸ਼ੁਰੂ ਕੀਤੀ ਗਈ ਆਪਣੀ ਕਿਸਮ ਦੀ ਨਵੇਕਲੀ ਪਹਿਲ ਹੋ ਸਕਦੀ ਹੈ। ਪੰਜਾਬ ਪੁਲਿਸ ਨੇ ਨੌਜਵਾਨਾਂ ਨੂੰ ਆਪਣੇ ਭਰਮ -ਭੁਲੇਖੇ ਦੂਰ ਕਰਨ ਅਤੇ ਹਕੀਕਤ ਨਾਲ ਰੂਬਰੂ ਹੋਣ ਲਈ ਇੱਕ ਵੱਡਾ ਮੰਚ ਪ੍ਰਦਾਨ ਕੀਤਾ ਹੈ।" ਉਹਨਾਂ ਅੱਗੇ ਕਿਹਾ, "ਸਾਡੇ ਜ਼ਿਲ੍ਹੇ ਵਿੱਚ ਹੀ ਅਸੀਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਨੌਜਵਾਨਾਂ ਦਾ ਇੱਕ ਮਜ਼ਬੂਤ ਸਮੂਹ ਤਿਆਰ ਕੀਤਾ ਹੈ, ਜੋ ਰਾਜ ਦੀ ਤਾਕਤ ਨੂੰ ਹੋਰ ਮਜ਼ਬੂਤ ਕਰਦਾ ਹੈ।"

## ਐਸ.ਸੀ.ਕਮਿਸ਼ਨ ਵਲੋਂ ਸੂ ਮੋਟੋ ਨੋਟਿਸ ਲੈਂਦਿਆਂ ਡਾਇਰੈਕਟਰ ਤੇ ਨੋਡਲ ਅਫ਼ਸਰ ਜਨਗਣਨਾ ਪੰਜਾਬ ਤਲਬ

ਚੰਡੀਗੜ੍ਹ, 6 ਮਈ (ਹਰਦੀਪ ਕੌਰ): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਜਨਗਣਨਾ ਸਬੰਧੀ ਫਾਰਮਾਂ ਵਿੱਚ ਵਾਲਮੀਕਿ ਤੇ ਮਜ਼੍ਹਬੀ ਭਾਈਚਾਰੇ ਲਈ ਗ਼ੈਰ ਸਮਾਜਿਕ ਸ਼ਬਦ ਵਰਤਣ ਸਬੰਧੀ ਸੂ ਮੋਟੋ ਕਾਰਵਾਈ ਕਰਦਿਆਂ ਜਨਗਣਨਾ ਕਲਿਆਣ ਵਿਭਾਗ ਪੰਜਾਬ ਦੇ ਡਾਇਰੈਕਟਰ ਅਤੇ ਸੂਬਾ ਨੋਡਲ ਅਫ਼ਸਰ ਨੂੰ ਤਲਬ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਵਾਲਮੀਕਿ ਅਤੇ ਮਜ਼੍ਹਬੀ ਭਾਈਚਾਰੇ ਲਈ ਗ਼ੈਰ ਸਮਾਜਿਕ ਸ਼ਬਦਾ ਦੀ ਵਰਤੋਂ ਸਬੰਧੀ ਸੋਸ਼ਲ ਮੀਡੀਆ ਤੇ ਅਖ਼ਬਾਰਾਂ ਰਾਹੀਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਜਿਸ ਸਬੰਧੀ ਕਮਿਸ਼ਨ ਨੇ ਸੂ ਮੋਟੋ ਨੋਟਿਸ ਲੈਂਦਿਆਂ ਮਿਤੀ 13-05-2026 ਡਾ.ਨਵਜੋਤ ਖੋਸਾ ਡਾਇਰੈਕਟਰ ਜਨਗਣਨਾ ਕਲਿਆਣ ਵਿਭਾਗ ਪੰਜਾਬ ਤੇ ਜਨਗਣਨਾ ਕਲਿਆਣ ਵਿਭਾਗ ਪੰਜਾਬ ਦੇ ਨੋਡਲ ਅਫ਼ਸਰ ਮਨਜੀਤ ਸਿੰਘ ਬਰਾੜ ਨੂੰ ਕਮਿਸ਼ਨ ਦਫਤਰ ਵਿਖੇ ਨਿੱਜੀ ਪੱਧਰ 'ਤੇ ਤਲਬ ਕੀਤਾ ਗਿਆ ਹੈ।

# ਵਿਜੀਲੈਂਸ ਵੱਲੋਂ ਬੀ.ਡੀ.ਪੀ.ਓ. 15000 ਰਿਸ਼ਵਤ ਲੈਂਦੀ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 6 ਮਈ (ਵਿਸ਼ਾਲ ਸ਼ਰਮਾ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਜ਼ਿਲ੍ਹਾ ਲੁਧਿਆਣਾ ਦੇ ਬਲਾਕ ਮਲੌਦ ਵਿਖੇ ਤਾਇਨਾਤ ਬਲਾਕ ਵਿਕਾਸ ਪੰਚਾਇਤ ਅਫ਼ਸਰ ਸੁਖਜੀਤ ਕੌਰ ਨੂੰ 15000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਅਧਿਕਾਰੀ ਨੂੰ ਪਿੰਡ ਸੋਹੀਆਂ ਜ਼ਿਲ੍ਹਾ ਲੁਧਿਆਣਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਪਿੰਡ ਸੋਹੀਆਂ ਵਿਖੇ ਮਤਾ ਪਾਸ ਕਰਕੇ ਗਲੀ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਅਤੇ ਡ੍ਰੇਨ ਦਾ ਕੰਮ ਕੀਤਾ ਗਿਆ ਸੀ। ਇਸ ਸਬੰਧੀ ਸ਼ਿਕਾਇਤਕਰਤਾ ਨੇ ਬਲਾਕ ਮਲੌਦ ਦੀ ਬੀ.ਡੀ.ਪੀ.ਓ. ਸੁਖਜੀਤ ਕੌਰ ਕੋਲ ਪਹੁੰਚ ਕੀਤੀ , ਪਰ ਬਿੱਲ ਪਾਸ ਕਰਨ ਦੀ ਬਜਾਏ ਉਸਨੇ 15000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਨੂੰ ਮਜਬੂਰ ਹੋ ਕੇ ਮੁਲਜ਼ਮ ਅਧਿਕਾਰੀ ਨੂੰ ਮੌਕੇ 'ਤੇ ਹੀ 5,000 ਰੁਪਏ ਰਿਸ਼ਵਤ ਵਜੋਂ ਦੇਣੇ ਪਏ ਅਤੇ ਬੀਡੀਪੀਓ ਨੇ ਉਸਨੂੰ ਬਕਾਇਆ ਰਹਿੰਦੇ 10,000 ਰੁਪਏ ਵੀ ਜਲਦ ਚੁਕਾਉਣ ਲਈ ਤਾਕੀਦ ਕੀਤੀ।



ਇਸ ਤੋਂ ਇਲਾਵਾ, ਉਸਨੇ ਦੱਸਿਆ ਕਿ ਕਾਰਜਕਾਰੀ ਇੰਜੀਨੀਅਰ ਲੁਧਿਆਣਾ ਦੁਆਰਾ ਬੀਡੀਪੀਓ ਮਲੌਦ ਨੂੰ ਇੱਕ ਪੱਤਰ ਜਾਰੀ ਕੀਤਾ ਗਿਆ ਸੀ ਕਿ ਪਿੰਡ ਸੋਹੀਆਂ ਵਿੱਚ ਖੇਡ ਮੈਦਾਨ ਦਾ ਉਦਘਾਟਨ ਕੀਤਾ ਜਾਣਾ ਹੈ, ਇਸ ਲਈ 2 ਦਿਨਾਂ ਦੇ ਅੰਦਰ ਗ੍ਰਾਮ ਪੰਚਾਇਤ ਵੱਲੋਂ ਆਪਣੇ ਪੱਧਰ 'ਤੇ ਜ਼ਮੀਨ ਨੂੰ ਪੱਧਰਾ ਕਰਾਇਆ ਜਾਵੇ। ਇਸ ਸਬੰਧ ਵਿੱਚ ਗ੍ਰਾਮ ਪੰਚਾਇਤ ਸੋਹੀਆਂ ਨੇ ਆਪਣੇ ਖਰਚੇ 'ਤੇ ਖੇਡ ਦੇ ਮੈਦਾਨ ਨੂੰ ਪੱਧਰਾ ਕਰਵਾਇਆ ਸੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਦੋਸ਼ੀ ਬੀਡੀਪੀਓ ਸੁਖਜੀਤ ਕੌਰ ਨੂੰ ਮਿਲਿਆ ਅਤੇ ਖੇਡ ਦੇ ਮੈਦਾਨ ਨੂੰ ਪੱਧਰਾ ਕਰਨ ਅਤੇ ਜ਼ਮੀਨ ਵਿੱਚ ਘਾਹ/ਝਾੜੀਆਂ ਲਗਾਉਣ ਲਈ ਬਿੱਲ ਪਾਸ ਕਰਵਾਉਣ ਬਾਰੇ ਗੱਲ ਕੀਤੀ, ਫਿਰ ਦੋਸ਼ੀ ਬੀਡੀਪੀਓ ਨੇ ਜ਼ਮੀਨ ਨੂੰ ਪੱਧਰਾ ਕਰਨ ਅਤੇ ਜ਼ਮੀਨ ਵਿੱਚ ਘਾਹ/ਬੂਟੇ ਲਗਾਉਣ ਲਈ ਬਿੱਲ ਪਾਸ ਕਰਨ ਲਈ 15000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਇਸ ਸੰਦਰਭ ਵਿੱਚ, ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕੀਤੀ ਸੀ।

ਗੈਰ-ਕਾਨੂੰਨੀ ਰਿਸ਼ਵਤ ਦੇਣ ਤੋਂ ਇਨਕਾਰ ਕਰਦੇ ਹੋਏ, ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਯੂਨਿਟ ਲੁਧਿਆਣਾ ਨਾਲ ਸੰਪਰਕ ਕੀਤਾ। ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਬੀਡੀਪੀਓ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਚੰਡੀਗੜ੍ਹ ਪ੍ਰਸ਼ਾਸਨ ਨੇ 'ਅਪ੍ਰੇਸ਼ਨ ਸਿੰਦੂਰ' ਦੇ ਇੱਕ ਸਾਲ ਦੇ ਪੂਰੇ ਹੋਣ 'ਤੇ ਸਿਵਲ ਡਿਫੈਂਸ ਵਲੰਟੀਅਰਾਂ ਦੇ ਦੂਜੇ ਬੈਚ ਲਈ ਭਰਤੀ ਮੁਹਿੰਮ ਦਾ ਐਲਾਨ ਕੀਤਾ

ਚੰਡੀਗੜ੍ਹ, 7 ਮਈ (ਹਰਦੀਪ ਕੌਰ): ਅਪ੍ਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਦੇ ਅਵਸਰ 'ਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਸਿਵਲ ਡਿਫੈਂਸ ਵਲੰਟੀਅਰਾਂ (ਸੀਡੀਵੀਜ਼/CDVs) ਦੇ ਦੂਜੇ ਬੈਚ ਲਈ ਭਰਤੀ ਮੁਹਿੰਮ ਦਾ ਐਲਾਨ ਕੀਤਾ ਹੈ। ਇਹ ਪਹਿਲ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀ ਤੇ ਆਪਦਾ ਪ੍ਰਬੰਧਨ ਸਮਰੱਥਾਵਾਂ ਨੂੰ ਹੋਰ ਅਧਿਕ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਸੰਨ 2025 ਵਿੱਚ ਸਿਵਲ ਡਿਫੈਂਸ ਵਲੰਟੀਅਰਾਂ ਦੇ ਪਹਿਲੇ ਬੈਚ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਕੁੱਲ 419 ਵਲੰਟੀਅਰਾਂ ਨੂੰ ਟ੍ਰੇਨਿੰਗ ਦਿੱਤੀ ਗਈ ਸੀ। ਇਨ੍ਹਾਂ ਵਲੰਟੀਅਰਾਂ ਨੇ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆੱਫ਼ ਪਬਲਿਕ ਐਡਮਿਨਿਸਟ੍ਰੇਸ਼ਨ (ਐੱਮ ਜੀ ਐੱਸ ਆ ਈ ਪੀ ਏ / MG-SIPA), ਚੰਡੀਗੜ੍ਹ ਵਿਖੇ 7 ਦਿਨਾਂ ਦਾ ਤੀਬਰ ਟ੍ਰੇਨਿੰਗ ਪ੍ਰੋਗਰਾਮ ਪੂਰਾ ਕੀਤਾ। ਟ੍ਰੇਨਿੰਗ ਵਿੱਚ ਪ੍ਰੈਕਟੀਕਲ ਸੈਸ਼ਨ, ਸਰੀਰਕ ਦਕਸ਼ਤਾ ਪਰੀਖਣ, ਲਿਖਤੀ ਪਰੀਖਿਆਵਾਂ ਅਤੇ ਮੌਕ ਡ੍ਰਿਲ ਸ਼ਾਮਲ ਸਨ।

ਇਹ ਟ੍ਰੇਨਿੰਗ ਫਾਇਰ ਡਿਪਾਰਟਮੈਂਟ, ਸਿਹਤ ਵਿਭਾਗ, ਰਾਸ਼ਟਰੀ ਆਪਦਾ ਪ੍ਰਤੀਕਿਰਿਆ ਬਲ (ਐੱਨਡੀਆਰਐੱਫ/NDRF), ਤੇ ਪੱਛਮੀ ਕਮਾਂਡ, ਭਾਰਤੀ ਫ਼ੌਜ ਦੇ ਮਾਹਰਾਂ ਦੁਆਰਾ ਦਿੱਤੀ ਗਈ ਸੀ। ਟ੍ਰੇਨਿੰਗ ਦੇ ਪ੍ਰਮੁੱਖ ਖੇਤਰਾਂ ਵਿੱਚ ਆਪਦਾ ਪ੍ਰਤੀਕਿਰਿਆ, ਮੁੱਢਲੀ ਸਹਾਇਤਾ, ਬਚਾਅ ਕਾਰਜ, ਨਿਕਾਸੀ ਪ੍ਰਕਿਰਿਆਵਾਂ, ਟ੍ਰੈਫਿਕ ਪ੍ਰਬੰਧਨ, ਸੰਕਟ ਸੰਚਾਰ ਅਤੇ ਅੱਗ ਬੁਝਾਉਣ ਦੇ ਮੂਲਭੂਤ ਉਪਾਅ ਸ਼ਾਮਲ ਰਹੇ। ਟ੍ਰੇਨਿੰਗ ਦੇ ਸਫ਼ਲਤਾਪੂਰਵਕ ਸੰਪੂਰਨ ਹੋਣ 'ਤੇ ਵਲੰਟੀਅਰਾਂ ਨੂੰ ਸਿਵਲ ਡਿਫੈਂਸ ਵਰਦੀਆਂ ਅਤੇ ਬੇਰੇਟਸ (BERETS) ਪ੍ਰਦਾਨ ਕੀਤੇ ਗਏ। ਸਿਵਲ ਡਿਫੈਂਸ ਦੇ ਸੰਗਠਨਾਤਮਕ ਢਾਂਚੇ ਵਿੱਚ ਚੀਫ਼ ਵਾਰਡਨ, ਡਿਪਟੀ ਚੀਫ਼ ਵਾਰਡਨ, ਡਿਵੀਜ਼ਨਲ ਵਾਰਡਨ, ਡਿਪਟੀ ਡਿਵੀਜ਼ਨਲ ਵਾਰਡਨ, ਪੋਸਟ ਵਾਰਡਨ, ਡਿਪਟੀ ਪੋਸਟ ਵਾਰਡਨ ਤੇ ਸੈਕਟਰ ਵਾਰਡਨ ਸ਼ਾਮਲ ਹਨ।

ਸਿਵਲ ਡਿਫੈਂਸ ਵਲੰਟੀਅਰਾਂ ਦੇ ਦੂਜੇ ਬੈਚ ਲਈ ਨਾਮਾਂਕਣ ਮੁਹਿੰਮ 8 ਮਈ ਨੂੰ ਦੁਪਹਿਰ 12:00 ਵਜੇ ਤੋਂ ਮਹਿਲਾ ਭਵਨ, ਸੈਕਟਰ 38-ਸੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤੀ ਜਾਵੇਗੀ। ਇਸ ਅਵਸਰ 'ਤੇ ਪ੍ਰਸ਼ਾਸਕ, ਯੂਟੀ ਚੰਡੀਗੜ੍ਹ, ਗੁਲਾਬ ਚੰਦ ਕਟਾਰੀਆ, ਮੁੱਖ ਮਹਿਮਾਨ ਦੇ ਰੂਪ ਵਿੱਚ ਇਸ ਸਮਾਗਮ ਵਿੱਚ ਸ਼ਾਮਲ ਹੋਣਗੇ। ਪ੍ਰੋਗਰਾਮ ਦੇ ਦੌਰਾਨ ਆਪਦਾ ਪ੍ਰਬੰਧਨ ਤੇ ਸਿਵਲ ਡਿਫੈਂਸ ਦੀਆਂ ਉਪਲਬਧੀਆਂ 'ਤੇ ਅਧਾਰਿਤ ਇੱਕ ਕੌਫੀ ਟੇਬਲ ਬੁੱਕ ਵੀ ਜਾਰੀ ਕੀਤੀ ਜਾਵੇਗੀ ਅਤੇ ਦੂਜੇ ਬੈਚ ਦੇ ਵਲੰਟੀਅਰਾਂ ਦਾ ਰਸਮੀ ਨਾਮਾਂਕਣ ਕੀਤਾ ਜਾਵੇਗਾ। ਨਾਮਾਂਕਣ ਹਿਤ ਬਿਨੈਕਾਰ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ, ਜਿਸ ਦੀ ਉਮਰ 18 ਵਰ੍ਹੇ ਜਾਂ ਉਸ ਤੋਂ ਅਧਿਕ ਹੋਵੇ ਤੇ ਜੋ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੋਵੇ ਅਤੇ ਨਿਰਧਾਰੀਤ ਟ੍ਰੇਨਿੰਗ ਪ੍ਰਾਪਤ ਕਰਨ ਲਈ ਇੱਛੁਕ ਹੋਵੇ। ਚੰਡੀਗੜ੍ਹ ਪ੍ਰਸ਼ਾਸਨ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੱਗੇ ਆਉਣ ਅਤੇ ਇਸ ਪਹਿਲ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਜਨਤਕ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਵਿੱਚ ਯੋਗਦਾਨ ਪਾਉਣ।

# 'ਟੀਬੀ ਮੁਕਤ ਭਾਰਤ' ਮੁਹਿੰਮ ਤਹਿਤ ਦੇ ਸਮੇਕਿਤ ਸਥਲਾਂ 'ਤੇ ਆਯੁਸ਼ਮਾਨ ਆਰੋਗਯ ਸ਼ਿਵਿਰ ਕਰਵਾਏ

ਚੰਡੀਗੜ੍ਹ, 6 ਮਈ (ਹਰਦੀਪ ਕੌਰ):



ਭਾਰਤ ਸਰਕਾਰ ਦੇ ਟੀਬੀ ਮੁਕਤ ਭਾਰਤ ਦੇ ਦ੍ਰਿਸ਼ਟੀਕੋਣ ਦੇ ਅਨੁਰੂਪ ਅਤੇ ਟੀਬੀ ਮੁਕਤ ਭਾਰਤ ਅਭਿਯਾਨ - 100 ਦਿਨਾਂ ਮੁਹਿੰਮ ...."ਗਾਓਂ ਗਾਓਂ, ਸ਼ਹਿਰ ਸ਼ਹਿਰ" ਦੇ ਤਹਿਤ, ਚੰਡੀਗੜ੍ਹ ਵਿੱਚ ਵਿਭਿੰਨ ਸਮੇਕਿਤ ਸਥਲਾਂ 'ਤੇ ਆਯੁਸ਼ਮਾਨ ਆਰੋਗਯ ਸ਼ਿਵਿਰਾਂ ਦੀ ਸੀਰੀਜ਼ ਦਾ ਸੁਵਿਵਸਥਿਤ ਆਯੋਜਨ ਕੀਤਾ ਗਿਆ।ਇਨ੍ਹਾਂ ਸ਼ਿਵਿਰਾਂ ਦੇ ਜ਼ਰੀਏ ਮੁਹਿੰਮ ਦੇ ਜਨ-ਜਾਗਰੂਕਤਾ ਸੰਦੇਸ਼ (ਆਊਟਰੀਚ ਥੀਮ), "Yes! We Can End TB.Led by Bharat. Powered by Janbhagidari." ਨੂੰ ਸਸ਼ਕਤ ਤੌਰ 'ਤੇ ਅੱਗੇ ਵਧਾਇਆ ਗਿਆ। ਇਹ ਪਹਿਲ 10/04/2026 ਤੋਂ 04/05/2026 ਤੱਕ ਬਿਰਧ ਆਸ਼ਰਮਾਂ, ਨਾਰੀ ਨਿਕੇਤਨ, ਸਨੇਹਾਲਿਆਂ ਅਤੇ ਗ੍ਰਿੱਡ (GRIID) ਜਿਹੀਆਂ ਸੰਸਥਾਵਾਂ ਵਿੱਚ ਰਹਿ ਰਹੇ ਸੰਵੇਦਨਸ਼ੀਲ ਅਤੇ ਉੱਚ-ਜੋਖਮ ਵਾਲੇ ਸਮੂਹਾਂ ਨੂੰ ਕਵਰ ਕਰਨ 'ਤੇ ਕੇਂਦ੍ਰਿਤ ਰਹੀ। ਇਨ੍ਹਾਂ ਸ਼ਿਵਿਰਾਂ ਦਾ ਉਦੇਸ਼ ਤਪਦਿਕ (ਟੀਬੀ) ਦੇ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਇਸ ਦੀ ਜਲਦੀ ਪਹਿਚਾਣ ਨੂੰ ਸੁਨਿਸ਼ਚਿਤ ਕਰਨਾ ਸੀ।

ਸ਼ਿਵਿਰਾਂ ਦੇ ਦੌਰਾਨ ਪ੍ਰਤੀਭਾਗੀਆਂ ਨੂੰ ਟੀਬੀ ਦੇ ਲੱਛਣਾਂ, ਇਸ ਦੇ ਪ੍ਰਸਾਰ ਦੇ ਤਰੀਕਿਆਂ ਤੇ ਭਾਰਤ ਸਰਕਾਰ ਦੁਆਰਾ ਉਪਲਬਧ ਕਰਵਾਈਆਂ ਜਾ ਰਹੀਆਂ ਮੁਫ਼ਤ ਜਾਂਚ ਅਤੇ ਇਲਾਜ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਨਾਲ ਹੀ, ਸਮਾਜਿਕ ਕਲੰਕ ਨੂੰ ਘਟਾਉਣ ਤੇ ਸਮੇਂ 'ਤੇ ਸਿਹਤ ਸੇਵਾਵਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਗਿਆ। ਉੱਨਤ ਡਾਇਗਨੌਸਟਿਕ ਟੂਲਸ ਦਾ ਉਪਯੋਗ ਕਰਦੇ ਹੋਏ, ਪੋਰਟੇਬਲ ਡਿਜੀਟਲ ਚੈਸਟ ਐਕਸ-ਰੇ ਯੂਨਿਟਾਂ ਦੇ ਜ਼ਰੀਏ ਸਾਇਟ 'ਤੇ ਹੀ ਸਕ੍ਰੀਨਿੰਗ ਕੀਤੀ ਗਈ, ਜਿਸ ਨਾਲ ਸੰਭਾਵਿਤ ਟੀਬੀ ਰੋਗੀਆਂ ਜਲਦੀ ਪਹਿਚਾਣ ਸੰਭਵ ਹੋ ਸਕੀ। ਸਕ੍ਰੀਨਿੰਗ ਦੌਰਾਨ ਸ਼ਨਾਖ਼ਤ ਕੀਤੇ ਗਏ ਵਿਅਕਤੀਆਂ ਦਾ ਅੱਗੇ ਟੈਸਟ ਕਾਰਟ੍ਰਿਜ-ਅਧਾਰਿਤ ਨਿਊਕਲੀਇਕ ਐਸਿਡ ਐਂਪਲੀਫਿਕੇਸ਼ਨ ਟੈਸਟ (ਸੀਬੀਐੱਨਏਏਟੀ/CBNAAT) ਟੈਕਨੋਲੋਜੀ ਦੁਆਰਾ ਕੀਤਾ ਗਿਆ, ਜਿਸ ਨਾਲ ਉੱਚ ਸਟੀਕਤਾ ਦੇ ਨਾਲ ਰੋਗੀ ਦੀ ਜਲਦੀ ਪੁਸ਼ਟੀ ਸੁਨਿਸ਼ਚਿਤ ਹੋਈ। ਇਸ ਸਮੇਕਿਤ ਡਾਇਗਨੌਸਟਿਕ ਪ੍ਰਣਾਲੀ ਦੇ ਜ਼ਰੀਏ ਮਰੀਜ਼ਾਂ ਨੂੰ ਰਾਸ਼ਟਰੀ ਟੀਬੀ ਖ਼ਾਤਮੇ ਪ੍ਰੋਗਰਾਮ (ਐੱਨਟੀਈਪੀ/NTEP) ਦੇ ਤਹਿਤ ਤੇਜ਼ ਇਲਾਜ ਸੇਵਾਵਾਂ ਨਾਲ ਜੋੜਿਆ ਗਿਆ।

ਸਕ੍ਰੀਨਿੰਗ ਦੀਆਂ ਪ੍ਰਮੁੱਖ ਉਪਲਬਧੀਆਂ : ਕੁੱਲ ਚੈਸਟ ਐਕਸ-ਰੇ: 789, ਕੁੱਲ ਕਾਰਟ੍ਰਿਜ-ਅਧਾਰਿਤ ਨਿਊਕਲੀਇਕ ਐਸਿਡ ਐਂਪਲੀਫਿਕੇਸ਼ਨ ਟੈਸਟ (ਸੀਬੀਐੱਨਏਏਟੀ/CBNAAT) ਟੈਸਟ: 86, ਇਹ ਨਿਰੰਤਰ ਪ੍ਰਯਾਸ ਚੰਡੀਗੜ੍ਹ ਦੀ ਟੀਬੀ ਦੇ ਖ਼ਾਤਮੇ ਦੇ ਪ੍ਰਤੀ ਦ੍ਰਿੜ੍ਹ ਪ੍ਰਤੀਬੱਧਤਾ ਨੂੰ ਦਰਸਾਉਂਦੇ ਹਨ, ਜਿਨ੍ਹਾਂ ਵਿੱਚ ਜਲਦੀ ਪਹਿਚਾਣ, ਮੁਫ਼ਤ ਜਾਂਚ ਤੇ ਇਲਾਜ ਦੀ ਸਰਬਵਿਆਪਕ ਪਹੁੰਚ ਤੇ ਸਮੁਦਾਇ ਦੀ ਸਰਗਰਮ ਭਾਗੀਦਾਰੀ (ਜਨਭਾਗੀਦਾਰੀ) ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਹ ਮੁਹਿੰਮ ਦੇਸ਼ ਦੇ ਟੀਬੀ ਖ਼ਾਤਮੇ ਦੇ ਲਕਸ਼ ਨੂੰ ਪ੍ਰਾਪਤ ਕਰਨ ਅਤੇ ਜਨ ਸਿਹਤ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ।

## ਗੁਰਦੁਆਰਾ ਸਿੰਘ ਸਭਾ ਕਾਲਕਾ ਜੀ ਵਿਖੇ ਕੀਰਤਨ ਸਮਾਗਮ 8 ਤੇ 9 ਨੂੰ

ਨਵੀਂ ਦਿੱਲੀ, 6 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ, ਬੀ ਬਲਾਕ ਕਾਲਕਾ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭੁਝੰਗੀ ਜਥੇ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਸਲਾਨਾ ਕੀਰਤਨ ਸਮਾਗਮ ਕਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਤੇ ਰੂਹਾਨੀ ਸੁਖ ਦੀ ਅਨੁਭੂਤੀ ਕਰਵਾਉਣ ਦਾ ਅਹਿਮ ਮਾਧਿਅਮ ਹੈ। ਇਸ ਮੌਕੇ ਪੰਥ ਦੇ ਪ੍ਰਸਿੱਧ ਤੇ ਮੰਨੇ-ਪ੍ਰਮੰਨੇ ਰਾਗੀ ਜਥੇ ਸ਼ਮੂਲੀਅਤ ਕਰਦੇ ਹੋਏ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਕਾਲਕਾ ਨੇ ਹੋਰ ਦੱਸਿਆ ਕਿ ਇਹ ਵਿਸ਼ੇਸ਼ ਕੀਰਤਨ ਸਮਾਗਮ 8 ਤੇ 9 ਮਈ ਨੂੰ ਸ਼ਾਮ 7 ਵਜੇ ਤੋਂ ਰਾਤ 12 ਵਜੇ ਤੱਕ ਕਰਵਾਏ ਜਾਣਗੇ, ਜਿਸ ਵਿੱਚ ਨੌਜਵਾਨ ਸੇਵਾਦਾਰ ਵੀ ਬੜੇ ਉਤਸ਼ਾਹ ਤੇ ਸਮਰਪਣ ਨਾਲ ਆਪਣੀਆਂ ਸੇਵਾਵਾਂ ਨਿਭਾਉਣਗੇ।

ਉਨ੍ਹਾਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਦੇ ਦਰਸ਼ਨ ਕਰਕੇ ਆਪਣੇ ਜੀਵਨ ਨੂੰ ਗੁਰਬਾਣੀ ਦੇ ਅਨਮੋਲ ਉਪਦੇਸ਼ਾਂ ਨਾਲ ਜੋੜਨ ਤੇ ਗੁਰੂ ਦੀ ਓਟ-ਆਸਰਾ ਪ੍ਰਾਪਤ ਕਰਨ ਦਾ ਲਾਭ ਲੈਣ। ਇਹ ਸਮਾਗਮ ਨਿਸ਼ਚਿਤ ਤੌਰ 'ਤੇ ਸੰਗਤਾਂ ਲਈ ਆਤਮਕ ਉਤਸ਼ਾਹ, ਸ਼ਾਂਤੀ ਤੇ ਚੜ੍ਹਦੀਕਲਾ ਦਾ ਸਰੋਤ ਸਾਬਤ ਹੋਵੇਗਾ।

# ਯੂ.ਆਈ.ਡੀ.ਏ.ਆਈ. ਨੇ ਪੰਜਾਬ ਵਿੱਚ ਆਧਾਰ ਸੇਵਾਵਾਂ ਵਧਾਈਆਂ

ਚੰਡੀਗੜ੍ਹ, 6 ਮਈ (ਹਰਦੀਪ ਕੌਰ): ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਜਲੰਧਰ ਵਿੱਚ ਨਵੇਂ ਆਧਾਰ ਸੇਵਾ ਕੇਂਦਰਾਂ (ਏਐੱਸਕੇ) ਸ਼ੁਰੂ ਕਰਕੇ, ਭਾਰਤੀ ਵਿਲੱਖਣ ਪਛਾਣ ਅਥਾਰਿਟੀ (ਯੂਆਈਡੀਏਆਈ), ਖੇਤਰੀ ਦਫ਼ਤਰ ਚੰਡੀਗੜ੍ਹ ਨੇ ਪੰਜਾਬ ਵਿੱਚ ਸਰਵਿਸ ਡਿਲੀਵਰੀ ਨੈੱਟਵਰਕ ਨੂੰ ਮਜ਼ਬੂਤ ਕੀਤਾ ਹੈ। ਇਹ ਨਵੇਂ ਆਧਾਰ ਸੇਵਾ ਕੇਂਦਰ ਨਾਗਰਿਕ ਸੁਵਿਧਾ ਵਧਾਉਣ ਤੇ ਆਧਾਰ ਸਬੰਧੀ ਸੇਵਾਵਾਂ ਦੀ ਸਹਿਜ ਵੰਡ ਨੂੰ ਯਕੀਨੀ ਬਣਾਉਣ ਲਈ ਹਨ। ਨਿਵਾਸੀ ਆਧਾਰ ਨਾਮਾਂਕਣ, ਨਾਮ, ਪਤਾ ਤੇ ਜਨਮ ਮਿਤੀ ਵਰਗੇ ਲੋਕ-ਗਿਣਤੀ ਵੇਰਵਿਆਂ ਦੇ ਅਪਡੇਟ ਦੇ ਨਾਲ-ਨਾਲ ਬਾਇਓਮੈਟ੍ਰਿਕ ਅਪਡੇਟ ਵਧੇਰੇ ਬਿਹਤਰ ਤੇ ਅਸਾਨ ਤਰੀਕੇ ਨਾਲ ਪ੍ਰਾਪਤ ਕਰ ਸਕਦੇ ਹਨ।

ਇਨ੍ਹਾਂ ਕੇਂਦਰਾਂ ਦੇ ਜੁੜਨ ਨਾਲ ਯੂਆਈਡੀਏਆਈ ਨਿਵਾਸੀਆਂ, ਖਾਸ ਕਰਕੇ ਨਜ਼ਦੀਕੀ ਇਲਾਕਿਆਂ ਤੇ ਪੇਂਡੂ ਖੇਤਰਾਂ ਦੇ ਲੋਕਾਂ ਲਈ ਪਹੁੰਚ ਸੁਧਾਰਣ ਤੇ ਯਾਤਰਾ ਸਮਾਂ ਘਟਾਉਣ ਦੀ ਪ੍ਰਤੀਬੱਧਤਾ ਜਾਰੀ ਰੱਖੀ ਹੋਈ ਹੈ। ਕੇਂਦਰ ਆਧੁਨਿਕ ਬੁਨਿਆਦੀ ਢਾਂਚਾ, ਸਿਖਲਾਈ ਪ੍ਰਾਪਤ ਸਟਾਫ ਤੇ ਸੁਚਾਰੂ ਪ੍ਰਕਿਰਿਆਵਾਂ ਨਾਲ ਲੈਸ ਹਨ ਤਾਂ ਜੋ ਨਵਾਂ ਉਡੀਕ ਦਾ ਸਮਾਂ ਤੇ ਸਰਲ ਸੇਵਾ ਅਨੁਭਵ ਯਕੀਨੀ ਬਣਾਇਆ ਜਾ ਸਕੇ।

ਇਹਨਾਂ ASKs ਦੀ ਸਥਾਪਨਾ ਨਾਲ ਇੱਕ ਮਿਆਰੀ ਤੇ ਨਾਗਰਿਕ-ਅਨੁਕੂਲ ਵਾਤਾਵਰਣ ਪੈਦਾ ਕਰਕੇ, ਮੌਜੂਦਾ ਕੇਂਦਰਾਂ 'ਤੇ ਭੀੜ-ਭੜੱਕੇ ਨੂੰ ਘਟਾ ਕੇ, ਅਤੇ ਬੇਨਤੀਆਂ ਦੀ ਤੇਜ਼ ਪ੍ਰਕਿਰਿਆ ਨੂੰ ਯਕੀਨੀ ਬਣਾ ਕੇ ਸੇਵਾ ਪ੍ਰਦਾਨ ਕਰਨ ਦੀ ਸਮੁੱਚੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਹੋਣ ਦੀ ਉਮੀਦ ਹੈ। ਇਹ ਆਧਾਰ ਸੇਵਾਵਾਂ ਦੀ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਨੂੰ ਵੀ ਵਧਾਏਗਾ।ਇਸ ਤੋਂ ਇਲਾਵਾ, ਇਹ ਕੇਂਦਰ ਬਜ਼ੁਰਗ ਨਾਗਰਿਕਾਂ, ਔਰਤਾਂ ਅਤੇ ਦਿਵਯਾਂਗਜਨਾਂ ਵਿਅਕਤੀਆਂ ਸਮੇਤ ਸਮਾਜ ਦੇ ਸਾਰੇ ਵਰਗਾਂ ਲਈ ਆਧਾਰ ਸੇਵਾਵਾਂ ਨੂੰ ਅਸਾਨੀ ਨਾਲ ਪਹੁੰਚਯੋਗ ਬਣਾ ਕੇ ਵਧੇਰੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਗੇ। ਬਿਹਤਰ ਪਹੁੰਚਯੋਗਤਾ ਵਧੇਰੇ ਨਿਵਾਸੀਆਂ ਨੂੰ ਆਪਣੇ ਆਧਾਰ ਵੇਰਵਿਆਂ ਨੂੰ ਅਪਡੇਟ ਰੱਖਣ ਲਈ ਉਤਸ਼ਾਹਿਤ ਕਰੇਗੀ, ਜਿਸ ਨਾਲ ਵੱਖ-ਵੱਖ ਸਰਕਾਰੀ ਅਤੇ ਵਿੱਤੀ ਸੇਵਾਵਾਂ ਤੱਕ ਬਿਹਤਰ ਪਹੁੰਚ ਸੰਭਵ ਹੋਵੇਗੀ।

ਯੂਆਈਡੀਏਆਈ ਪੰਜਾਬ ਦੇ ਨਿਵਾਸੀਆਂ ਨੂੰ ਆਪਣੀਆਂ ਨਾਮਾਂਕਣ ਅਤੇ ਅਪਡੇਟ ਸਬੰਧੀ ਲੋੜਾਂ ਲਈ ਇਨ੍ਹਾਂ ਆਧਾਰ ਸੇਵਾ ਕੇਂਦਰਾਂ ਦਾ ਉਪਯੋਗ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਵੈਧ ਸਹਾਇਕ ਦਸਤਾਵੇਜ਼ ਰੱਖਣ ਤੇ ਵਧੇਰੇ ਸੁਵਿਧਾ ਲਈ ਉਹ ਔਨਲਾਈਨ ਬੁਕਿੰਗ ਵੀ ਬੁੱਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ, ਨਿਵਾਸੀ ਯੂਆਈਡੀਏਆਈ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਸਕਦੇ ਹਨ ਜਾਂ ਆਪਣੇ ਨਜ਼ਦੀਕੀ ਆਧਾਰ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ।

## ਪੰਜਾਬ ਸਰਕਾਰ ਵੱਲੋਂ ਦੋ ਜ਼ਿਲ੍ਹਿਆਂ ਦੇ ਡੀ.ਸੀ. ਤੇ ਚਾਰ ਐੱਸ.ਐੱਸ.ਪੀ. ਤਬਦੀਲ

ਚੰਡੀਗੜ੍ਹ, 6 ਮਈ (ਚ.ਨ.ਸ.): ਪੰਜਾਬ ਸਰਕਾਰ ਨੇ ਅੱਜ ਇੱਕ ਵੱਡਾ ਪ੍ਰਸ਼ਾਸਨਿਕ ਫੇਰਬਦਲ ਕਰਦਿਆਂ ਸੂਬੇ ਦੇ ਦੋ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ (ਡੀ.ਸੀ.) ਤੇ ਚਾਰ ਜ਼ਿਲ੍ਹਿਆਂ ਦੇ ਸੀਨੀਅਰ ਕਪਤਾਨ ਪੁਲਿਸ (ਐੱਸ.ਐੱਸ.ਪੀ.) ਦੇ ਤਬਾਦਲੇ ਕਰ ਦਿੱਤੇ ਹਨ। ਸਰਕਾਰ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਹੁਕਮਾਂ ਅਨੁਸਾਰ, ਸੰਗਰੂਰ ਤੇ ਫ਼ਰੀਦਕੋਟ ਜ਼ਿਲ੍ਹਿਆਂ ਵਿੱਚ ਨਵੇਂ ਡਿਪਟੀ ਕਮਿਸ਼ਨਰ ਤਾਇਨਾਤ ਕੀਤੇ ਗਏ ਹਨ, ਜਦੋਂਕਿ ਕਈ ਪੁਲੀਸ ਅਧਿਕਾਰੀਆਂ ਨੂੰ ਇਧਰੋਂ-ਉਧਰ ਕਰਕੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਰਕਾਰੀ ਸੂਚੀ ਮੁਤਾਬਕ, ਹੁਣ ਪੂਨਮਦੀਪ ਕੌਰ ਨੂੰ ਸੰਗਰੂਰ ਦਾ ਨਵਾਂ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ, ਜਦੋਂਕਿ ਰਾਹੁਲ ਚਾਬਾ ਫ਼ਰੀਦਕੋਟ ਦੇ ਨਵੇਂ ਡੀਸੀ ਵਜੋਂ ਕਾਰਜਭਾਰ ਸੰਭਾਲਣਗੇ। ਇਹ ਤਬਾਦਲੇ ਪ੍ਰਸ਼ਾਸਨਿਕ ਕੰਮਕਾਜ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਤੇਜ਼ੀ ਲਿਆਉਣ ਦੇ ਮਕਸਦ ਨਾਲ ਕੀਤੇ ਗਏ ਦੱਸੇ ਜਾ ਰਹੇ ਹਨ। ਪੁਲੀਸ ਪ੍ਰਸ਼ਾਸਨ ਵਿੱਚ ਕੀਤੇ ਗਏ ਫੇਰਬਦਲ ਤਹਿਤ ਸੰਗਰੂਰ, ਮੋਗਾ, ਮਲੇਰਕੋਟਲਾ ਅਤੇ ਫਾਜ਼ਿਲਕਾ ਦੇ ਐੱਸ.ਐੱਸ.ਪੀ. ਬਦਲੇ ਗਏ ਹਨ। ਨਵੀਂ ਸੂਚੀ ਅਨੁਸਾਰ ਰਵਜੋਤ ਗਰੇਵਾਲ ਨੂੰ ਸੰਗਰੂਰ, ਸਿਰਤਾਜ ਸਿੰਘ ਚਾਹਲ ਨੂੰ ਮੋਗਾ, ਗਗਨ ਅਜੀਤ ਸਿੰਘ ਨੂੰ ਫਾਜ਼ਿਲਕਾ ਅਤੇ ਗੁਰਮੀਤ ਸਿੰਘ ਨੂੰ ਮਲੇਰਕੋਟਲਾ ਦਾ ਨਵਾਂ ਐੱਸ.ਐੱਸ.ਪੀ. ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਕਈ ਜ਼ਿਲ੍ਹਿਆਂ ਵਿੱਚ ਪੁਲੀਸ ਮੁਖੀਆਂ ਦੀ ਅਦਲਾ-ਬਦਲੀ ਕੀਤੀ ਗਈ ਹੈ ਤਾਂ ਜੋ ਜ਼ਿਲ੍ਹਾ ਪੱਧਰ 'ਤੇ ਪੁਲੀਸ ਪ੍ਰਬੰਧਾਂ ਨੂੰ ਨਵੀਂ ਸੇਧ ਦਿੱਤੀ ਜਾ ਸਕੇ। ਸਰਕਾਰ ਦੇ ਇਨ੍ਹਾਂ ਹੁਕਮਾਂ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਵੱਲੋਂ ਝੋਨੇ/ਬਾਸਮਤੀ ਦੀਆਂ ਗ਼ੈਰ-ਪ੍ਰਮਾਣਿਤ ਕਿਸਮਾਂ ਦੇ ਝੂਠੇ ਪ੍ਰਚਾਰ ਤੋਂ ਬਚਣ ਦੀ ਸਲਾਹ

ਚੰਡੀਗੜ੍ਹ, 6 ਮਈ (ਚ.ਨ.ਸ.): ਪੰਜਾਬ ਰਾਜ ਦੀ ਝੋਨਾ ਸਾਉਣੀ ਰੁੱਤ ਦੀ ਮੁੱਖ ਫਸਲ ਹੈ। ਰਾਜ ਦੇ ਕੁੱਲ ਵਾਹੀਯੋਗ ਰਕਬੇ 41.50 ਲੱਖ ਹੈਕਟੇਅਰ ਵਿਚੋਂ ਲੱਗਭਗ 32 ਲੱਖ ਹੈਕਟੇਅਰ ਰਕਬੇ 'ਤੇ ਝੋਨਾ/ਬਾਸਮਤੀ ਦੀ ਬਿਜਾਈ ਕੀਤੀ ਜਾਂਦੀ ਹੈ, ਪਰ ਇਸ ਬਿਜਾਈ ਤੋਂ ਪਹਿਲਾਂ ਕੁੱਝ ਨਿੱਜੀ ਵਿਕਰੇਤਾਵਾਂ, ਬੀਜ ਪੈਦਾ ਕਰਨ ਵਾਲੀਆਂ ਕੰਪਨੀਆਂ, ਸੋਸ਼ਲ ਮੀਡੀਆ ਰਾਹੀਂ ਵਲੋਗਰਾਂ ਵੱਲੋਂ ਝੋਨੇ/ਬਾਸਮਤੀ ਦੀਆਂ ਕਿਸਮਾਂ ਦੇ ਬਹੁਤ ਜਿਆਦਾ ਝਾੜ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ ਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹਨਾਂ ਕਿਸਮਾਂ ਨੂੰ ਕੀੜੇ/ਬਿਮਾਰੀਆਂ ਨਹੀਂ ਲੱਗਦੇ। ਇਸ ਸਬੰਧੀ ਡਾਇਰੈਕਟਰ ਖੇਤੀਬਾੜੀ ਡਾ. ਗੁਰਜੀਤ ਸਿੰਘ ਬਰਾੜ ਵੱਲੋਂ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਇਹਨਾਂ ਝੂਠੇ ਪ੍ਰਚਾਰ ਕਰਨ ਵਾਲੇ ਅਨਸਰਾਂ ਦੀਆਂ ਝੂਠੀਆਂ ਗੱਲਾਂ 'ਤੇ ਅਮਲ ਨਾ ਕਰਨ, ਸਗੋਂ ਪੀ.ਏ.ਯੂ ਵੱਲੋਂ ਸਿਫਾਰਸ਼ ਕੀਤੀਆਂ ਕਿਸਮਾਂ ਦੇ ਪ੍ਰਮਾਣਿਤ ਬੀਜ ਕਿਸੇ ਪ੍ਰਮਾਣਿਤ ਅਦਾਰੇ ਤੋਂ ਹੀ ਪ੍ਰਾਪਤ ਕਰਨ ਤੇ ਇਹਨਾਂ ਦੀ ਖਰੀਦ ਦੇ ਪੱਕੇ ਬਿੱਲ/ਰਸੀਦ ਵੀ ਜਰੂਰ ਲੈਣ। ਡਾ. ਬਰਾੜ ਨੇ ਕਿਹਾ ਕਿ ਕਿਸਾਨ ਆਪਣੇ ਖੇਤਾਂ ਦੀ ਮਿੱਟੀ ਟੈਸਟ ਰਿਪੋਰਟਾਂ ਤੇ ਮੌਸਮੀ ਹਾਲਤਾਂ ਅਨੁਸਾਰ ਘੱਟ ਸਮਾਂ ਲੈਣ ਵਾਲੀਆਂ ਤੇ ਘੱਟ ਖਰਚੇ ਦੇ ਵੱਧ ਪੈਦਾਵਾਰ ਦੇਣ ਵਾਲੀਆਂ ਕਿਸਮਾਂ ਦੀ ਬਿਜਾਈ ਹੀ ਕਰਨ। ਉਹਨਾਂ ਕਿਹਾ ਕਿ ਵੱਧ ਝਾੜ ਦੇ ਨਾਲ-2 ਚੌਲ ਦੀ ਚੰਗੀ ਗੁਣਵੱਤਾ ਵਾਲੀ ਕਿਸਮਾਂ ਦੀ ਚੋਣ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਵਿਕਰੀ ਸਮੇਂ ਵੀ ਮੰਡੀਆਂ 'ਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਸੋ ਉਨ੍ਹਾਂ ਗੁਮਰਾਹ-ਕੁੰਨ ਪ੍ਰਚਾਰ ਕਰਨ ਵਾਲੇ ਅਨਸਰਾਂ ਤੋਂ ਸੁਚੇਤ ਰਹਿਣ ਅਤੇ ਆਪਣੇ ਨਜ਼ਦੀਕੀ ਵਿਭਾਗ ਦੇ ਖੇਤੀਬਾੜੀ ਮਾਹਿਰ ਨਾਲ ਸਲਾਹ-ਮਸ਼ਵਰਾ ਕਰਕੇ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਜਾਂ ਪਨੀਰੀ ਦੀ ਬਿਜਾਈ ਲਈ ਕਿਸਮਾਂ ਦੀ ਬਿਜਾਈ ਕਰਨ ਤੇ ਸਿਫਾਰਸ਼ਾਂ ਨੂੰ ਨਜ਼ਰ ਅੰਦਾਜ ਨਾ ਕਰਨ। ਇਸ ਤੋਂ ਇਲਾਵਾ ਪੰਜਾਬ ਰਾਜ ਦੇ ਸਮੂਹ ਬੀਜ ਡੀਲਰਾਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਕਿਸਾਨਾਂ ਨੂੰ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪ੍ਰਮਾਣਿਤ ਕਿਸਮਾਂ ਦਾ ਹੀ ਬੀਜ ਮੁਹੱਈਆ ਕਰਵਾਇਆ ਜਾਵੇ ਤੇ ਇਸਦਾ ਪੱਕਾ ਬਿੱਲ ਜਰੂਰ ਦਿੱਤਾ ਜਾਵੇ। ਵਿਭਾਗ ਵੱਲੋਂ ਕੀਤੀ ਜਾਂਦੀ ਅਚਨਚੇਤ ਚੈਕਿੰਗ ਦੌਰਾਨ ਡੀਲਰ ਵੱਲੋਂ ਕਿਸਾਨਾਂ ਨੂੰ ਗੈਰ-ਪ੍ਰਮਾਣਿਤ ਬੀਜ ਮੁਹੱਈਆ ਕਰਵਾਇਆ ਪਾਇਆ ਗਿਆ ਤਾਂ ਉਸ ਵਿਰੁੱਧ ਸੀਡ ਐਕਟ1966, ਰੂਲਜ਼ 1968 ਤੇ ਸੀਡ ਕੰਟਰੋਲ ਆਰਡਰ 1983 ਅਧੀਨ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। **ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।**
PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**
**PRGI (RNI) Regd. No. 22972/1972**

# ਵਿਧਾਇਕ ਕੁਲਵੰਤ ਸਿੰਘ ਨੇ ਵਿਕਾਸ ਕਾਰਜਾਂ ਲਈ ਦਿੱਤੇ ਪੰਚਾਇਤਾਂ ਨੂੰ ਇੱਕ ਕਰੋੜ 88 ਲੱਖ ਦੇ ਚੈੱਕ

ਮੋਹਾਲੀ, 6 ਮਈ (ਹਰਦੀਪ ਕੌਰ): ਵਿਧਾਇਕ ਕੁਲਵੰਤ ਸਿੰਘ ਵੱਲੋਂ "ਮੁੱਖ ਮੰਤਰੀ ਰੰਗਲਾ ਪੰਜਾਬ" ਮੁਹਿੰਮ ਦੇ ਤਹਿਤ ਹਲਕੇ ਵਿਚਲੇ ਪਿੰਡਾਂ ਦੇ ਵਿਕਾਸ ਲਈ ਇਕ ਕਰੋੜ 88 ਲੱਖ ਰੁਪਏ ਦੇ ਚੈੱਕ ਸਬੰਧਿਤ ਪਿੰਡਾਂ ਦੀਆਂ ਪੰਚਾਇਤਾਂ ਨੂੰ ਸਪੁਰਦ ਕੀਤੇ, ਵਿਧਾਇਕ ਕੁਲਵੰਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿੰਡ ਬਹਿਲੋਲਪੁਰ ਕਰੋਂਦੇ ਵਾਲੇ ਪੀਰ ਰਸਤੇ ਤੇ ਸੋਲਰ ਲਾਈਟਾਂ ਲਗਾਉਣ ਬਾਰੇ ਅਤੇ ਇਸ ਰਸਤੇ ਨੂੰ ਪੱਕਾ ਕਰਨ ਲਈ 5 ਲੱਖ ਰੁਪਏ , ਪਿੰਡ ਸੈਦਪੁਰ ਸਟਰੀਟ ਲਾਈਟਾਂ ਲਗਾਉਣ ਲਈ 3 ਲੱਖ , ਰਾਏਪੁਰ ਕਲਾ ਗਲੀਆਂ- ਨਾਲੀਆਂ ਦੀ ਉਹ ਸਾਰੀਆਂ ਲਈ 5 ਲੱਖ , ਪਿੰਡ ਧੀਰਪੁਰ ਸਟਰੀਟ ਲਾਈਟਾਂ ਲਗਾਉਣ ਲਈ 2 ਲੱਖ ਰੁਪਏ , ਝਊਰਹੇੜੀ ਪਿੰਡ ਦੇ ਨਾਲੇ ਤੇ ਸਲੇਬਾ ਰੱਖਣ ਪੂਲੀਆ ਬਣਾਉਣ ਲਈ ਅਤੇ ਸਟਰੀਟ ਲਾਈਟਾਂ ਲਗਾਉਣ ਲਈ 4 ਲੱਖ , ਪਿੰਡ ਜੁਝਾਰ ਨਗਰ ਸਟਰੀਟ ਲਾਈਟਾਂ ਲਗਾਉਣ ਲਈ 7 ਲੱਖ ਰੁਪਏ , ਪਿੰਡ ਕੁਰੜਾ ਪੰਚਾਇਤ ਘਰ ਲਈ 5 ਲੱਖ ਰੁਪਏ ,ਪਿੰਡ ਕੰਡਾਲਾ ਵਾਲਾ ਖੇਡ ਮੈਦਾਨ ਵਿੱਚ ਮਿੱਟੀ ਪਾਉਣ ਦੇ ਲਈ 4 ਲੱਖ , ਮਾਣਕਪੁਰ ਕਲਰ ਪਿੰਡ ਦੀ ਐਂਟਰੀ ਤੋਂ ਲੈ ਕੇ ਗੁਰਦੁਆਰਾ ਸਾਹਿਬ ਬਰਮਾ ਤੇ ਪੇਵਲ ਬਲਾਕ ਲਗਾਉਣ ਲਈ 4 ਲੱਖ ਰੁਪਏ, ਪਿੰਡ ਪੱਤੋ ਸਟਰੀਟ ਲਾਈਟਾ ਲਗਾਉਣ ਲਈ 3 ਲੱਖ ਰੁਪਏ , ਪਿੰਡ ਮਨੌਲੀ ਸਟਰੀਟ ਲਾਈਟਾਂ ਲਗਾਉਣ ਲਈ 4 ਲੱਖ ਰੁਪਏ, ਪਿੰਡ ਮਟਰਾ ਸਟੇਟ ਲਾਈਟਾਂ ਲਗਾਉਣ ਲਈ 2 ਲੱਖ ਰੁਪਏ, ਪਿੰਡ ਮਨਾਣਾ ਸਰਕਾਰੀ ਪ੍ਰਾਇਮਰੀ ਸਕੂਲ ਦੇ 'ਚ ਕਮਰੇ ਬਣਾਉਣ ਦੇ ਲਈ 7 ਲੱਖ ਰੁਪਏ ਪਿੰਡ ਬੜ ਮਾਜਰਾ ਅੰਗੜਵਾੜੀ ਸੈਂਟਰ ਦੇ ਵਿੱਚ ਇੱਕ ਨਵਾਂ ਕਮਰਾ ਬਣਾਉਣ ਤੇ ਰਿਪੇਅਰਿੰਗ ਦੇ ਕੰਮ ਦੁਖ ਕਰਾਉਣ ਦੇ ਲਈ 4 ਲੱਖ ਰੁਪਏ ਪਿੰਡ ਬੜਮਾਜਰਾ ਸ਼ਮਸ਼ਾਨ ਘਾਟ ਦੀ ਉਸਾਰੀ ਲਈ 5 ਲੱਖ, ਪਿੰਡ ਸ਼ਿਆਮਪੁਰ ਜਨਰਲ ਧਰਮਸ਼ਾਲਾ ਦੇ ਵਿੱਚ ਇੱਕ ਕਮਰਾ ਬਣਾਉਣ ਦੇ ਲਈ 3 ਲੱਖ ਰੁਪਏ, ਪਿੰਡ ਸੈਣੀ ਮਾਜਰਾ ਕਮਿਊਨਿਟੀ ਸੈਂਟਰ ਦੇ ਵਿੱਚ ਬਣੇ ਸ਼ੈਡ ਦੇ ਕੰਮ ਨੂੰ ਪੂਰਾ ਕਰਾਉਣ ਦੇ ਲਈ 3 ਲੱਖ ਰੁਪਏ, ਪਿੰਡ ਰਾਏਪੁਰ ਖੁਰਦ ਆਂਗਨਵਾੜੀ ਸੈਂਟਰ ਦੀ ਉਸਾਰੀ ਲਈ 4 ਲੱਖ ਰੁਪਏ , ਪਿੰਡ ਗੋਬਿੰਦਗੜ੍ਹ ਸਟਰੀਟ ਲਾਈਟਾਂ ਲਗਾਉਣ ਦੇ ਲਈ ਤੇ ਪਿੰਡਾਂ ਦੇ ਮੋੜਾਂ ਤੇ ਕਨਕੇਵ ਮਿਰਰ ਲਗਾਉਣ ਦੇ ਲਈ 4 ਲੱਖ ਰੁਪਏ , ਪਿੰਡ ਅਲੀਪੁਰ ਬਰਸਾਤੀ ਪਾਣੀ ਦੀ ਨਿਕਾਸੀ ਦੇ ਲਈ 7 ਲੱਖ ਰੁਪਏ, ਪਿੰਡ ਗਿੱਦੜਪੁਰ ਮਾਸਟਰ ਨਾਜਰ ਸਿੰਘ ਵਾਲੀ ਗਲੀ ਦੇ ਕੰਮ ਦੇ ਲਈ 6 ਲੱਖ ਰੁਪਏ ਇਹ ਸ਼ਾਮਿਲ ਹਨ, ਵਿਧਾਇਕ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਇਸ ਦੇ ਨਾਲ ਹੀ 31 ਜਰੂਰਤਮੰਦ ਪਰਿਵਾਰਾਂ ਨੂੰ 62 ਲੱਖ ਰੁਪਏ ਦੀ ਰਾਸ਼ੀ ਵੀ ਅੱਜ ਜਾਰੀ ਕੀਤੀ ਗਈ, ਇਹ ਰਾਸ਼ੀ 2 ਲੱਖ ਰੁਪਏ ਪ੍ਰਤੀ ਘਰ ਦਿੱਤੇ ਗਏ ਤਾਂ ਕਿ ਉਹ ਆਪਣੇ ਮਕਾਨਾਂ ਦੀ ਰਿਪੇਅਰ ਕਰ ਸਕਣ ਅਤੇ ਜਿਹੜੇ ਮਕਾਨ ਡਿੱਗ ਚੁੱਕੇ ਹਨ , ਉਨ੍ਹਾਂ ਦੀ ਦੁਬਾਰਾ ਉਸਾਰੀ ਕੀਤੀ ਜਾ ਸਕੇ, ਇਸ ਮੌਕੇ ਤੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਰੰਗਲਾ ਪੰਜਾਬ ਮੁਹਿੰਮ ਦੇ ਤਹਿਤ ਇਸ ਤੋਂ ਪਹਿਲਾਂ ਵੀ ਢਾਈ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਸੀ ਤੇ ਇਹ ਸਿਲਸਿਲਾ ਇੱਥੇ ਹੀ ਖਤਮ ਨਹੀਂ ਹੋ ਗਿਆ ਤੇ ਆਉਣ ਵਾਲੇ ਕੁਝ ਦਿਨਾਂ 'ਚ ਕਰੋੜਾਂ ਰੁਪਏ ਦੀ ਰਾਸ਼ੀ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਜਾਰੀ ਕੀਤੀ ਜਾ ਰਹੀ ਹੈ, ਤਾਂ ਕਿ ਹਲਕੇ ਦੇ ਪਿੰਡਾਂ ਦਾ ਸਹੀ ਮਾਇਨੇ 'ਚ ਵਿਕਾਸ ਹੋ ਸਕੇ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਦੀ ਸਰਕਾਰ ਵੱਲੋਂ ਸਿਰਫ ਗੱਲਾਂ ਨਾਲ ਡੰਗ ਨਹੀਂ ਟਪਾਇਆ ਜਾਂਦਾ ਸਗੋਂ ਸਕੀਮਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਂਦਾ ਹੈ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਵਤਾਰ ਸਿੰਘ ਮੌਲੀ, ਗੁਰਪ੍ਰੀਤ ਸਿੰਘ ਬਰਿਆਲੀ, ਸਤਨਾਮ ਸਿੰਘ ਸਰਪੰਚ, ਜਗਜੀਤ ਸਿੰਘ ਸਰਪੰਚ, ਤਰਲੋਚਨ ਸਿੰਘ ਸਰਪੰਚ, ਗੁਰਨਾਮ ਸਿੰਘ ਸਰਪੰਚ, ਗੁਰਪ੍ਰੀਤ ਸਿੰਘ ਸਰਪੰਚ ਮਾਣਕਮਾਜਰਾ, ਸੰਦੀਪ ਕੌਰ ਸਰਪੰਚ, ਗੁਰਜੰਟ ਸਿੰਘ ਸਰਪੰਚ, ਨਰਿੰਦਰ ਸਿੰਘ ਸਰਪੰਚ, ਲਖਮੀਰ ਸਿੰਘ ਸਰਪੰਚ, ਗੁਰਜੰਟ ਸਿੰਘ ਸਰਪੰਚ, ਕਮਰਜੀਤ ਕੁਮਾਰ ਬਿੱਟੂ ਸਰਪੰਚ, ਗੁਰਪ੍ਰੀਤ ਸਿੰਘ ਕੁਰੜਾ, ਰਵਿੰਦਰ ਸਿੰਘ ਸਰਪੰਚ, ਕੁਲਵੀਰ ਸਿੰਘ ਸਰਪੰਚ, ਕੁਲਵੀਰ ਸਿੰਘ ਬਰਿਆਲੀ, ਹਰਪ੍ਰੀਤ ਸਿੰਘ ਸਰਪੰਚ, ਮਨਰਾਜ ਸਿੰਘ ਸਰਪੰਚ, ਇਕਬਾਲ ਸਿੰਘ ਸਰਪੰਚ, ਮਲਕੀਤ ਸਿੰਘ ਬਾਲਕ ਪ੍ਰਧਾਨ, ਬਲਵੀਰ ਸਿੰਘ ਸਰਪੰਚ, ਗੁਰਮੁਖ ਸਿੰਘ ਸਰਪੰਚ, ਕਰਮਾ ਪੂਰੀ ਸਰਪੰਚ, ਚੇਤਨ ਸ਼ਰਮਾ ਨੋਗਿਆਰੀ, ਗੁਰਜੰਟ ਸਿੰਘ ਸਰਪੰਚ ਗੁਡਾਣਾ, ਸੁੱਖਵਿੰਦਰ ਸਿੰਘ ਸਰਪੰਚ, ਸਤਨਾਮ ਸਿੰਘ ਸਰਪੰਚ ਬਲੌਂਗੀ, ਗੁਰਨਾਮ ਸਿੰਘ ਸਰਪੰਚ, ਵੀ ਹਾਜ਼ਰ ਸਨ।

## ਮੋਹਾਲੀ ਕਾਰਪੋਰੇਸ਼ਨ 'ਚ ਸ਼ਾਮਲ ਹੋਏ 12 ਪਿੰਡਾਂ ਦੇ ਵਿਕਾਸ ਲਈ 50 ਕਰੋੜ ਪ੍ਰਵਾਨ

ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੋਹਾਲੀ ਕਾਰਪੋਰੇਸ਼ਨ ਦੇ ਵਿੱਚ ਜਿਹੜੇ 12 ਪਿੰਡ ਸ਼ਾਮਿਲ ਕੀਤੇ ਗਏ ਹਨ , ਉਹਨਾਂ ਦੇ ਵਿਕਾਸ ਕਾਰਜਾਂ ਲਈ 50 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਜਾ ਚੁੱਕੀ ਹੈ। ਜਿਸ ਦੇ ਕੱਲ ਟੈਂਡਰ ਲੱਗ ਗਏ ਹਨ ਅਤੇ ਆਉਣ ਵਾਲੇ 15 ਦਿਨਾਂ ਵਿੱਚ ਇਹਨਾਂ ਪਿੰਡਾਂ ਦਾ ਵਿਕਾਸ ਜੰਗੀ ਪੱਧਰ ਤੇ ਸ਼ੁਰੂ ਹੋ ਜਾਵੇਗਾ।

## ਮਹਿਲਾਵਾਂ ਨੂੰ ਬਰਾਬਰੀ ਦਾ ਹੱਕ ਦੇਣ 'ਚ ਹੁਣ ਹੋਰ ਦੇਰੀ ਬਰਦਾਸ਼ਤ ਨਹੀਂ : ਬਲਜੀਤ ਕੌਰ

ਮੋਹਾਲੀ, 6 ਮਈ (ਹਰਦੀਪ ਕੌਰ): ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਬਲਜੀਤ ਕੌਰ ਨੇ ਕਿਹਾ ਹੈ ਕਿ ਮਹਿਲਾਵਾਂ ਨੂੰ ਬਰਾਬਰੀ ਦਾ ਹੱਕ ਦੇਣ ਵਿੱਚ ਹੁਣ ਹੋਰ ਦੇਰੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਰਾਜਨੀਤੀ 'ਚ ਮਹਿਲਾਵਾਂ ਦੀ ਭਾਗੀਦਾਰੀ ਵਧਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਦੱਸਿਆ ਕਿ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ ਮਹਿਲਾਵਾਂ ਨੂੰ ਯੋਗ ਪ੍ਰਤੀਨਿਧਿਤਵ ਮਿਲਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਅੱਧੀ ਅਬਾਦੀ ਦੀ ਆਵਾਜ਼ ਮਜ਼ਬੂਤੀ ਨਾਲ ਸੰਸਦ ਤੱਕ ਪਹੁੰਚ ਸਕੇ। ਬਲਜੀਤ ਕੌਰ ਨੇ ਕਿਹਾ ਕਿ ਮਹਿਲਾ ਕਾਂਗਰਸ ਹਮੇਸ਼ਾਂ ਮਹਿਲਾਵਾਂ ਦੇ ਅਧਿਕਾਰਾਂ, ਸਨਮਾਨ ਤੇ ਸਸ਼ਕਤੀਕਰਨ ਲਈ ਸੰਘਰਸ਼ ਕਰਦੀ ਆ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਮਹਿਲਾਵਾਂ ਨੂੰ ਸੰਗਠਨ ਨਾਲ ਜੋੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮਹਿਲਾਵਾਂ ਅੱਜ ਹਰ ਖੇਤਰ ਵਿੱਚ ਆਪਣੀ ਯੋਗਤਾ ਸਾਬਤ ਕਰ ਰਹੀਆਂ ਹਨ, ਇਸ ਲਈ ਰਾਜਨੀਤੀ ਵਿੱਚ ਵੀ ਉਨ੍ਹਾਂ ਨੂੰ ਬਰਾਬਰੀ ਦਾ ਹੱਕ ਮਿਲਣਾ ਬਹੁਤ ਜ਼ਰੂਰੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਵਰਕਰਾਂ ਨੂੰ ਨਾਲ ਜੋੜ ਕੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਗੀਆਂ ਤੇ ਮਹਿਲਾਵਾਂ ਦੀ ਆਵਾਜ਼ ਨੂੰ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਤੱਕ ਪਹੁੰਚਾਉਣ ਦਾ ਕੰਮ ਕਰਨਗੀਆਂ।

# ਬੰਗਾਲ 'ਚ ਨਵੀਂ ਵਿਧਾਨ ਸਭਾ ਦੇ ਗਠਨ ਲਈ ਨੋਟੀਫ਼ਿਕੇਸ਼ਨ ਜਾਰੀ

## ਚੋਣ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਰਾਜਪਾਲ ਨੂੰ ਭੇਜੀ ਰਿਪੋਰਟ




ਕੋਲਕਾਤਾ, 6 ਮਈ (ਚ.ਨ.ਸ.):ਭਾਰਤੀ ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਵਿੱਚ ਚੋਣ ਪ੍ਰਕਿਰਿਆ ਸਫ਼ਲਤਾਪੂਰਵਕ ਮੁਕੰਮਲ ਹੋਣ ਤੋਂ ਬਾਅਦ ਨਵੀਂ ਵਿਧਾਨ ਸਭਾ ਦੇ ਗਠਨ ਲਈ ਰਸਮੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਕਮਿਸ਼ਨ ਵੱਲੋਂ ਇਹ ਨੋਟੀਫਿਕੇਸ਼ਨ ਸੂਬੇ ਦੇ ਰਾਜਪਾਲ ਨੂੰ ਭੇਜ ਦਿੱਤਾ ਗਿਆ ਹੈ, ਜਿਸ ਨਾਲ ਹੁਣ ਨਵੀਂ ਸਰਕਾਰ ਦੇ ਗਠਨ ਅਤੇ ਚੁਣੇ ਗਏ ਨੁਮਾਇੰਦਿਆਂ ਦੇ ਸਹੁੰ ਚੁੱਕ ਸਮਾਗਮ ਦਾ ਰਾਹ ਪੱਧਰਾ ਹੋ ਗਿਆ ਹੈ।ਚੋਣ ਕਮਿਸ਼ਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਨੂੰ ਜਾਰੀ ਕੀਤਾ ਗਿਆ ਇਹ ਨੋਟੀਫਿਕੇਸ਼ਨ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਬਾਅਦ ਇੱਕ ਅਹਿਮ ਸੰਵਿਧਾਨਕ ਕਦਮ ਹੈ। ਉਨ੍ਹਾਂ ਕਿਹਾ, ਇਸ ਨੋਟੀਫਿਕੇਸ਼ਨ ਨਾਲ ਕਮਿਸ਼ਨ ਵੱਲੋਂ ਨਵੀਂ ਵਿਧਾਨ ਸਭਾ ਦੇ ਗਠਨ ਦੀ ਪ੍ਰਕਿਰਿਆ ਪੂਰੀ ਹੋ ਗਈ ਹੈ। ਹੁਣ ਅਗਲੀ ਕਾਰਵਾਈ ਨਿਰਧਾਰਤ ਪ੍ਰਕਿਰਿਆ ਅਨੁਸਾਰ ਰਾਜਪਾਲ ਵੱਲੋਂ ਅਮਲ ਵਿੱਚ ਲਿਆਂਦੀ ਜਾਵੇਗੀ। ਅਧਿਕਾਰੀ ਨੇ ਇਹ ਵੀ ਦਾਅਵਾ ਕੀਤਾ ਕਿ ਵੋਟਾਂ ਪੈਣ ਤੋਂ ਲੈ ਕੇ ਗਿਣਤੀ ਤੱਕ ਸਾਰੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹੀ ਗਈ ਹੈ।ਜ਼ਿਕਰਯੋਗ ਹੈ ਕਿ ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ 294 ਮੈਂਬਰੀ ਵਿਧਾਨ ਸਭਾ ਵਿੱਚ 207 ਸੀਟਾਂ ਜਿੱਤ ਕੇ ਹੂੰਝਾਫੇਰ ਜਿੱਤ ਹਾਸਲ ਕੀਤੀ ਹੈ।

ਇਸ ਇਤਿਹਾਸਕ ਨਤੀਜੇ ਨਾਲ ਸੂਬੇ ਵਿੱਚ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਦਾ ਪਿਛਲੇ 15 ਸਾਲਾਂ ਤੋਂ ਚੱਲ ਰਿਹਾ ਲਗਾਤਾਰ ਸ਼ਾਸਨ ਖ਼ਤਮ ਹੋ ਗਿਆ ਹੈ। ਹੁਣ ਸਾਰੀਆਂ ਨਜ਼ਰਾਂ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ 'ਤੇ ਟਿਕੀਆਂ ਹੋਈਆਂ ਹਨ।

### ਸੂਬੇ ਦੀ ਨਵੀਂ ਭਾਜਪਾ ਸਰਕਾਰ ਦਾ ਸਹੁੰ ਚੁੱਕ ਸਮਾਗਮ 9 ਨੂੰ

ਕੋਲਕਾਤਾ, 6 ਮਈ (ਚ.ਨ.ਸ.): ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਸਮਿਕ ਭੱਟਾਚਾਰੀਆ ਨੇ ਬੁੱਧਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਸੂਬੇ ਵਿੱਚ ਨਵੀਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਸਹੁੰ ਚੁੱਕ ਸਮਾਗਮ 9 ਮਈ ਨੂੰ ਆਯੋਜਿਤ ਕੀਤਾ ਜਾਵੇਗਾ।

ਭੱਟਾਚਾਰੀਆ ਨੇ ਕੋਲਕਾਤਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਇਤਿਹਾਸਕ ਸਹੁੰ ਚੁੱਕ ਸਮਾਗਮ ਮੱਧ ਕੋਲਕਾਤਾ ਦੇ ਮਸ਼ਹੂਰ ਬ੍ਰਿਗੇਡ ਪਰੇਡ ਗਰਾਊਂਡ ਵਿੱਚ ਸਵੇਰੇ 10 ਵਜੇ ਹੋਵੇਗਾ, ਜਿਸ ਲਈ ਪਾਰਟੀ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਦਿਨ ਪੱਛਮੀ ਬੰਗਾਲ ਦੀ ਸਿਆਸਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। (ਬਾਕੀ ਸਫਾ 11 'ਤੇ)

ਮੁੱਖ ਮੰਤਰੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਚਾਰ ਦਿਨਾਂ ਸ਼ੁਕਰਾਨਾ ਯਾਤਰਾ ਸ਼ੁਰੂ

# ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਵਾਲੇ ਪੁਰਾਣੇ ਸ਼ਾਸਕ ਜਲਦ ਸਲਾਖਾਂ ਪਿੱਛੇ ਹੋਣਗੇ: ਮਾਨ

## ਮੁੱਖ ਮੰਤਰੀ ਨੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਲੋਕਾਂ ਨੂੰ ਸਮਰਪਿਤ ਕੀਤਾ



ਰੋਪੜ,6 ਮਈ (ਅਮਿਤ ਅਰੋੜਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਵਾਲਿਆਂ ਨੂੰ ਜਲਦੀ ਹੀ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਇਤਿਹਾਸਕ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਕਾਨੂੰਨੀ ਸਜ਼ਾ ਯਕੀਨੀ ਬਣਾਈ ਹੈ।

ਸ਼ੁਕਰਾਨਾ ਯਾਤਰਾ ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਾਨੂੰਨ ਬੇਅਦਬੀ ਵਿਰੁੱਧ ਸਥਾਈ ਰੋਕ ਵਜੋਂ ਕੰਮ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਪੰਜਾਬ ਦੀ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਹਿੰਮਤ ਨਾ ਕਰੇ। ਕਾਨੂੰਨ ਲਾਗੂ ਕਰਕੇ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਦੇਣ ਲਈ ਪਰਮਾਤਮਾ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੇਰਾ ਰੋਮ-ਰੋਮ ਪਰਮਾਤਮਾ ਦਾ ਰਿਣੀ ਹੈ ਕਿ ਉਸ ਨੇ ਮੈਨੂੰ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਲਾਗੂ ਕਰਨ ਦੀ ਸੇਵਾ ਬਖ਼ਸ਼ੀ, ਜੋ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕਰਦਾ ਹੈ।"

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਕਾਨੂੰਨ ਬਾਰੇ ਜਾਗਰੂਕਤਾ ਫੈਲਾਉਣ ਅਤੇ ਇਹ ਯਕੀਨੀ ਬਣਾਉਣ ਕਿ ਜਨਤਾ ਨੂੰ ਪਤਾ ਲੱਗੇ ਕਿ ਬੇਅਦਬੀ ਵਿੱਚ ਸ਼ਾਮਲ ਕਿਸੇ ਵੀ (ਬਾਕੀ ਸਫਾ 11 'ਤੇ)

### 'ਫੁੱਟ ਪਾਊ ਸਿਆਸਤ ਤੇ ਫ਼ਿਰਕੂ ਟਕਰਾਅ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਲੋਕਤੰਤਰ ਲਈ ਘਾਤਕ'

ਖਟਕੜ ਕਲਾਂ/ਬਲਾਚੌਰ, 6 ਮਈ (ਸੁਖਦੇਵ ਸਿੰਘ ਉੜਾਪੜ):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੇਸ਼ ਭਰ ਵਿੱਚ ਚੱਲ ਰਹੀ ਫੁੱਟ ਪਾਊ ਰਾਜਨੀਤੀ 'ਤੇ ਤਿੱਖਾ ਹਮਲਾ ਬੋਲਦਿਆਂ ਚੇਤਾਵਨੀ ਦਿੱਤੀ ਕਿ ਭਾਈਚਾਰਿਆਂ ਵਿੱਚ ਟਕਰਾਅ ਪੈਦਾ ਕਰਨ ਲਈ ਘੜੇ ਜਾ ਰਹੇ ਮਨਸੂਬੇ ਦੇਸ਼ ਨੂੰ ਉਨ੍ਹਾਂ ਆਦਰਸ਼ਾਂ ਤੋਂ ਦੂਰ ਧੱਕ ਰਹੇ ਹਨ, ਜਿਨ੍ਹਾਂ ਲਈ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਮੱਥਾ ਟੇਕਣ ਤੋਂ ਬਾਅਦ "ਸ਼ੁਕਰਾਨਾ ਯਾਤਰਾ" ਦੌਰਾਨ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਬਣਾਇਆ ਹੈ, ਜੋ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਦੋਸ਼ੀ ਕਾਨੂੰਨੀ ਖ਼ਾਮੀਆਂ ਦਾ ਫਾਇਦਾ ਉਠਾ ਕੇ ਸਜ਼ਾ ਤੋਂ ਨਾ ਬਚ ਸਕੇ। ਆਪਣੇ ਐਕਸ ਹੈਂਡਲ 'ਤੇ ਕੁਝ ਫੋਟੋਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ "ਅੱਜ ਮੈਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜਨਮ ਸਥਾਨ ਖਟਕੜ ਕਲਾਂ ਦੀ ਪਵਿੱਤਰ ਧਰਤੀ 'ਤੇ ਨਤਮਸਤਕ ਹੋ ਕੇ ਸਾਡੇ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਸ਼ੁਕਰਾਨਾ ਯਾਤਰਾ ਵਿੱਚ ਸ਼ਾਮਲ ਹੋਏ ਵੱਡੀ ਗਿਣਤੀ ਸ਼ਰਧਾਲੂਆਂ ਵੱਲੋਂ ਚੱਲਿਆ ਗਿਆ ਹਰ ਕਦਮ ਸਾਡੇ ਲਈ ਬਹੁਤ ਮਾਇਨੇ ਰੱਖਦਾ ਹੈ।

ਉਨ੍ਹਾਂ ਨੇ ਪੋਸਟ ਵਿੱਚ ਅੱਗੇ ਲਿਖਿਆ "ਪ੍ਰਮਾਤਮਾ ਦੀ ਅਪਾਰ ਕਿਰਪਾ ਨਾਲ, ਸਾਨੂੰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ ਮੌਕਾ ਮਿਲਿਆ ਹੈ, ਜਿਸ ਲਈ ਅਸੀਂ ਗੁਰੂ ਸਾਹਿਬ ਦੇ ਸ਼ੁਕਰਗੁਜ਼ਾਰ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਵਵਿਆਪੀ ਸੰਦੇਸ਼ ਸਾਨੂੰ (ਬਾਕੀ ਸਫਾ 11 'ਤੇ)

# ਬੰਗਾਲ 'ਚ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹਿੰਸਾ ਵਿੱਚ ਹੁਣ ਤੱਕ 4 ਮੌਤਾਂ

## ਆਸਨਸੋਲ, ਮੁਰਸ਼ਿਦਾਬਾਦ ਅਤੇ ਮਾਲਦਾ ਜ਼ਿਲ੍ਹਿਆਂ 'ਚ ਵੀ ਹਿੰਸਾ ਦੇਖਣ ਨੂੰ ਮਿਲੀ

ਕੋਲਕਾਤਾ, 6 ਮਈ (ਚ.ਨ.ਸ.):ਪੱਛਮੀ ਬੰਗਾਲ ਵਿਚ ਨਤੀਜਿਆਂ ਤੋਂ ਬਾਅਦ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਸ਼ੁਰੂ ਹੋਈ ਹਿੰਸਾ ਵਿੱਚ ਹੁਣ ਤੱਕ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਅਤੇ ਕਈ ਲੋਕਾਂ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ। ਕਈ ਥਾਵਾਂ 'ਤੇ ਤ੍ਰਿਣਮੂਲ ਕਾਂਗਰਸ ਦੇ ਦਫ਼ਤਰਾਂ 'ਤੇ ਹਮਲਿਆਂ, ਅੱਗਜ਼ਨੀ, ਭੰਨਤੋੜ ਅਤੇ ਪਾਰਟੀ ਦੇ ਸਮਰਥਕਾਂ ਅਤੇ ਵਰਕਰਾਂ ਦੇ ਘਰਾਂ 'ਤੇ ਹਮਲਿਆਂ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਸੋਮਵਾਰ ਰਾਤ ਤੋਂ ਹੀ ਜਾਰੀ ਹਿੰਸਾ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਸੂਬੇ ਦੇ ਚੋਟੀ ਦੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਿੰਸਾ ਵਿੱਚ ਸ਼ਾਮਲ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੋਲਕਾਤਾ ਦੇ ਪੁਲਿਸ (ਬਾਕੀ ਸਫਾ 11 'ਤੇ)

### ਕੋਲਕਾਤਾ 'ਚ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੇ ਘਰਾਂ ਤੋਂ ਸੁਰੱਖਿਆ ਹਟਾਈ

ਕੋਲਕਾਤਾ, 6 ਮਈ (ਚ.ਨ.ਸ.): ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਦੋ ਦਿਨ ਬਾਅਦ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੇ ਘਰਾਂ ਅਤੇ ਕੈਮੈਕ ਸਟਰੀਟ 'ਤੇ ਪਾਰਟੀ ਹੈੱਡਕੁਆਰਟਰ ਤੋਂ ਸੁਰੱਖਿਆ ਹਟਾ ਦਿੱਤੀ ਗਈ ਹੈ। ਬੁੱਧਵਾਰ ਨੂੰ ਤਿੰਨੋਂ ਥਾਵਾਂ ਤੋਂ ਵਾਧੂ ਪੁਲਿਸ ਤਾਇਨਾਤੀ ਹਟਾ ਦਿੱਤੀ ਗਈ। ਹਰੀਸ਼ ਮੁਖਰਜੀ ਰੋਡ 'ਤੇ ਅਭਿਸ਼ੇਕ ਬੈਨਰਜੀ ਦੇ ਘਰ 'ਸ਼ਾਂਤੀਨਿਕੇਤਨ' ਦੇ ਬਾਹਰ ਫੁੱਟਪਾਥ 'ਤੇ ਸਿਰਫ਼ (ਬਾਕੀ ਸਫਾ 11 'ਤੇ)

ਅੰਮ੍ਰਿਤਸਰ-ਜਲੰਧਰ 'ਚ ਹੋਏ ਧਮਾਕਿਆਂ ਦਾ ਮਾਮਲਾ

# ਅੰਮ੍ਰਿਤਸਰ ਧਮਾਕੇ ਪਿੱਛੇ ਪਾਕਿਸਤਾਨ ਦਾ ਹੋ ਸਕਦੈ ਹੱਥ: ਯਾਦਵ



ਅੰਮ੍ਰਿਤਸਰ, 6 ਮਈ (ਚ.ਨ.ਸ.): ਪੰਜਾਬ ਵਿੱਚ ਬੀਤੀ ਰਾਤ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਜ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਅੰਮ੍ਰਿਤਸਰ ਵਿੱਚ ਅਹਿਮ ਪ੍ਰੈੱਸ ਕਾਨਫਰੰਸ ਕੀਤੀ। ਪ੍ਰੈੱਸ ਵਾਰਤਾ ਦੌਰਾਨ ਡੀ.ਜੀ.ਪੀ. ਗੌਰਵ ਯਾਦਵ ਨੇ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹੋਏ ਧਮਾਕਿਆਂ ਨੂੰ ਲੈ ਕੇ ਕਰ ਵੱਡੇ ਖੁਲਾਸੇ ਕੀਤੇ।

ਯਾਦਵ ਨੇ ਦੱਸਿਆ ਕਿ ਜਲੰਧਰ ਅਤੇ ਅੰਮ੍ਰਿਤਸਰ ਦੋਹਾਂ ਥਾਵਾਂ 'ਤੇ ਆਈ.ਈ.ਡੀ. ਬਲਾਸਟ ਕੀਤੇ ਗਏ ਹਨ। ਜਾਂਚ ਦੌਰਾਨ ਘਟਨਾ ਵਾਲੀ ਥਾਂ ਤੋਂ ਕੋਈ ਤਾਰ ਨਹੀਂ ਮਿਲੀ ਹੈ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਧਮਾਕਾ ਟਾਈਮਰ ਲਗਾ ਕੇ ਜਾਂ ਰਿਮੋਟ ਨਾਲ ਕੀਤਾ ਗਿਆ ਹੋ ਸਕਦਾ ਹੈ।ਉਨ੍ਹਾਂ ਅੱਗੇ ਕਿਹਾ ਕਿ ਧਮਾਕੇ ਪਿੱਛੇ ਪਾਕਿਸਤਾਨ ਦਾ ਹੱਥ ਵੀ ਹੋ ਸਕਦਾ ਹੈ ਕਿਉਂਕਿ ਅੱਜ ਆਪ੍ਰੇਸ਼ਨ ਸਿੰਦੂਰ ਦੀ ਵਰ੍ਹੇਗੰਢ ਹੈ। ਮਾਮਲੇ ਨੂੰ ਲੈ ਕੇ ਐੱਫ.ਆਈ.ਆਰ. ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਡੀ.ਜੀ.ਪੀ. ਨੇ ਅੱਗੇ ਕਿਹਾ ਕਿ ਪੰਜਾਬ ਦੁਨੀਆਂ ਵਿੱਚ ਸਭ ਤੋਂ ਵੱਧ ਸ਼ਾਂਤੀ ਪੂਰਵਕ ਸੂਬਾ ਹੈ ਪਰ ਕੁਝ ਲੋਕ ਪੰਜਾਬ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਅਸੀਂ ਕਿਸੇ ਤਰ੍ਹਾਂ ਦੀਆਂ ਗਿੱਦੜ-ਧਮਕੀਆਂ ਤੋਂ ਨਹੀਂ ਡਰਦੇ। ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਸੀਂ ਕੁਚਲ ਕੇ ਰੱਖ ਦਿਆਂਗੇ।

### ਡੀ.ਜੀ.ਪੀ. ਵੱਲੋਂ ਜਲੰਧਰ 'ਚ ਬੰਬ ਧਮਾਕੇ ਵਾਲੀ ਥਾਂ ਦਾ ਜਾਇਜ਼ਾ

ਜਲੰਧਰ, 6 ਮਈ (ਚ.ਨ.ਸ.):ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਜਲੰਧਰ ਦੇ ਬੀ.ਐੱਸ.ਐੱਫ. ਚੌਕ ਪਹੁੰਚੇ ਜਿਥੇ ਬੀਤੀ ਰਾਤ ਆਈ.ਈ.ਡੀ. ਧਮਾਕਾ ਹੋਇਆ ਸੀ। ਡੀ.ਜੀ.ਪੀ. ਉਸ ਥਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਹਨ ਜਿਸ ਥਾਂ 'ਤੇ ਧਮਾਕਾ ਹੋਇਆ ਸੀ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਗਏ ਸੀ। ਉਨ੍ਹਾਂ ਨੇ ਉਥੇ ਪ੍ਰੈੱਸ ਕਾਨਫਰੰਸ ਵੀ ਕੀਤੀ ਸੀ ਕਿਉਂਕਿ ਬੀਤੀ ਰਾਤ ਜਦੋਂ 8-8.15 ਦੇ ਵਿਚ ਜਦੋਂ ਜਲੰਧਰ ਧਮਾਕਾ ਹੋਇਆ ਤਾਂ ਉਸ ਤੋਂ ਬਾਅਦ 10.30 ਵਜੇ ਦੇ ਕਰੀਬ ਅੰਮ੍ਰਿਤਸਰ ਵਿਚ ਧਮਾਕਾ ਹੋਇਆ। ਦੱਸ ਦੇਈਏ ਕਿ ਅੰਮ੍ਰਿਤਸਰ ਦੇ ਖਾਸਾ ਚੌਕ ਵਿਚ ਇਹ ਧਮਾਕਾ ਹੋਇਆ ਸੀ ਤੇ ਅੰਮ੍ਰਿਤਸਰ ਦਿਹਾਤੀ ਦੇ ਐੱਸ.ਐੱਸ.ਪੀ. ਸੋਹੇਲ (ਬਾਕੀ ਸਫਾ 11 'ਤੇ)

### ਮੋਹਾਲੀ ਦੇ ਸੋਹਾਣਾ 'ਚ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ, ਸੜਕ 'ਤੇ ਖਿਲਰੇ ਮਿਲੇ ਅੰਗ

ਮੋਹਾਲੀ, 6 ਮਈ (ਚ.ਨ.ਸ.):ਮੋਹਾਲੀ ਦੇ ਸੋਹਾਣਾ ਇਲਾਕੇ ਵਿੱਚ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਸ੍ਰੀ ਗੁਟਕਾ ਸਾਹਿਬ ਦੇ ਨੁਕਸਾਨੇ ਗਏ ਅੰਗ ਮਾਤਾ ਗੁਜਰੀ ਜੀ ਗੁਰਦੁਆਰੇ (ਗੁਰਦੁਆਰਾ ਸਿੰਘ ਸ਼ਹੀਦਾਂ ਦੇ ਨੇੜੇ ਸਥਿਤ) ਦੇ ਨੇੜੇ ਮਿਲੇ ਹਨ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਫੈਲ ਗਿਆ ਅਤੇ ਸਿੱਖ ਭਾਈਚਾਰੇ ਨੇ ਇਨਸਾਫ਼ ਦੀ ਮੰਗ ਕਰਦੇ ਹੋਏ ਏਅਰਪੋਰਟ ਰੋਡ ਜਾਮ ਕਰ ਦਿੱਤਾ। ਪੁਲਿਸ ਨੇ ਕਾਰਵਾਈ ਕਰਦਿਆਂ ਨਵੇਂ ਕਾਨੂੰਨ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਉਦੋਂ ਸਾਹਮਣੇ ਆਈ ਜਦੋਂ ਗੁਰਦੁਆਰੇ ਦੇ ਇੱਕ ਸੇਵਾਦਾਰ ਨੇ ਸ੍ਰੀ ਗੁਟਕਾ ਸਾਹਿਬ ਦੇ ਅੰਗ ਜ਼ਮੀਨ 'ਤੇ ਖਿਲਰੇ ਦੇਖੇ। ਇਹ ਖ਼ਬਰ ਤੇਜ਼ੀ ਨਾਲ ਪੂਰੇ ਇਲਾਕੇ ਵਿੱਚ ਫੈਲ ਗਈ, ਅਤੇ ਵੱਡੀ ਭੀੜ ਇਕੱਠੀ ਹੋ ਗਈ। ਬੇਅਦਬੀ ਤੋਂ ਗੁੱਸੇ ਵਿੱਚ (ਬਾਕੀ ਸਫਾ 11 'ਤੇ)

### ਪੰਜਾਬ 'ਚ ਮੀਂਹ ਤੇ ਹਨ੍ਹੇਰੀ-ਤੂਫ਼ਾਨ ਦੀ ਚਿਤਾਵਨੀ!



ਚੰਡੀਗੜ੍ਹ, 6 ਮਈ (ਚ.ਨ.ਸ.):ਪੰਜਾਬ ਵਿਚ ਹੋਈ ਬਾਰਿਸ਼ ਨਾਲ ਲੋਕਾਂ ਨੂੰ ਜਿੱਥੇ ਥੋੜ੍ਹੀ ਗਰਮੀ ਤੋਂ ਰਾਹਤ ਮਿਲੀ ਹੈ। ਉੱਥੇ ਹੀ ਤਾਪਮਾਨ ਵਿਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਪਿਛਲੇ 24 ਘੰਟਿਆਂ 'ਚ ਤਾਪਮਾਨ 0.1 ਡਿਗਰੀ ਘੱਟ ਗਿਆ ਹੈ, ਜੋਕਿ ਆਮ ਨਾਲੋਂ ਲਗਭਗ 6.1 ਡਿਗਰੀ ਘੱਟ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਅਨੁਸਾਰ ਅੱਜ ਕੁਝ ਥਾਵਾਂ 'ਤੇ ਗਰਜ, ਮੀਂਹ, ਬਿਜਲੀ ਅਤੇ ਤੇਜ਼ ਹਵਾਵਾਂ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

ਮੌਸਮ ਵਿਭਾਗ ਨੇ ਅੱਜ ਤੋਂ ਲੈ ਕੇ 10 ਮਈ ਤੱਕ ਵੱਡੀ ਅਪਡੇਟ ਜਾਰੀ ਕੀਤੀ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਡਾਇਰੈਕਟਰ ਮੁਤਾਬਕ 6 ਅਤੇ 7 ਮਈ ਨੂੰ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ। ਅਗਲੇ 48 ਘੰਟਿਆਂ 'ਚ ਵੱਧ ਤੋਂ ਵੱਧ ਤਾਪਮਾਨ 'ਚ ਲਗਭਗ 2 ਡਿਗਰੀ ਵਾਧਾ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਇਸ 'ਚ 3 ਤੋਂ 4 ਡਿਗਰੀ ਦੀ ਗਿਰਾਵਟ ਆਉਣ ਦੀ ਉਮੀਦ ਹੈ। ਇਸ ਸਮੇਂ ਦੌਰਾਨ ਕੁਝ ਖੇਤਰਾਂ 'ਚ ਬਿਜਲੀ ਦੇ ਨਾਲ ਗਰਜ-ਤੂਫ਼ਾਨ ਦੀ ਸੰਭਾਵਨਾ ਹੈ। ਮੌਸਮ ਵਿਭਾਗ ਵੱਲੋਂ ਅੱਜ ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਲਈ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਇਨ੍ਹਾਂ ਇਲਾਕਿਆਂ 'ਚ 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ ਅਤੇ ਗਰਜ-ਚਮਕ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ 7 ਮਈ ਨੂੰ ਪੰਜਾਬ ਦੇ ਦੱਖਣੀ-ਪੱਛਮੀ ਜ਼ਿਲ੍ਹੇ ਜਿਵੇਂ ਕਿ ਮੁਕਤਸਰ ਸਾਹਿਬ, ਫ਼ਾਜ਼ਿਲਕਾ, ਬਠਿੰਡਾ ਅਤੇ ਮਾਨਸਾ 'ਚ ਮੌਸਮ ਖਰਾਬ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਇਥੇ ਗਰਜ-ਚਮਕ ਦੇ ਨਾਲ-ਨਾਲ ਗੜ੍ਹੇਮਾਰੀ ਅਤੇ 50-60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ (ਬਾਕੀ ਸਫਾ 11 'ਤੇ)

### ਅਵਾਰਾ ਕੁੱਤਿਆਂ ਨੇ 8 ਸਾਲਾ ਮਾਸੂਮ ਬੱਚੀ ਨੂੰ ਨੋਚ-ਨੋਚ ਕੇ ਮਾਰਿਆ

ਹੁਸ਼ਿਆਰਪੁਰ, 6 ਮਈ (ਚ.ਨ.ਸ.): ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਅਵਾਰਾ ਕੁੱਤਿਆਂ ਦੇ ਇੱਕ ਝੁੰਡ ਨੇ ਅੱਠ ਸਾਲ ਦੀ ਬੱਚੀ ਨੂੰ ਨੋਚ-ਨੋਚ ਕੇ ਮਾਰ ਦਿੱਤਾ। ਪੁਲਿਸ ਅਧਿਕਾਰੀਆਂ ਦੇ ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਹੈ। ਮ੍ਰਿਤਕਾ ਦੀ ਪਛਾਣ ਸਲੋਨੀ ਵਜੋਂ ਹੋਈ ਹੈ, ਜੋ ਕਿ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਪਿਆਰੇ ਲਾਲ ਦੀ ਧੀ ਸੀ। ਉਹ ਟਾਂਡਾ ਪੁਲਿਸ ਸਟੇਸ਼ਨ ਦੀ ਹੱਦ ਅੰਦਰ ਪੈਂਦੇ ਪਿੰਡ ਖਰਲ ਖੁਰਦ ਵਿੱਚ ਰਹਿ ਰਹੇ ਸਨ। ਇਹ ਘਟਨਾ ਸਵੇਰੇ 8.30 ਵਜੇ ਦੇ ਕਰੀਬ ਵਾਪਰੀ ਜਦੋਂ ਬੱਚੀ ਸਕੂਲ ਜਾਣ ਤੋਂ ਪਹਿਲਾਂ ਆਪਣੇ ਘਰੋਂ ਬਾਹਰ ਨਿਕਲੀ ਸੀ। ਪੁਲਿਸ ਨੇ ਦੱਸਿਆ ਕਿ ਰਸਤੇ ਵਿੱਚ ਅਵਾਰਾ ਕੁੱਤਿਆਂ ਦੇ ਇੱਕ ਝੁੰਡ ਨੇ ਉਸ ਨੂੰ ਘੇਰ ਲਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਨੋਚ ਲਿਆ। ਜਦੋਂ ਬੱਚੀ ਕਾਫੀ ਦੇਰ ਤੱਕ ਘਰ ਨਾ ਪਰਤੀ ਤਾਂ ਪਰਿਵਾਰਕ ਮੈਂਬਰਾਂ ਨੇ ਉਸ ਦੀ ਭਾਲ ਸ਼ੁਰੂ ਕੀਤੀ ਅਤੇ ਬਾਅਦ ਵਿੱਚ ਉਹ ਸੜਕ ਕਿਨਾਰੇ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਪਈ ਮਿਲੀ। (ਬਾਕੀ ਸਫਾ 11 'ਤੇ)

# ਟੀ.ਵੀ.ਕੇ. ਮੁਖੀ ਵਿਜੇ ਵੱਲੋਂ ਤਾਮਿਲਨਾਡੂ ਦੇ ਰਾਜਪਾਲ ਨਾਲ ਮੁਲਾਕਾਤ ਕਰਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼



ਚੇਨਈ, 6 ਮਈ (ਚ.ਨ.ਸ.): ਟੀ.ਵੀ. ਕੇ. ਮੁਖੀ ਵਿਜੇ ਨੇ ਬੁੱਧਵਾਰ ਨੂੰ ਤਾਮਿਲਨਾਡੂ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਵਿੱਚ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਹ ਮੁਲਾਕਾਤ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦੇ ਸਭ ਤੋਂ ਵੱਡੀ ਪਾਰਟੀ ਬਣ ਕੇ ਸਾਹਮਣੇ ਆਉਣ ਦੇ ਦੋ ਦਿਨ ਬਾਅਦ ਹੋਈ ਹੈ, ਹਾਲਾਂਕਿ ਪਾਰਟੀ ਸਧਾਰਨ ਬਹੁਮਤ ਤੋਂ ਥੋੜ੍ਹੀ ਪਿੱਛੇ ਰਹਿ ਗਈ ਸੀ।ਚੋਣਾਂ ਵਿੱਚ 234 ਮੈਂਬਰੀ ਵਿਧਾਨ ਸਭਾ ਵਿੱਚੋਂ ਟੀ ਵੀ ਕੇ ਨੇ 108 ਸੀਟਾਂ ਜਿੱਤੀਆਂ ਹਨ। ਸਰਕਾਰ ਬਣਾਉਣ ਲਈ 118 ਸੀਟਾਂ ਦੀ ਲੋੜ ਹੈ, ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਅਜੇ ਵੀ 10 ਹੋਰ ਸੀਟਾਂ ਦੀ ਲੋੜ ਪਵੇਗੀ। ਹੁਣ ਅਗਲਾ ਵੱਡਾ ਕਦਮ ਵਿਜੇ ਲਈ ਇਹ ਹੋਵੇਗਾ ਕਿ ਉਹ ਵਿਧਾਨ ਸਭਾ ਵਿੱਚ ਆਪਣੀ ਸਰਕਾਰ ਦਾ ਬਹੁਮਤ ਸਾਬਤ ਕਰਨ।ਕਾਂਗਰਸ ਪਾਰਟੀ, ਜੋ ਲੰਮੇ ਸਮੇਂ ਤੋਂ ਡੀ ਐੱਮ ਕੇ ਦੀ ਸਾਥੀ ਸੀ, ਨੇ ਹੁਣ ਤਾਮਿਲਨਾਡੂ ਵਿੱਚ ਸਰਕਾਰ ਬਣਾਉਣ ਲਈ ਵਿਜੇ ਦੀ ਪਾਰਟੀ ਟੀ ਵੀ ਕੇ ਨੂੰ ਸਮਰਥਨ ਦੇਣ ਦਾ ਐਲਾਨ (ਬਾਕੀ ਸਫਾ 11 'ਤੇ)

### ਸਰਮਾ ਵੱਲੋਂ ਆਸਾਮ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ, ਨਵੀਂ ਸਰਕਾਰ ਦੇ ਗਠਨ ਲਈ ਰਾਹ ਹੋਇਆ ਪੱਧਰਾ



ਗੁਹਾਟੀ, 6 ਮਈ (ਚ.ਨ.ਸ.): ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਬੁੱਧਵਾਰ ਨੂੰ ਆਪਣੀ ਕੈਬਨਿਟ ਦੇ ਸਹਿਯੋਗੀਆਂ ਨਾਲ ਅਸਤੀਫ਼ਾ ਦੇ ਦਿੱਤਾ, ਜਿਸ ਨਾਲ ਭਾਜਪਾ ਦੀ ਅਗਵਾਈ 'ਚ ਨਵੀਂ ਸਰਕਾਰ ਦਾ ਗਠਨ ਦਾ ਰਸਤਾ ਸਾਫ਼ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਨੇ 126 ਮੈਂਬਰੀ ਵਿਧਾਨ ਸਭਾ 'ਚ 102 ਸੀਟਾਂ ਜਿੱਤੀਆਂ ਹਨ। (ਬਾਕੀ ਸਫਾ 11 'ਤੇ)

### ਸਰੀ 'ਚ ਪੰਜਾਬੀ ਕਾਰੋਬਾਰੀ ਦਾ ਕਤਲ, ਗੋਂਦਾਰਾ ਗੈਂਗ ਨੇ ਲਈ ਜ਼ਿੰਮੇਵਾਰੀ

ਵੈਨਕੂਵਰ, 6 ਮਈ (ਚ.ਨ.ਸ.):ਕੈਨੇਡਾ ਦੇ ਸਰੀ ਸਥਿਤ ਇੱਕ ਬਿਜ਼ਨੈਸ ਸੈਂਟਰ ਵਿੱਚ ਦਿਨ-ਦਿਹਾੜੇ ਦੋ ਅਣਪਛਾਤੇ ਹਮਲਾਵਰਾਂ ਨੇ ਪੰਜਾਬੀ ਕਾਰੋਬਾਰੀ ਸਤਬੀਰ ਸਿੰਘ ਵੜਿੰਗ ਉਰਫ਼ ਸੈਮ ਕੈਨੇਡਾ (30) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਵਾਰਦਾਤ ਨੂੰ ਉਸ ਸਮੇਂ ਅੰਜਾਮ ਦਿੱਤਾ ਗਿਆ ਜਦੋਂ ਸਤਬੀਰ ਆਪਣੇ ਦਫ਼ਤਰ ਵਿੱਚ ਬੈਠਾ ਸੀ। ਇਸ ਕਤਲ ਦੀ ਜ਼ਿੰਮੇਵਾਰੀ ਗੈਂਗਸਟਰ ਰੋਹਿਤ ਗੋਦਾਰਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲਈ ਹੈ। ਗੋਦਾਰਾ ਨੇ ਦਾਅਵਾ ਕੀਤਾ ਹੈ ਕਿ ਸਤਬੀਰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸੀ, ਜਿਸ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜਾਣਕਾਰੀ ਅਨੁਸਾਰ ਮੂੰਹ ਢੱਕ ਕੇ ਆਏ ਦੋ ਨੌਜਵਾਨਾਂ ਨੇ ਦਫ਼ਤਰ ਵਿੱਚ ਦਾਖ਼ਲ ਹੁੰਦਿਆਂ ਹੀ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਗੰਭੀਰ ਜ਼ਖ਼ਮੀ ਹਾਲਤ ਵਿੱਚ ਸਤਬੀਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ (ਬਾਕੀ ਸਫਾ 11 'ਤੇ)

ਮੋਦੀ ਕੈਬਨਿਟ ਨੇ ਪ੍ਰਸਤਾਵ ਨੂੰ ਦਿੱਤੀ ਮਨਜ਼ੂਰੀ

### 'ਵੰਦੇ ਮਾਤਰਮ' ਨੂੰ ਮਿਲਿਆ ਰਾਸ਼ਟਰੀ ਗਾਨ ਦੇ ਬਰਾਬਰ ਦਾ ਦਰਜਾ



ਨਵੀਂ ਦਿੱਲੀ, 6 ਮਈ (ਚ.ਨ.ਸ.):ਕੇਂਦਰ ਸਰਕਾਰ ਨੇ ਵੰਦੇ ਮਾਤਰਮ ਨੂੰ ਰਾਸ਼ਟਰਗਾਨ 'ਜਨ ਗਣ ਮਨ' ਦੇ ਬਰਾਬਰ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ।

ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਮਿਲੀ ਜਿੱਤ ਦੇ ਬਾਅਦ ਨਰਿੰਦਰ ਮੋਦੀ ਦੀ ਅਗਵਾਈ ਵਿਚ ਹੋਈ ਕੈਬਨਿਟ ਦੀ ਪਹਿਲੀ ਬੈਠਕ ਵਿਚ ਇਹ ਫੈਸਲਾ ਲਿਆ ਗਿਆ। ਬੈਠਕ ਵਿਚ ਰਾਸ਼ਟਰੀ ਗੌਰਵ ਅਪਮਾਨ ਰੋਕੂ ਅਧਿਨਿਯਮ ਵਿਚ ਸੋਧ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ। ਕੈਬਨਿਟ ਦੇ ਫੈਸਲੇ ਮੁਤਾਬਕ ਬਿਕਰਮ ਚੰਦ ਚਟਰਜੀ ਰਚਿਤ ਵੰਦੇ ਮਾਤਰਮ 'ਤੇ ਹੁਣ ਉਹ ਸਾਰੇ ਨਿਯਮ 'ਤੇ ਪਾਬੰਦੀਆਂ ਲਾਗੂ ਹੋਣਗੀਆਂ ਜੋ ਮੌਜੂਦਾ ਸਮੇਂ ਰਾਸ਼ਟਰ ਗਾਨ 'ਤੇ ਲਾਗੂ ਹਨ। ਯਾਨੀ ਇਸ ਦੇ ਅਪਮਾਨ ਜਾਂ ਗਾਣ ਵਿਚ ਰੁਕਾਵਟ ਪਾਉਣ ਦੀ ਸਥਿਤੀ ਵਿਚ ਸਜ਼ਾ ਹੋਵੇਗੀ। ਅਜੇ ਰਾਸ਼ਟਰੀ ਝੰਡਾ, ਸੰਵਿਧਾਨ ਤੇ ਰਾਸ਼ਟਰ ਗਾਣ ਦੇ ਅਪਮਾਨ 'ਤੇ ਜੇਲ੍ਹ, ਜੁਰਮਾਨਾ ਜਾਂ ਦੋਵਾਂ ਦੀ ਵਿਵਸਥਾ ਹੈ ਤੇ ਹੁਣ ਵੰਦੇ ਮਾਤਰਮ ਵੀ ਇਸ ਵਿਚ ਸ਼ਾਮਲ ਕੀਤਾ ਜਾਵੇਗਾ। ਸਰਕਾਰ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦੇ ਮੌਕੇ 'ਤੇ ਇਹ ਬਦਲਾਅ ਕਰ ਰਹੀ ਹੈ। ਇਸ ਲਈ ਕਾਨੂੰਨ ਦੀ ਧਾਰਾ 3 ਵਿਚ ਸੋਧ ਕੀਤੀ ਜਾਵੇਗੀ। ਇਸ ਧਾਰਾ ਮੁਤਾਬਕ ਜੇਕਰ ਕੋਈ ਵਿਅਕਤੀ ਜਾਣਬੁਝ ਕੇ ਰਾਸ਼ਟਰ ਗਾਣੇ ਵਿਚ (ਬਾਕੀ ਸਫਾ 11 'ਤੇ)

### ਮਾਂ ਨੇ 2 ਬੱਚਿਆਂ ਸਣੇ ਵੇਈਂ ਨਦੀ 'ਚ ਮਾਰੀ ਛਾਲ, ਦੋਹਾਂ ਮਾਸੂਮਾਂ ਦੀ ਮੌਤ

ਸੁਲਤਾਨਪੁਰ ਲੋਧੀ , 6 ਮਈ (ਚ.ਨ.ਸ.): ਇਥੇ ਅੱਜ ਇੱਕ ਮਾਂ ਵੱਲੋਂ ਆਪਣੇ ਨਿੱਕੇ-ਨਿੱਕੇ 2 ਮਾਸੂਮ ਬੱਚਿਆਂ ਸਮੇਤ ਵੇਈਂ ਨਦੀ ਵਿੱਚ ਛਾਲ ਮਾਰ ਕੇ ਜੀਵਨ ਲੀਲਾ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਮਿਲੀ ਜਾਣਕਾਰੀ ਅਨੁਸਾਰ ਸਿਮਰਨ ਕੌਰ, ਪਤਨੀ ਭਰਪੂਰ ਸਿੰਘ ਵਾਸੀ ਪਿੰਡ ਅਦਾਲਤ ਚੱਕ, ਕਿਸੇ ਅਣਜਾਣੇ ਦਰਦ ਅਤੇ ਮਾਨਸਿਕ ਤਣਾਅ ਹੇਠ ਆ ਕੇ ਇਹ ਖੌਫਨਾਕ ਕਦਮ ਚੁੱਕ ਬੈਠੀ। ਉਸ ਨੇ ਆਪਣੇ ਦੋ ਨਿੱਕੇ ਪੁੱਤਰਾਂ ਵੀਰਪ੍ਰਤਾਪ ਸਿੰਘ ਅਤੇ ਗੁਰਪ੍ਰਤਾਪ ਸਿੰਘ ਨੂੰ ਨਾਲ ਲੈ ਕੇ ਨਦੀ ਵਿੱਚ ਛਾਲ ਮਾਰ ਦਿੱਤੀ। ਜਿਹਨਾਂ ਵਿੱਚੋਂ ਇੱਕ ਬੱਚੇ ਨੂੰ ਉਹ ਸਕੂਲ ਤੋਂ ਲੈ ਕੇ ਆਈ ਸੀ। ਉਥੋਂ ਲੰਘ ਰਹੇ ਰਾਹਗੀਰਾਂ ਨੇ ਜਦੋਂ ਇਹ ਦ੍ਰਿਸ਼ ਦੇਖਿਆ ਤਾਂ ਤੁਰੰਤ ਹਿੰਮਤ ਦਿਖਾਉਂਦੇ ਹੋਏ ਮਾਂ ਨੂੰ ਬਚਾ ਲਿਆ। ਪਰ ਕਿਸਮਤ ਇੰਨੀ ਮਿਹਰਬਾਨ ਨਾ ਹੋ ਸਕੀ, ਦੋਹਾਂ ਮਾਸੂਮ ਬੱਚਿਆਂ ਦੀ ਜ਼ਿੰਦਗੀ ਪਾਣੀ ਦੀਆਂ ਲਹਿਰਾਂ ਵਿੱਚ ਹੀ ਖਤਮ ਹੋ ਗਈ।

ਬਿੱਟੂ ਵੱਲੋਂ ਮੁੱਖ ਮੰਤਰੀ ਨੂੰ ਚੁਣੌਤੀ

# 'ਸਬੂਤ ਹਨ ਤਾਂ ਭਾਜਪਾ 'ਤੇ ਕੇਸ ਦਰਜ ਕਰੋ'



ਚੰਡੀਗੜ੍ਹ, 6 ਮਈ (ਹਰਦੀਪ ਕੌਰ): ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਮੁਖੀ ਵਿਨੀਤ ਜੋਸ਼ੀ ਦੀ ਮੌਜੂਦਗੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਹਨਾਂ ਕੋਲ ਭਾਜਪਾ ਖ਼ਿਲਾਫ਼ ਕੋਈ ਸਬੂਤ ਹਨ ਤਾਂ ਤੁਰੰਤ ਕੇਸ ਦਰਜ ਕੀਤਾ ਜਾਵੇ, ਨਹੀਂ ਤਾਂ ਪੰਜਾਬ ਦੇ ਲੋਕਾਂ ਅਤੇ ਭਾਜਪਾ ਤੋਂ ਮਾਫ਼ੀ ਮੰਗੀ ਜਾਵੇ।

ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਆਪਰੇਸ਼ਨ ਸਿੰਦੂਰ ਤੋਂ ਬਾਅਦ ਪੂਰਾ ਦੇਸ਼ ਦੇਸ਼ਭਗਤੀ ਅਤੇ ਤਿਰੰਗੇ ਦੇ ਸਨਮਾਨ ਵਿੱਚ ਇਕੱਠਾ ਸੀ, ਪਰ ਇਸੇ ਦੌਰਾਨ ਪੰਜਾਬ ਵਿੱਚ ਹੋਏ ਬੰਬ ਧਮਾਕਿਆਂ ਨੂੰ ਲੈ ਕੇ ਮੁੱਖ ਮੰਤਰੀ ਵੱਲੋਂ ਭਾਜਪਾ 'ਤੇ ਲਗਾਏ ਦੋਸ਼ ਬਹੁਤ ਹੀ ਗੰਭੀਰ ਅਤੇ ਦੁੱਖਦਾਈ ਹਨ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਖੁਦ ਕਹਿ ਚੁੱਕੇ ਹਨ ਕਿ ਪੰਜਾਬ ਨੂੰ ਅਸਥਿਰ ਕਰਨ ਲਈ ਆਈਐਸਆਈ ਸਰਗਰਮ ਹੈ, ਜਦਕਿ ਦੂਜੇ ਪਾਸੇ ਮੁੱਖ ਮੰਤਰੀ ਬਿਨਾਂ ਸਬੂਤ ਭਾਜਪਾ ਨੂੰ ਬਦਨਾਮ ਕਰਨ ਵਿੱਚ ਲੱਗੇ ਹੋਏ ਹਨ।

ਬਿੱਟੂ ਨੇ ਕਿਹਾ ਕਿ ਭਾਜਪਾ ਦੇ ਦਫ਼ਤਰਾਂ ਅਤੇ ਆਗੂਆਂ 'ਤੇ ਪਹਿਲਾਂ ਵੀ ਹਮਲੇ ਹੋ ਚੁੱਕੇ ਹਨ। ਉਹਨਾਂ ਜਲੰਧਰ ਵਿੱਚ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਗ੍ਰਨੇਡ ਹਮਲੇ ਦਾ ਜ਼ਿਕਰ ਕਰਦਿਆਂ ਪੁੱਛਿਆ ਕਿ ਅੱਜ ਤੱਕ ਉਸ ਮਾਮਲੇ ਵਿੱਚ ਕੀ ਕਾਰਵਾਈ ਹੋਈ ਅਤੇ ਦੋਸ਼ੀਆਂ ਨੂੰ ਕਿਉਂ ਨਹੀਂ ਫੜਿਆ ਗਿਆ। ਉਹਨਾਂ ਕਿਹਾ ਕਿ ਭਾਜਪਾ ਦੇ ਆਗੂ ਅਤੇ ਵਰਕਰ ਦੇਸ਼ਭਗਤ ਹਨ ਅਤੇ ਦੇਸ਼ ਵਿਰੋਧੀ (ਬਾਕੀ ਸਫਾ 11 'ਤੇ)

# ਭਾਜਪਾ ਵਿਰੋਧੀ ਬੰਗਾਲੀ ਮੀਡੀਆ ਨੇ ਬੰਗਾਲ 'ਚ ਆਪਣਾ ਰੰਗ ਢੰਗ ਬਦਲਿਆ

## ਇਹ ਭਾਰਤੀ ਮੀਡੀਆ ਦੇ ਸੱਤਾ ਦੇ ਨਾਲ ਚੱਲਣ ਦਾ ਨਵਾਂ ਸਮਾਂ ਹੈ

## ਹੁਣ ਗੋਦੀ ਤੇ ਮੋਦੀ ਮੀਡੀਆ ਦੀ ਭੂਮਿਕਾ ਤੇ ਪਰਿਭਾਸ਼ਾ ਵੀ ਬਦਲੇਗੀ

**ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ**
**ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**

========================

ਅੱਜ ਬੰਗਾਲ ਦੀ ਰਾਜਨੀਤੀ ਵਿੱਚ ਹਾਲ ਹੀ ਵਿੱਚ ਆਈ ਤਬਦੀਲੀ ਨੇ ਨਾ ਸਿਰਫ਼ ਰਾਜਨੀਤਿਕ ਪਾਰਟੀਆਂ ਨੂੰ, ਸਗੋਂ ਮੀਡੀਆ ਦੇ ਰਵੱਈਏ ਨੂੰ ਵੀ ਬੇਨਕਾਬ ਕਰ ਦਿੱਤਾ ਹੈ।

ਬੰਗਾਲ ਵਿੱਚ ਅੱਜ ਅੰਗਰੇਜ਼ੀ ਅਖ਼ਬਾਰ 'ਦ ਟੈਲੀਗ੍ਰਾਫ' ਦਾ ਪਹਿਲਾ ਪੰਨਾ ਇਸ ਤਬਦੀਲੀ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਇੱਕ ਵਾਰ ਆਪਣੇ ਭਾਜਪਾ ਵਿਰੋਧੀ ਰੁਖ਼ ਲਈ ਜਾਣਿਆ ਜਾਂਦਾ ਸੀ, ਇਹ ਅਖ਼ਬਾਰ ਹੁਣ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ ਨੂੰ ਉਸੇ ਹਮਲਾਵਰ ਸੁਰ ਨਾਲ ਨਿਸ਼ਾਨਾ ਬਣਾਉਂਦਾ ਜਾਪਦਾ ਹੈ।

ਅੱਜ ਪਹਿਲੇ ਪੰਨੇ ਦੀ ਵਿਸ਼ਾਲ ਸੁਰਖੀ, 'ਮੈਡਮ, ਇਹ ਉਹ ਹੈ ਜੋ ਅਸਵੀਕਾਰਨ ਦਿਖਾਈ ਦਿੰਦਾ ਹੈ,' ਸਿਰਫ਼ ਇੱਕ ਖ਼ਬਰ ਦੀ ਸੁਰਖੀ ਨਹੀਂ ਹੈ, ਸਗੋਂ ਇੱਕ ਰਾਜਨੀਤਿਕ ਸੰਦੇਸ਼ ਵਾਂਗ ਪੜ੍ਹੀ ਜਾਂਦੀ ਹੈ। ਤਸਵੀਰਾਂ ਦੀ ਚੋਣ,


The Telegraph
VORTEX OF VIOLENCE
MADAM, THIS IS WHAT REJECTION LOOKS LIKE
Vijay sounds out DMK allies, Cong ready
Did not lose, will not quit: Mamata

ਭਾਸ਼ਾ ਦਾ ਸੁਰ ਅਤੇ ਪੂਰੇ ਪੰਨੇ ਦੀ ਬਣਤਰ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਅਖ਼ਬਾਰ ਹੁਣ ਆਪਣੀ ਸੰਪਾਦਕੀ ਦਿਸ਼ਾ ਨੂੰ ਨਵੀਂ ਸ਼ਕਤੀ ਗਤੀਸ਼ੀਲਤਾ ਦੇ ਅਨੁਸਾਰ ਢਾਲ ਰਿਹਾ ਹੈ।ਅੱਜ ਅਸਲ ਸਵਾਲ ਇਹ ਹੈ ਕਿ ਕੀ ਮੀਡੀਆ ਨੂੰ ਸਥਾਪਤੀ ਵਿਰੋਧੀ ਹੋਣਾ ਚਾਹੀਦਾ ਹੈ ਜਾਂ ਕੀ ਸੱਤਾ ਬਦਲਣ ਨਾਲ ਵਿਰੋਧੀ ਧਿਰ ਦਾ ਚਿਹਰਾ ਬਦਲ ਜਾਣਾ ਚਾਹੀਦਾ ਹੈ। ਜਦੋਂ ਬੰਗਾਲ ਵਿੱਚ ਭਾਜਪਾ ਉਭਾਰ ਰਹੀ ਸੀ ਅਤੇ ਮਮਤਾ ਬੈਨਰਜੀ ਇੱਕ ਮਜ਼ਬੂਤ ਸਥਿਤੀ ਵਿੱਚ ਸੀ, ਤਾਂ 'ਦ ਟੈਲੀਗ੍ਰਾਫ' ਭਾਜਪਾ 'ਤੇ ਬਹੁਤ ਤਿੱਖੇ ਹਮਲੇ ਕਰਦਾ ਸੀ। ਹੁਣ ਜਦੋਂ ਚੋਣ ਨਤੀਜਿਆਂ ਨੇ ਮਮਤਾ ਦੀ ਰਾਜਨੀਤਿਕ ਪਕੜ ਨੂੰ ਕਮਜ਼ੋਰ ਕਰ ਦਿੱਤਾ ਹੈ, ਤਾਂ ਉਹੀ ਅਖ਼ਬਾਰ ਅਚਾਨਕ ਜਨਤਕ 'ਅਸਵੀਕਾਰ' ਦਾ ਸਭ ਤੋਂ ਵੱਧ ਬੋਲਿਆ ਵਿਆਖਿਆਕਾਰ ਬਣ ਗਿਆ ਹੈ। (ਬਾਕੀ ਸਫਾ 11 'ਤੇ)

# ਮੱਧ ਪ੍ਰਦੇਸ਼ 'ਚ ਮੰਦਰ ਲਈ ਕਣਕ ਦਾਨ ਦੇਣ ਤੋਂ ਨਾਂਹ ਕਰਨ 'ਤੇ ਦਲਿਤ ਪਰਿਵਾਰ ਦੀ ਕੁੱਟਮਾਰ



ਛਤਰਪੁਰ, 6 ਮਈ (ਚ.ਨ.ਸ.): ਬੁੰਦੇਲਖੰਡ ਦੇ ਛਤਰਪੁਰ ਵਿੱਚ ਦਲਿਤਾਂ ਨੂੰ ਇੱਕ ਵਾਰ ਫਿਰ ਸ਼ਕਤੀਸ਼ਾਲੀ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਹੈ। ਪਿੰਡ ਦੇ ਤਾਕਤਵਰ ਲੋਕਾਂ ਨੇ ਇੱਕ ਦਲਿਤ ਪਰਿਵਾਰ ਨੂੰ ਮੰਦਰ ਲਈ ਮੰਗੇ ਗਏ ਦਾਨ ਦੀ ਅਦਾਇਗੀ ਨਾ ਕਰਨ 'ਤੇ ਬੇਰਹਿਮੀ ਨਾਲ ਕੁੱਟਿਆ।

ਪਰਿਵਾਰ ਦੇ ਪੰਜ ਮੈਂਬਰਾਂ ਨੂੰ ਡੰਡਿਆਂ ਨਾਲ ਬੇਰਹਿਮੀ ਨਾਲ ਕੁੱਟਿਆ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਹਰਕਤ ਵਿੱਚ ਆਈ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ। ਆਸਥਾ ਅਤੇ ਦਾਨ ਦੇ ਨਾਮ 'ਤੇ ਛੱਤਰਪੁਰ ਦੇ ਸਿਵਲ ਲਾਈਨ ਥਾਣੇ ਅਧੀਨ ਪੈਂਦੇ ਪਿੰਡ ਮਹਾਰਾਜਗੰਜ ਵਿੱਚ ਤਾਕਤਵਰ ਲੋਕਾਂ ਨੇ ਇੱਕ ਦਲਿਤ 'ਤੇ ਕਹਿਰ ਢਾਹਿਆ। ਇੱਕ ਦਲਿਤ ਪਰਿਵਾਰ ਦੀ ਗਲਤੀ ਸਿਰਫ਼ ਇਹ ਸੀ ਕਿ ਉਹ ਮੰਦਰ ਲਈ 2 ਕੁਇੰਟਲ ਕਣਕ ਤੱਕ ਦਾਨ ਨਾ ਦੇ ਸਕਿਆ। ਜਦੋਂ ਪਿੰਡ ਦੇ ਸ਼ਿਆਮ ਪਟੇਲ, ਹਰਦਿਆਲ ਪਟੇਲ, ਕ੍ਰਿਪਾਲ ਪਟੇਲ, ਰਾਜਾ ਭਈਆ ਪਟੇਲ ਅਤੇ ਸ਼੍ਰੀਪਤ ਪਟੇਲ ਉੱਥੇ ਪਹੁੰਚੇ ਤਾਂ ਇੱਕ 55 ਸਾਲਾ ਵਿਅਕਤੀ ਆਪਣੇ ਪਰਿਵਾਰ ਨਾਲ ਘਰ ਵਿੱਚ ਮੌਜੂਦ ਸੀ। ਇਨ੍ਹਾਂ ਲੋਕਾਂ ਨੇ ਮੰਦਰ ਦੇ ਨਾਮ 'ਤੇ ਦੋ ਕੁਇੰਟਲ ਕਣਕ ਦੀ ਮੰਗ ਕੀਤੀ। (ਬਾਕੀ ਸਫਾ 11 'ਤੇ)

## ਸੰਪਾਦਕੀ

# ਇਮਾਨਦਾਰ ਪਹਿਲਕਦਮੀ ਦੀ ਲੋੜ

ਦੇਸ਼ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਸਰਬਸੰਮਤੀ ਨਾਲ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਦਾ ਸਮਰਥਨ ਕਰਦੀਆਂ ਹਨ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਢੁੱਕਵੀਂ ਪ੍ਰਤੀਨਿੱਧਤਾ ਯਕੀਨੀ ਬਣਾਉਣ ਲਈ 33% ਰਾਖਵਾਂਕਰਨ ਬਿੱਲ ਪਾਸ ਕਰਨ ਵਿੱਚ ਸਾਰੀਆਂ ਪਾਰਟੀਆਂ ਨੇ ਭੂਮਿਕਾ ਨਿਭਾਈ। ਪਰ ਕੀ ਲਗਭਗ ਸਾਰੀਆਂ ਪਾਰਟੀਆਂ, ਜੋ ਔਰਤਾਂ ਦੀ ਪ੍ਰਤੀਨਿੱਧਤਾ ਪ੍ਰਤੀ ਗੰਭੀਰ ਦਿਖਾਈ ਦਿੰਦੀਆਂ ਹਨ, ਇਸ ਮੁੱਦੇ 'ਤੇ ਠੋਸ ਕਦਮ ਨਹੀਂ ਚੁੱਕਣਗੀਆਂ ਜਦੋਂ ਤੱਕ ਵਿਧਾਨਕ ਰਾਖਵਾਂਕਰਨ ਪ੍ਰਣਾਲੀ ਨੂੰ ਅਮਲ ਵਿੱਚ ਲਾਗੂ ਨਹੀਂ ਕੀਤਾ ਜਾਂਦਾ? ਕੀ ਕਾਰਨ ਹੈ ਕਿ ਜਦੋਂ ਵੀ ਦੇਸ਼ ਵਿੱਚ ਲੋਕ ਸਭਾ ਜਾਂ ਰਾਜ ਵਿਧਾਨ ਸਭਾਵਾਂ ਲਈ ਚੋਣਾਂ ਹੁੰਦੀਆਂ ਹਨ ਤਾਂ ਲੋੜੀਂਦੀ ਗਿਣਤੀ ਵਿੱਚ ਔਰਤਾਂ ਨੂੰ ਟਿਕਟਾਂ ਪ੍ਰਦਾਨ ਕਰਨ ਦੀ ਸੱਚੀ ਇੱਛਾ ਸ਼ਕਤੀ ਦੀ ਘਾਟ ਹੁੰਦੀ ਹੈ? ਇਹ ਧਿਆਨ ਦੇਣ ਯੋਗ ਹੈ ਕਿ ਚਾਰ ਰਾਜਾਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ ਪਾਰਟੀਆਂ ਦੁਆਰਾ ਟਿਕਟਾਂ ਪ੍ਰਾਪਤ ਔਰਤਾਂ ਦੀ ਗਿਣਤੀ ਅਤੇ ਜੇਤੂਆਂ ਦੀ ਗਿਣਤੀ, ਔਰਤਾਂ ਦੀ ਭਾਗੀਦਾਰੀ ਲਈ ਰਾਜਨੀਤਿਕ ਪਾਰਟੀਆਂ ਦੀ ਜਨਤਕ ਚਿੰਤਾ ਦੀ ਇਮਾਨਦਾਰੀ 'ਤੇ ਸਵਾਲ ਉਠਾਉਂਦੀ ਹੈ। ਦਰਅਸਲ, ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਪੁਡੂਚੇਰੀ ਵਿੱਚ ਹੋਈਆਂ ਚੋਣਾਂ ਵਿੱਚ ਕੁੱਲ 824 ਸੀਟਾਂ 'ਤੇ ਚੋਣ ਲੜੀ ਗਈ ਸੀ, ਅਤੇ ਔਰਤਾਂ ਦੇ ਜਿੱਤਣ ਦਾ ਅਨੁਪਾਤ ਬਹੁਤ ਘੱਟ ਸੀ। ਨਤੀਜਿਆਂ ਅਨੁਸਾਰ ਇਨ੍ਹਾਂ ਪੰਜ ਰਾਜਾਂ ਵਿੱਚ ਔਰਤਾਂ ਨੇ ਸਿਰਫ਼ ਪੰਜ ਪ੍ਰਤੀਸ਼ਤ ਸੀਟਾਂ ਜਿੱਤੀਆਂ ਸਨ। ਇਨ੍ਹਾਂ ਰਾਜਾਂ ਵਿੱਚ ਵੱਖ-ਵੱਖ ਪਾਰਟੀਆਂ ਨੇ ਔਰਤਾਂ ਨੂੰ ਟਿਕਟ ਦੇਣ ਸਬੰਧੀ ਆਪਣੀਆਂ ਦੱਸੀਆਂ ਗਈਆਂ ਚਿੰਤਾਵਾਂ ਦੇ ਉਲਟ ਇੱਕ ਰਣਨੀਤੀ ਵੀ ਅਪਣਾਈ। ਉਦਾਹਰਣ ਵਜੋਂ ਭਾਜਪਾ, ਜੋ ਪੱਛਮੀ ਬੰਗਾਲ ਵਿੱਚ 207 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਸੀ, ਨੇ ਸਾਰੀਆਂ 294 ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ, ਪਰ ਸਿਰਫ਼ 33 ਸੀਟਾਂ 'ਤੇ ਔਰਤਾਂ ਨੂੰ ਮੌਕੇ ਦਿੱਤੇ। ਦੂਜੇ ਪਾਸੇ ਤ੍ਰਿਣਮੂਲ ਕਾਂਗਰਸ ਨੇ ਆਪਣੀਆਂ 291 ਸੀਟਾਂ ਵਿੱਚੋਂ 52 ਔਰਤਾਂ ਨੂੰ ਟਿਕਟਾਂ ਦਿੱਤੀਆਂ। ਨਤੀਜੇ ਵਜੋਂ ਔਰਤਾਂ ਨੇ ਰਾਜ ਦੀਆਂ ਕੁੱਲ ਸੀਟਾਂ ਦਾ ਸਿਰਫ਼ ਦਸ ਪ੍ਰਤੀਸ਼ਤ ਹੀ ਜਿੱਤਿਆ। ਦੂਜੇ ਪਾਸੇ, ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇੱਕ ਵੱਡਾ ਬਦਲਾਅ ਆਇਆ, ਜਿੱਥੇ ਟੀਵੀਕੇ, ਜੋ ਕਿ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ, ਨੇ 234 ਸੀਟਾਂ 'ਤੇ ਚੋਣ ਲੜੀ ਪਰ ਸਿਰਫ਼ ਚੌਵੀ ਮਹਿਲਾ ਉਮੀਦਵਾਰ ਹੀ ਖੜ੍ਹੇ ਕੀਤੇ। ਭਾਜਪਾ ਅਤੇ ਇਸਦੇ ਸਹਿਯੋਗੀ ਜੋ ਕਿ ਅਸਾਮ ਵਿੱਚ ਦੁਬਾਰਾ ਜਿੱਤੇ, ਨੇ 126 ਸੀਟਾਂ ਵਿੱਚੋਂ ਸਿਰਫ਼ ਛੇ ਔਰਤਾਂ ਨੂੰ ਟਿਕਟਾਂ ਦਿੱਤੀਆਂ। ਕੇਰਲ ਵਿੱਚ ਜਿੱਤਣ ਵਾਲੀ ਯੂਡੀਐਫ ਨੇ ਸਿਰਫ਼ ਦਸ ਔਰਤਾਂ ਨੂੰ ਮੌਕੇ ਦਿੱਤੇ। ਸਪੱਸ਼ਟ ਤੌਰ 'ਤੇ ਲਗਭਗ ਸਾਰੀਆਂ ਪਾਰਟੀਆਂ ਨੇ ਮਹਿਲਾ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਨ ਵਿੱਚ ਬਹੁਤ ਘੱਟ ਉਤਸ਼ਾਹ ਦਿਖਾਇਆ। ਹਾਲਾਂਕਿ, ਸੰਸਦ ਵਿੱਚ ਹੱਦਬੰਦੀ ਬਿੱਲ ਪਾਸ ਕਰਨ ਵਿੱਚ ਹਾਲ ਹੀ ਵਿੱਚ ਹੋਈ ਅਸਫਲਤਾ ਦੇ ਸੰਦਰਭ ਵਿੱਚ ਔਰਤਾਂ ਦੇ ਰਾਖਵੇਂਕਰਨ ਦਾ ਮੁੱਦਾ ਵੀ ਇੱਕ ਚੋਣ ਮੁੱਦਾ ਬਣ ਗਿਆ ਅਤੇ ਭਾਜਪਾ ਨੇ ਇਸ ਮੁੱਦੇ 'ਤੇ ਵਿਰੋਧੀ ਪਾਰਟੀਆਂ ਨੂੰ ਸਵਾਲ ਕੀਤੇ। ਵਿਅੰਗਾਤਮਕ ਤੌਰ 'ਤੇ ਔਰਤਾਂ ਦੀ ਭਾਗੀਦਾਰੀ ਵਧਾਉਣ ਦੇ ਆਪਣੇ ਦੱਸੇ ਗਏ ਦਾਅਵਿਆਂ ਦੇ ਬਾਵਜੂਦ, ਭਾਜਪਾ ਸਮੇਤ ਸਾਰੀਆਂ ਪਾਰਟੀਆਂ ਵਿੱਚ ਟਿਕਟਾਂ ਜਾਰੀ ਕਰਨ ਦੀ ਇੱਛਾ ਸ਼ਕਤੀ ਦੀ ਘਾਟ ਜਾਪਦੀ ਹੈ। ਕੀ ਇਹ ਮੁੱਖ ਕਾਰਨ ਨਹੀਂ ਹੈ ਕਿ ਵਿਧਾਨ ਸਭਾ ਵਿੱਚ ਔਰਤਾਂ ਦੀ ਪ੍ਰਤੀਨਿੱਧਤਾ ਵਧਾਉਣ ਅਤੇ ਇੱਕ ਨਿਰਪੱਖ ਸੰਤੁਲਨ ਬਣਾਈ ਰੱਖਣ ਲਈ ਰਾਖਵੇਂਕਰਨ ਦੀ ਲੋੜ ਹੈ? ਸਿਰਫ਼ ਰਸਮੀ ਤੌਰ 'ਤੇ ਕਿਸੇ ਔਰਤ ਨੂੰ ਟਿਕਟ ਦੇਣਾ ਇਮਾਨਦਾਰੀ ਨੂੰ ਦਰਸਾਉਂਦਾ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਔਰਤਾਂ ਦੇ ਰਾਖਵੇਂਕਰਨ ਨੂੰ ਜਲਦੀ ਲਾਗੂ ਕੀਤਾ ਜਾਵੇ ਅਤੇ ਨਾਲ ਹੀ ਸਾਰੀਆਂ ਰਾਜਨੀਤਿਕ ਪਾਰਟੀਆਂ ਔਰਤਾਂ ਨੂੰ ਅਧਿਕਾਰ ਵਜੋਂ ਵਧੇਰੇ ਮੌਕੇ ਪ੍ਰਦਾਨ ਕਰਨ ਲਈ ਇਮਾਨਦਾਰ ਪਹਿਲਕਦਮੀਆਂ ਕਰਨ। **-ਜਗਜੀਤ ਸਿੰਘ ਦਰਦੀ**

## ਪੰਜਾਬ ਅਮਨ ਤੇ ਸਾਂਝੀਵਾਲਤਾ ਦੀ ਧਰਤੀ ਹੈ!

# ਪੰਜਾਬ ਸਰਬੱਤ ਦੇ ਭਲੇ ਲਈ ਹਮੇਸ਼ਾ ਖੜ੍ਹਾ ਹੋਇਆ ਹੈ

### ਪੰਜਾਬ ਵਿੱਚ ਇਹ ਘਟਨਾਵਾਂ ਰਾਜਨੀਤਿਕ ਪਾਰਟੀਆਂ ਦੀ ਪੈਂਤਰੇਬਾਜ਼ੀ ਦਾ ਨਤੀਜਾ ਹਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਇਕ ਵਾਰ ਫਿਰ ਦੋਰਾਹੇ 'ਤੇ ਖੜ੍ਹਾ ਹੈ। ਬੰਬ ਬਲਾਸਟ ਤੇ ਅਮਨ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਜਾਰੀ ਹਨ ਪਰ ਪੰਜਾਬ ਦੇ ਲੋਕ ਜਾਣਦੇ ਹਨ ਕਿ ਇਹ ਗੁਰੂਆਂ ਦੀ ਧਰਤੀ ਹੈ ਤੇ ਪੰਜਾਬ ਅਮਨ ਦਾ ਪ੍ਰਤੀਕ ਹੈ। ਅੱਜ ਪੰਜਾਬ ਅਮਨ ਦੀ ਆਹਟ ਅਤੇ ਰਾਜਨੀਤੀ ਦਾ ਖੋਖਲਾਪਨ ਵੇਖ ਰਿਹਾ ਹੈ। ਅੱਜ ਲੋਕਾਂ ਨੂੰ ਉੱਠਣਾ ਪਵੇਗਾ। ਅੱਜ ਪੰਜਾਬ ਵਿੱਚ ਜਿਸ ਤਰ੍ਹਾਂ ਦਾ ਮਾਹੌਲ ਬਣ ਰਿਹਾ ਹੈ, ਉਹ ਕਿਸੇ ਵੀ ਸੁੱਖੀ ਧਰਤੀ ਲਈ ਚਿੰਤਾਜਨਕ ਹੈ। ਥਾਂ-ਥਾਂ ਬੰਬ ਧਮਾਕੇ ਹੋ ਰਹੇ ਹਨ, ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ ਅਤੇ ਰਾਜਨੀਤਿਕ ਪਾਰਟੀਆਂ ਇੱਕ-ਦੂਜੇ ਉੱਤੇ ਤੋਹਮਤਾਂ ਲਾਉਣ ਵਿੱਚ ਲੱਗੀਆਂ ਹਨ। ਇਸ ਵਿਚਕਾਰ ਗੁਰੂਆਂ ਦੀ ਧਰਤੀ ਉੱਤੇ ਸਦਭਾਵਨਾ ਅਤੇ ਭਾਈਚਾਰਕ ਏਕਤਾ ਦਾ ਸੁਨੇਹਾ ਲਗਾਤਾਰ ਖਤਰੇ ਵਿੱਚ ਪੈ ਰਿਹਾ ਹੈ ਪਰ ਇਸ ਸਭ ਦੇ ਬਾਵਜੂਦ ਪੰਜਾਬ ਅਜੇ ਵੀ ਆਪਣੀ ਅੰਦਰੂਨੀ ਤਾਕਤ 'ਤੇ ਖੜ੍ਹਾ ਹੈ—ਉਹ ਤਾਕਤ ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਚੱਲੀ ਆ ਰਹੀ ਹੈ।

ਅੱਜ ਪੰਜਾਬ ਇੱਕ ਵਾਰ ਫ਼ਿਰ ਉੱਠਣ ਦੇ ਮੋੜ 'ਤੇ ਖੜ੍ਹਾ ਹੈ। ਅੱਜ ਰਾਜਨੀਤਿਕ ਪਾਰਟੀਆਂ ਇਸ ਨੂੰ ਆਪਣੀਆਂ ਲੜਾਈਆਂ ਲਈ ਵਰਤ ਰਹੀਆਂ ਹਨ, ਪਰ ਪੰਜਾਬੀ ਲੋਕ ਹੁਣ ਆਪਣੇ ਭਵਿੱਖ ਬਾਰੇ ਖੁਦ ਫੈਸਲਾ ਲੈਣ ਲਈ ਤਿਆਰ ਹੋ ਰਹੇ ਹਨ। ਮੌਜੂਦਾ ਹਾਲਾਤ ਵਿੱਚ ਅਮਨ ਉੱਤੇ ਵਧਦਾ ਖਤਰਾ ਹੈ। ਪਿਛਲੇ ਛੇ ਮਹੀਨਿਆਂ ਵਿੱਚ ਪੰਜਾਬ ਵਿੱਚ ਘੱਟੋ-ਘੱਟ 18 ਬੰਬ ਧਮਾਕੇ ਅਤੇ 12 ਅਣਪਛਾਤੀਆਂ ਘਟਨਾਵਾਂ ਹੋ ਚੁੱਕੀਆਂ ਹਨ। ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਬਠਿੰਡਾ ਵਰਗੇ ਵੱਡੇ ਸ਼ਹਿਰਾਂ ਵਿੱਚ ਇਹ ਧਮਾਕੇ ਹੋਏ ਹਨ, ਜਿਨ੍ਹਾਂ ਵਿੱਚ 7 ਲੋਕਾਂ ਦੀ ਮੌਤ ਅਤੇ 40 ਤੋਂ ਵੱਧ ਲੋਕ ਘਾਇਲ ਹੋ ਚੁੱਕੇ ਹਨ। ਇਸ ਤੋਂ ਇਲਾਵਾ ਰਾਜ ਵਿੱਚ ਨਸ਼ਿਆਂ ਨਾਲ ਜੁੜੀਆਂ ਮੌਤਾਂ ਵੀ ਚਿੰਤਾਜਨਕ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਇੱਕ ਸਾਲ ਵਿੱਚ ਨਸ਼ਿਆਂ ਕਾਰਨ ਲਗਭਗ 1400 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ।

ਅੱਜ ਪੰਜਾਬ ਵਿੱਚ ਬੇਰੁਜ਼ਗਾਰੀ ਦਰ ਲਗਭਗ 7.2% ਤੱਕ ਪਹੁੰਚ ਚੁੱਕੀ ਹੈ, ਜਦਕਿ ਯੁਵਕ ਬੇਰੁਜ਼ਗਾਰੀ 15% ਤੋਂ ਵੀ ਉੱਪਰ ਹੈ। ਰਾਜ ਸਰਕਾਰ ਉੱਤੇ ਲਗਭਗ 3.8 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਵਿਚਕਾਰ ਧਮਾਕਿਆਂ ਵਰਗੀਆਂ ਘਟਨਾਵਾਂ ਨੇ ਲੋਕਾਂ ਵਿੱਚ ਭੈ ਅਤੇ ਅਸੁਰੱਖਿਆ ਦਾ ਮਾਹੌਲ ਬਣਾ ਦਿੱਤਾ ਹੈ।ਰਾਜਨੀਤਿਕ ਪਾਰਟੀਆਂ ਅਤੇ ਸਰਕਾਰ ਦਾ ਕਿਰਦਾਰ ਤੋਹਮਤਾਂ ਅਤੇ ਡਰਾਮਾ ਇਸ ਮਾਹੌਲ ਵਿੱਚ ਸਭ ਤੋਂ ਨਿੰਦਣਯੋਗ ਰੋਲ ਰਾਜਨੀਤਿਕ ਪਾਰਟੀਆਂ ਅਤੇ ਸਰਕਾਰ ਦਾ ਹੈ।

ਅੱਜ ਹਰ ਧਮਾਕੇ ਤੋਂ ਬਾਅਦ ਆਪਣੀਆਂ ਰੈਲੀਆਂ ਅਤੇ ਪ੍ਰੈੱਸ ਕਾਨਫਰੰਸਾਂ ਵਿੱਚ ਉਹ ਇੱਕ-ਦੂਜੇ ਉੱਤੇ ਤੋਹਮਤਾਂ ਲਾਉਣ ਵਿੱਚ ਲੱਗ ਜਾਂਦੀਆਂ ਹਨ। ਆਪ ਸਰਕਾਰ ਵਿਰੋਧੀ ਧਿਰ ਉੱਤੇ ਦਹਿਸ਼ਤਗਰਦੀ ਵਰਗੇ ਭਾਰੀ ਇਲਜ਼ਾਮ ਲਾਉਂਦੀ ਹੈ ਅਤੇ ਇਸ ਨੂੰ ਕੇਂਦਰ ਵੱਲੋਂ ਸਾਜਿਸ਼ ਤੱਕ ਲੈ ਜਾਂਦੀ ਹੈ। ਵਿਰੋਧੀ ਧਿਰ, ਖਾਸ ਕਰਕੇ ਅਕਾਲੀ ਦਲ ਅਤੇ ਕਾਂਗਰਸ, ਆਪ ਸਰਕਾਰ ਉੱਤੇ ਅਮਨ ਵਿਖਾਵੇ ਵਾਲੀ ਰਾਜਨੀਤੀ ਅਤੇ ਨਸ਼ਿਆਂ ਤੇ ਬੰਬ ਧਮਾਕਿਆਂ ਵਿੱਚ ਨਾਕਾਮੀ ਦਾ ਦੋਸ਼ ਲਾਉਂਦੀਆਂ ਹਨ। ਭਾਜਪਾ ਇਸ ਮੌਕੇ ਨੂੰ ਆਪਣੇ ਹੱਕ ਵਿੱਚ ਵਰਤਦੀ ਹੋਈ ਆਪ ਸਰਕਾਰ ਦੀ ਅਸਫਲਤਾ ਨੂੰ ਉਜਾਗਰ ਕਰਦੀ ਹੈ ਅਤੇ ਆਪਣੀਆਂ ਰਣਨੀਤੀਆਂ ਤੇਜ਼ ਕਰ ਰਹੀ ਹੈ।

ਅੱਜ ਇਹ ਤੋਹਮਤਾਂ ਲਾਉਣ ਵਾਲੀ ਰਾਜਨੀਤੀ ਪੰਜਾਬ ਲਈ ਬਹੁਤ ਖ਼ਤਰਨਾਕ ਹੈ। ਇਸ ਨਾਲ ਅਸਲ ਮੁੱਦੇ ਖੁਫੀਆ ਏਜੰਸੀਆਂ ਦੀ ਨਾਕਾਮੀ, ਪੁਲਿਸ ਸਿਸਟਮ ਵਿੱਚ ਖਾਮੀਆਂ ਅਤੇ ਧੱਕੇਸ਼ਾਹੀ ਵਾਲੀ ਰਾਜਨੀਤੀ ਢੱਕੇ ਜਾ ਰਹੇ ਹਨ। ਸਰਕਾਰ ਵੱਲੋਂ ਵੀ ਲਗਾਤਾਰ ਬਿਆਨਬਾਜ਼ੀ ਹੋ ਰਹੀ ਹੈ, ਪਰ ਧਰਤੀ ਉੱਤੇ ਅਮਨ ਵਾਪਸ ਲਿਆਉਣ ਲਈ ਕੋਈ ਠੋਸ ਯੋਜਨਾ, ਵਿਸ਼ੇਸ਼ ਟਾਸਕ ਫੋਰਸ ਜਾਂ ਖੁਫੀਆ ਢਾਂਚੇ ਨੂੰ ਮਜ਼ਬੂਤ ਕਰਨ ਵਾਲੀ ਕਾਰਵਾਈ ਨਜ਼ਰ ਨਹੀਂ ਆ ਰਹੀ। ਇਸ ਨਾਲ ਲੋਕਾਂ ਵਿੱਚ ਭਰੋਸਾ ਘੱਟ ਰਿਹਾ ਹੈ।ਰਾਜਨੀਤਿਕ ਅਰਥ ਅਤੇ ਆਉਣ ਵਾਲੀਆਂ ਚੋਣਾਂ ਉੱਤੇ ਅਸਰ ਇਸ ਅਸਥਿਰਤਾ ਦਾ ਰਾਜਨੀਤਿਕ ਅਰਥ ਬਹੁਤ ਡੂੰਘਾ ਹੈ।

ਅੱਜ ਭਾਜਪਾ ਇਸ ਮਾਹੌਲ ਨੂੰ 2027 ਵਿਧਾਨ ਸਭਾ ਚੋਣਾਂ ਲਈ ਵਰਤਣ ਦੀ ਪੂਰੀ ਤਿਆਰੀ ਵਿੱਚ ਹੈ। ਰਾਘਵ ਚੱਡਾ ਵਰਗੇ ਆਪ ਤੋਂ ਆਏ ਲੀਡਰਾਂ ਨੂੰ ਸ਼ਾਮਲ ਕਰਕੇ ਉਹ ਆਪਣੀ ਪਕੜ ਮਜ਼ਬੂਤ ਕਰ ਰਹੀ ਹੈ। ਆਪ ਸਰਕਾਰ ਲਈ ਇਹ ਮਾਹੌਲ ਬਹੁਤ ਖਤਰਨਾਕ ਹੈ ਕਿਉਂਕਿ ਲੋਕ ਉਸਦੀ ਅਸਫਲਤਾ ਨੂੰ ਲਗਾਤਾਰ ਦੇਖ ਰਹੇ ਹਨ। ਅਕਾਲੀ ਦਲ ਆਪਣੀ ਪੁਰਾਣੀ ਪਕੜ ਵਾਪਸ ਲੈਣ ਲਈ ਧਰਮੀ ਮੁੱਦਿਆਂ ਨੂੰ ਉਭਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਅੱਜ ਕਾਂਗਰਸ ਵੀ ਇਸ ਵਿਚਾਲੇ ਆਪਣੀ ਵਾਪਸੀ ਦੀ ਰਣਨੀਤੀ ਬਣਾ ਰਹੀ ਹੈ।ਇਸ ਨਾਲ ਪੰਜਾਬ ਵਿੱਚ ਚਾਰ-ਪੰਜ ਕੋਣੀ ਲੜਾਈ ਬਣ ਰਹੀ ਹੈ। ਧਰਮ ਅਤੇ ਭਾਈਚਾਰੇ ਨੂੰ ਰਾਜਨੀਤੀ ਵਿੱਚ ਘਸੀਟਣ ਨਾਲ ਲੋਕਾਂ ਵਿੱਚ ਵੰਡ ਵਧ ਰਹੀ ਹੈ, ਜੋ ਪੰਜਾਬ ਲਈ ਬਹੁਤ ਖਤਰਨਾਕ ਹੈ।ਲੋਕਾਂ ਨੂੰ ਉੱਠਣਾ ਪਵੇਗਾ। ਪੰਜਾਬ ਵਿੱਚ ਹੁਣ ਰਾਜਨੀਤਿਕ ਪਾਰਟੀਆਂ ਤੋਂ ਉਪਰ ਉੱਠ ਕੇ ਲੋਕਾਂ ਨੂੰ ਆਪਣਾ ਭਵਿੱਖ ਖੁਦ ਤੈਅ ਕਰਨਾ ਪਵੇਗਾ। ਉਨ੍ਹਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਪਵੇਗੀ ਅਤੇ ਰਾਜਨੀਤਿਕ ਲੀਡਰਾਂ ਨੂੰ ਜਵਾਬਦੇਹ ਬਣਾਉਣਾ ਪਵੇਗਾ।

ਅੱਜ ਪੰਜਾਬ ਗੁਰੂਆਂ ਦੀ ਧਰਤੀ ਉੱਤੇ ਲੋਕਾਂ ਨੂੰ ਫਿਰ ਉਸੇ ਸਾਂਝੀਵਾਲਤਾ ਅਤੇ ਸਦਭਾਵਨਾ ਦਾ ਸੁਨੇਹਾ ਲੈ ਕੇ ਉੱਠਣਾ ਪਵੇਗਾ। ਪੰਜਾਬ ਫ਼ਿਰ ਜਿੱਤੇਗਾ। ਉਹ ਆਪਣੇ ਹੌਸਲੇ ਨਾਲ, ਆਪਣੀ ਏਕਤਾ ਨਾਲ ਅਤੇ ਆਪਣੀ ਅੰਦਰੂਨੀ ਤਾਕਤ ਨਾਲ ਫਿਰ ਉੱਠੇਗਾ। ਰਾਜਨੀਤਿਕ ਪਾਰਟੀਆਂ ਆਪਣੀਆਂ ਲੜਾਈਆਂ ਲੜਦੀਆਂ ਰਹਿਣਗੀਆਂ, ਪਰ ਪੰਜਾਬੀ ਲੋਕ ਆਪਣੀ ਧਰਤੀ ਨੂੰ ਬਚਾਉਣ ਲਈ ਇੱਕਜੁੱਟ ਹੋਣਗੇ। ਇਹੀ ਪੰਜਾਬ ਦਾ ਅਸਲ ਚਿਹਰਾ ਹੈ ਗੁਰੂਆਂ ਦੀ ਧਰਤੀ, ਸਦਭਾਵਨਾ ਦਾ ਪ੍ਰਤੀਕ ਅਤੇ ਅਮਨ ਦੀ ਆਹਟ।

# ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ 'ਚ ਜਾਣ ਦੀ ਘੁਸਰ-ਮੁਸਰ



ਕਮਲਜੀਤ ਸਿੰਘ ਬਨਵੈਤ
98147 34035

- ☛ ਕੈਪਟਨ ਅਮਰਿੰਦਰ ਸਿੰਘ ਨੂੰ ਸਤਾਉਣ ਲੱਗਾ ਪਰਿਵਾਰ ਦਾ ਮੋਹ, ਉਹ ਲੋਚਦੇ ਨੇ ਪਤਨੀ ਤੇ ਬੇਟੀ ਨੂੰ ਸੈੱਟ ਕਰਨਾ
- ☛ ਕਾਂਗਰਸ ਨੂੰ ਨਹੀਂ ਲੋੜ ਰਹੀ ਕੈਪਟਨ ਅਮਰਿੰਦਰ ਸਿੰਘ ਦੀ, ਸਿਹਤ ਪੱਖੋਂ ਵੀ ਨਿਭਾਅ ਸਕਣਗੇ ਕੋਈ ਜ਼ਿੰਮੇਵਾਰੀ
- ☛ ਭਾਜਪਾ ਦੀਆਂ ਏਜੰਸੀਆਂ ਦੇ ਡੰਡੇ ਦਾ ਡਰ ਨਹੀਂ ਮੁੱਕਿਆ ਹਾਲੇ, ਘਰ ਪਰਤੇ ਤਾਂ ਨਹੀਂ ਬਖਸ਼ਣ ਲੱਗੀ ਭਾਜਪਾ
- ☛ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈ ਇੰਦਰ ਕੌਰ ਹੈ ਪੰਜਾਬ ਭਾਜਪਾ ਇਸਤਰੀ ਵਿੰਗ ਦੀ ਪ੍ਰਧਾਨ, ਵੋਟਰਾਂ ਦੇ ਨੇੜੇ ਦਾ ਰਾਬਤਾ

ਗੱਲ ਚਾਹੇ ਤੁਹਾਡੇ ਦਿਲ ਨੂੰ ਨਾ ਲੱਗੇ ਪਰ ਇਹ ਹੈ ਸੱਚ ਕਿ ਪੰਜਾਬ ਦੇ ਸਾਬਕਾ ਮੁੱਖ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੜ ਕਾਂਗਰਸ ਵਿੱਚ ਪਰਤਣ ਦੀ ਘੁਸਰ-ਮੁਸਰ ਹੋਣ ਲੱਗੀ ਹੈ। ਕੈਪਟਨ ਅਮਰਿੰਦਰ ਦਾ ਸਿਆਸਤ ਵਿੱਚ ਚਾਹੇ ਪਹਿਲਾਂ ਵਾਲਾ ਜਲੌਅ ਤਾਂ ਨਹੀਂ ਰਿਹਾ ਹੈ ਪਰ ਉਹ ਪੁਰਾਣੀ ਸਿਰਦਾਰੀ ਨੂੰ ਝੂਰਨ ਜ਼ਰੂਰ ਲੱਗੇ ਹਨ। ਉਸ ਤੋਂ ਵੀ ਉੱਪਰੋਂ ਕੈਪਟਨ ਅਮਰਿੰਦਰ ਸਿੰਘ ਨੂੰ ਪਰਿਵਾਰ ਦਾ ਮੋਹ ਸਤਾਉਣ ਲੱਗਾ ਹੈ। ਕਾਂਗਰਸ ਦੀ ਹਾਈਕਮਾਂਡ ਨੂੰ ਵੀ ਕੈਪਟਨ ਅਮਰਿੰਦਰ ਸਿੰਘ ਵੇਲੇ ਪਾਰਟੀ ਦੀ ਚੜ੍ਹਾਈ ਦੇ ਦਿਨ ਯਾਦ ਆ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹੇ ਹਨ। ਪਹਿਲੀ ਪਾਰੀ ਉਹ ਪੂਰੀ ਤਰ੍ਹਾਂ ਖੇਡ ਗਏ ਸਨ ਪਰ ਦੂਜੀ ਵਾਰ ਪੰਜ ਸਾਲ ਪੂਰੇ ਹੋਣ ਤੋਂ ਕੁਝ ਮਹੀਨੇ ਪਹਿਲਾਂ ਹੀ ਲਾਹ ਦਿੱਤਾ ਗਿਆ ਸੀ। ਪਾਰਟੀ ਦੇ ਅੰਦਰ ਦਾ ਵਿਰੋਧ ਉਹਨਾਂ ਨੂੰ ਲੈ ਬੈਠਾ। ਉਹਨਾਂ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਹੋਣ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਦਾ ਦਾਅ ਲੱਗ ਗਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਬਹੁਮਤ ਨਾਲ ਆਪਣੀ ਸਰਕਾਰ ਬਣਾ ਗਈ ਸੀ।

ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸ ਨੂੰ ਛੱਡਣਾ ਮਜਬੂਰੀ ਬਣਿਆ ਸੀ। ਉਦੋਂ ਚਰਚਾ ਤਾਂ ਇਹ ਵੀ ਸੀ ਕਿ ਉਹ ਮੁੱਖ ਮੰਤਰੀ ਕਾਂਗਰਸ ਵੱਲੋਂ ਬਣਾਏ ਗਏ ਸਨ ਪਰ ਸਿਆਸੀ ਗੀਟੀਆਂ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਖੇਡਦੇ ਰਹੇ। ਇੱਕ ਤਾਂ ਉਹਨਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਪਾਸੇ ਕਰਨ ਕਰਕੇ ਕਾਂਗਰਸ ਉੱਤੇ ਵੱਟ ਚੜ੍ਹਿਆ ਹੋਇਆ ਸੀ ਦੂਜਾ ਉਨ੍ਹਾਂ ਨੂੰ ਏਜੰਸੀਆਂ ਦਾ ਡਰ ਸਤਾਉਣ ਲੱਗਾ ਸੀ। ਏਜੰਸੀਆਂ ਸਟੇਟ ਦੀਆਂ ਹੋਣ ਜਾਂ ਕੇਂਦਰ ਦੀਆਂ ਜ਼ਿਆਦਾਤਰ ਸਿਆਸੀ ਲੀਡਰ ਥਰ-ਥਰ ਕੰਬਦੇ ਹਨ। ਦੂਰ ਨਾ ਜਾਈਏ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਵਿੱਚ ਰਹਿੰਦਿਆਂ ਜਦੋਂ ਕੁਝ ਮਹੀਨੇ ਪਹਿਲਾਂ ਜਦੋਂ ਕਿ ਮੀਡੀਆ ਇੰਟਰਵਿਊ ਵਿੱਚ ਉਹਨਾਂ ਨੇ ਆਪਣੀ ਹੀ ਪਾਰਟੀ 'ਤੇ ਸੂਈ ਧਰ ਦਿੱਤੀ ਸੀ ਤਾਂ ਉਸ ਤੋਂ ਬਾਅਦ ਇੱਕ ਕੇਂਦਰੀ ਏਜੰਸੀ ਨੇ ਉਹਨਾਂ ਦਾ ਆ ਦਰਵਾਜ਼ਾ ਖੜ੍ਹਕਾਇਆ। ਉਹਨਾਂ ਨੂੰ ਮੋਹਾਲੀ ਦੇ ਇੱਕ ਹਸਪਤਾਲ ਵਿੱਚ ਗੋਡੇ ਦਾ ਆਪਰੇਸ਼ਨ ਕਰਾਉਣ ਦੀਆਂ ਫੋਟੋਆਂ ਪਾ ਕੇ ਲੋਕਾਂ ਨੂੰ ਸਫਾਈ ਦੇਣੀ ਪਈ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਉਹਨਾਂ ਦੀ ਪਤਨੀ ਪਰਨੀਤ ਕੌਰ ਅਤੇ ਬੇਟੀ ਜੈ ਇੰਦਰ ਕੌਰ ਵੀ ਉਸੇ ਬੇੜੇ ਵਿੱਚ ਆ ਸਵਾਰ ਹੋਈਆਂ। ਪਰਨੀਤ ਕੌਰ ਤਾਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਵੇਲੇ ਰਾਜ ਮੰਤਰੀ ਵੀ ਰਹੇ ਹਨ। ਹੁਣ ਉਹਨਾਂ ਦੀ ਬੇਟੀ ਜੈ ਇੰਦਰ ਕੌਰ ਪੰਜਾਬ ਭਾਜਪਾ ਦੇ ਇਸਤਰੀ ਵਿੰਗ ਦੀ ਪ੍ਰਧਾਨ ਹੈ। ਬੀਬੀ ਪਰਨੀਤ ਕੌਰ ਦੀਆਂ ਸਰਗਰਮੀਆਂ ਸੀਮਤ ਹੋ ਸਕਦੀਆਂ ਹਨ ਪਰ ਜੈ ਇੰਦਰ ਕੌਰ ਪੂਰੀ ਤਰ੍ਹਾਂ ਲੋਕਾਂ ਵਿੱਚ ਵਿਚਰ ਰਹੀ ਹੈ। ਸਮਝਿਆ ਜਾਂਦਾ ਹੈ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਉਹਨਾਂ ਨੂੰ ਪਟਿਆਲਾ ਤੋਂ ਟਿਕਟ ਵੀ ਦਿੱਤੀ ਜਾ ਸਕਦੀ ਹੈ ਅਤੇ ਉਹ ਸਹਿਜੇ ਕਿਤੇ ਹਾਰਨ ਵਾਲੇ ਵੀ ਨਹੀਂ ਹਨ।

ਸੂਤਰਾਂ ਦਾ ਦਾਅਵਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਇੱਕ ਤਰ੍ਹਾਂ ਨਾਲ ਭਾਰਤੀ ਜਨਤਾ ਪਾਰਟੀ ਵਿੱਚ ਸਾਹ ਘੁੱਟਣ ਲੱਗਾ ਹੈ। ਉਹ ਇੱਕ ਤਰ੍ਹਾਂ ਨਾਲ ਤਣਾਅ ਵਿੱਚ ਚੱਲ ਰਹੇ ਹਨ। ਇੱਕ ਸਮਾਂ ਸੀ ਜਦੋਂ ਇਹ ਚਰਚਾ ਚੱਲ ਪਈ ਸੀ ਕਿ ਭਾਜਪਾ ਕੈਪਟਨ ਅਮਰਿੰਦਰ ਸਿੰਘ ਨੂੰ ਕਿਸੇ ਸੂਬੇ ਦਾ ਗਵਰਨਰ ਲਾ ਕੇ ਨਿਵਾਜ਼ ਸਕਦੀ ਹੈ ਪਰ ਅੱਜ ਕੱਲ੍ਹ ਉਹ ਕੈਪਟਨ ਅਮਰਿੰਦਰ ਸਿੰਘ ਭਾਜਪਾ ਨਾਲ ਅਤੇ ਭਾਜਪਾ ਕੈਪਟਨ ਅਮਰਿੰਦਰ ਸਿੰਘ ਨਾਲ ਦੂਰੀ ਬਣਾ ਕੇ ਚੱਲਣ ਲੱਗੇ ਹਨ। ਅਸਲ ਵਿੱਚ ਕੈਪਟਨ ਅਮਰਿੰਦਰ ਸਿੰਘ ਉਮਰ ਦੇ ਜਿਸ ਪੜਾਅ ਵਿੱਚ ਪਹੁੰਚ ਚੁੱਕੇ ਹਨ ਉਹ ਨਾ ਤਾਂ ਕਿਸੇ ਵੱਡੇ ਅਹੁਦੇ 'ਤੇ ਕੰਮ ਕਰਨ ਦੀ ਸਮਰੱਥਾ ਵਿੱਚ ਹਨ ਅਤੇ ਨਾ ਹੀ ਕਾਂਗਰਸ ਜਾਂ ਭਾਜਪਾ ਉਹਨਾਂ ਨੂੰ ਕੋਈ ਵੱਡੀ ਜ਼ਿੰਮੇਵਾਰੀ ਦੇਣ ਦੇ ਰੌਂਅ ਵਿੱਚ ਹੈ। ਪਰ ਉਨ੍ਹਾਂ ਨੂੰ ਆਪਣੀ ਉਮਰ ਦੇ ਆਖ਼ਰੀ ਪੜਾਅ ਵਿੱਚ ਪਰਿਵਾਰ ਨੂੰ ਸੈੱਟ ਕਰਨ ਦੀ ਚਿੰਤਾ ਸਤਾਉਣ ਲੱਗੀ ਹੈ। ਉਹ ਚਾਹੁੰਦੇ ਹਨ ਕਿ ਉਹਨਾਂ ਦੀ ਬੇਟੀ ਜੈ ਇੰਦਰ ਕੌਰ ਅਤੇ ਪਤਨੀ ਪਰਨੀਤ ਕੌਰ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ ਜਾਵੇ। ਉਹ ਸਰਕਾਰ ਦਾ ਹਿੱਸਾ ਬਣਨ। ਸ਼ਾਇਦ ਇਹੋ ਅਜਿਹਾ ਹੈ ਕਿ ਉਹਨਾਂ ਨੂੰ ਕਾਂਗਰਸ ਦੀ ਯਾਦ ਆਉਣ ਲੱਗੀ ਹੈ।

ਕਾਂਗਰਸ ਪਾਰਟੀ ਨਾਲ ਜੁੜੇ ਸੂਤਰ ਇਹ ਦਾਅਵਾ ਕਰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਲੈ ਕੇ ਪਾਰਟੀ ਵਿੱਚ ਘੁਸਰ-ਮੁਸਰ ਤਾਂ ਚੱਲ ਰਹੀ ਹੈ ਪਰ ਇਹ ਵੀ ਪਤਾ ਹੈ ਕਿ ਸਿੱਕਾ ਚੱਲਣ ਵਾਲਾ ਨਹੀਂ ਹੈ।

ਇੱਕ ਹੋਰ ਗੱਲ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੇ ਕਾਂਗਰਸ ਪਾਰਟੀ ਵਿੱਚ ਪਰਤਣਾ ਹੋਇਆ ਤਾਂ ਦੋਹਾਂ ਧਿਰਾਂ ਨੂੰ ਕਿਸੇ ਵਿਚੋਲੇ ਦੀ ਲੋੜ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਦੇ ਗਾਂਧੀ ਪਰਿਵਾਰ ਨਾਲ ਪਰਿਵਾਰਕ ਸਬੰਧ ਹਨ। ਉਹ ਇੱਕੋ ਇੱਕ ਨੇਤਾ ਹਨ, ਜਿਹੜੇ ਕਾਂਗਰਸ ਦੀ ਸੁਪਰੀਮੋ ਨੂੰ ਸੋਨੀਆ ਕਹਿ ਕੇ ਬੁਲਾਉਂਦੇ ਹਨ। ਉਨ੍ਹਾਂ ਦੀ ਗਾਂਧੀ ਪਰਿਵਾਰ ਨਾਲ ਸਾਂਝ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਵੇਲੇ ਦੀ ਹੈ। ਪੱਕੀ ਗੱਲ ਇਹ ਵੀ ਹੈ ਕਿ ਜੇ ਦੋਹਾਂ ਧਿਰਾਂ ਦੀ ਨੇੜਤਾ ਹੋਣੀ ਹੋਈ ਤਾਂ ਕਾਂਗਰਸ ਹਾਈਕਮਾਂਡ ਦੀ ਹਾਮੀ ਦੀ ਲੋੜ ਨਹੀਂ ਮੋਹਰ ਤਾਂ ਸੋਨੀਆ ਦੇ ਘਰੋਂ ਲੱਗਣੀ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਭਾਜਪਾ ਛੱਡ ਕੇ ਜਾਣਾ ਰਾਸ ਆਉਣ ਵਾਲਾ ਨਹੀਂ ਹੈ। ਏਜੰਸੀਆਂ ਦਾ ਡਰ ਵੱਡੀ ਗਿਣਤੀ ਸਿਆਸਤਦਾਨਾਂ ਨੂੰ ਵੱਢ ਵੱਢ ਖਾ ਰਿਹਾ ਹੈ। ਇਥੇ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਦੀ ਇੱਕ ਇੰਟਰਵਿਊ ਦਾ ਜ਼ਿਕਰ ਕਰਨਾ ਜ਼ਰੂਰੀ ਰਹੇਗਾ, ਜਿਹੜੇ ਕਹਿੰਦੇ ਹਨ ਕਿ ਹੁਣ ਪੰਜਾਬ ਦੀ ਇਲੈਕਸ਼ਨ ਮਾੜਾ ਧੀੜਾ ਨਹੀਂ ਲੜ ਸਕਦਾ ਹੈ। ਸਾਫ ਸੁਥਰੇ ਅਕਸ ਵਾਲੇ ਹੀ ਮੈਦਾਨ ਵਿੱਚ ਨਿਤਰਨਗੇ। ਮੇਰਾ ਸਵਾਲ ਹੈ ਕਿ ਅਜਿਹੇ ਸਿਆਸਤਦਾਨ ਲੱਭਣੇ ਕਿੱਥੋਂ ਹਨ? ਇੱਕ ਵਾਢੇ ਤੋਂ ਲੈ ਕੇ ਚਿੱਟੇ ਕੁੜਤੇ ਪਜਾਮੇ ਵਾਲੇ ਰਾਜਨੀਤਿਕ ਲੀਡਰਾਂ ਦੇ ਪੱਲਿਆਂ ਨੂੰ ਕਾਲਖ਼ ਲੱਗ ਚੁੱਕੀ ਹੈ।

# ਨਸ਼ਿਆਂ ਨੇ ਨੌਜਵਾਨਾਂ ਦਾ ਭਵਿੱਖ ਕੀਤਾ ਤਬਾਹ



ਸੰਜੀਵ ਸਿੰਘ ਸੈਣੀ
7888966168

ਤਕਰੀਬਨ ਇਕ ਸਾਲ ਪਹਿਲਾਂ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਛੇੜੀ ਗਈ ਹੈ। ਜੇ ਪਿਛਲੇ ਸਾਲ ਦੇ ਅੰਕੜੇ ਦੇਖੇ ਜਾਣ ਤਾਂ ਸਰਕਾਰ ਨਸ਼ਿਆਂ ਦੇ ਵਰਤਾਰੇ ਨੂੰ ਕੰਟਰੋਲ ਕਰਨ ਲਈ ਗੰਭੀਰਤਾ ਨਾਲ ਯਤਨ ਕਰ ਰਹੀ ਹੈ। ਹੁਣ ਤੱਕ ਤਕਰੀਬਨ 25000 ਤੋਂ ਵੱਧ ਮਾਮਲੇ ਦਰਜ ਕਰ ਦਿੱਤੇ ਗਏ ਹਨ ਤੇ 23000 ਦੇ ਕਰੀਬ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਹਨ।

ਨਸ਼ਾ ਵੇਚ ਕੇ ਬਣਾਈ ਜ਼ਾਇਦਾਦ ਵੀ ਕੁਰਕ ਕੀਤੀ ਗਈ ਹੈ। ਸਰਕਾਰ ਨੇ ਪਿਛਲੇ ਸਾਲ ਆਪਣੇ ਹੀ ਪੁਲਿਸ ਵਿਭਾਗ ਦੀ ਕਾਂਸਟੇਬਲ ਨੂੰ ਚਿੱਟਾ ਵੇਚਦੇ ਫੜਿਆ ਸੀ।ਗੁਆਂਢੀ ਦੇਸ਼ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਹੈਰੋਇਨ ਸੁੱਟੀ ਜਾਂਦੀ ਹੈ। ਪੁਲਿਸ ਵੱਲੋਂ ਲਗਾਤਾਰ ਨਸ਼ੀਲਾ ਪਦਾਰਥ ਫੜਨ ਦੀਆਂ ਖਬਰਾਂ ਆਮ ਪੜ੍ਹਦੇ ਹਾਂ। ਛੋਟੀ ਛੋਟੀ ਉਮਰ ਦੇ ਲੜਕਿਆਂ ਦੀਆਂ ਲਾਸ਼ਾਂ ਫਿਰਨੀਆਂ, ਸੁੰਨਸਾਨ ਥਾਵਾਂ 'ਤੇ ਸਰਿੰਜਾਂ ਲੱਗੀਆਂ ਹੋਈਆਂ ਦੇਖੀਆਂ। ਸਰਕਾਰ ਹਰ ਰੋਜ਼ ਕਿਸੇ ਨਾ ਕਿਸੇ ਥਾਂ ਤੋਂ ਵੱਡੀ ਮਾਤਰਾ ਵਿੱਚ ਨਸ਼ਾ ਪਦਾਰਥ ਫੜਨ ਦੀਆਂ ਖਬਰਾਂ ਆਮ ਸੁਣਦੇ ਹਾਂ। ਸਰਕਾਰ ਦੀ ਇਹ ਬਹੁਤ ਹੀ ਸ਼ਲਾਘਾਯੋਗ ਪਹਿਲ ਹੈ। ਇਸ ਵਾਰ ਬਜਟ ਵਿੱਚ ਵੀ 250 ਕਰੋੜ ਰੁਪਏ ਦਾ ਫੰਡ ਵੀ ਰਾਖਵਾਂ ਰੱਖਿਆ ਗਿਆ ਹੈ। ਪਰ ਵੱਖ ਵੱਖ ਜ਼ਿਲ੍ਹਿਆਂ ਵਿੱਚ ਲਗਾਤਾਰ ਨਸ਼ਿਆਂ ਕਾਰਨ ਨੌਜਵਾਨਾਂ ਦੀ ਮੌਤਾਂ ਦੀਆਂ ਖਬਰਾਂ ਆਮ ਮਿਲ ਰਹੀਆਂ ਹਨ। ਸੁਲਤਾਨਪੁਰ ਲੋਧੀ ਵਿੱਚ ਇੱਕ ਮਾਂ ਦੇ ਪਹਿਲਾਂ ਚਾਰ ਪੁੱਤਰਾਂ ਦੀ ਨਸ਼ਿਆਂ ਕਾਰਨ ਮੌਤ ਹੋਈ ਹੈ। ਸੋਸ਼ਲ ਮੀਡੀਆ 'ਤੇ ਵੀਡੀਓ ਵੀ ਵਾਇਰਲ ਹੋਈ ਹੈ। ਪੰਜਵੇਂ ਪੁੱਤਰ ਨੂੰ ਅੰਮ੍ਰਿਤਸਰ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਜਿਸ ਕਾਰਨ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮਾਂ ਨੇ ਕਿਹਾ ਕਿ ਮੇਰੇ ਪੁੱਤਰਾਂ ਦੀ ਮੌਤ ਨਸ਼ੇ ਦੇ ਕਾਰਨ ਹੋਈ ਹੈ।

ਨਸ਼ੇ ਦੀ ਓਵਰਡੋਜ਼ ਸੇਵਨ ਕਰਕੇ ਨਸ਼ਿਆਂ ਦੇ ਦੈਂਤ ਨੇ ਘਰ ਖਾਲੀ ਕਰ ਦਿੱਤਾ। ਔਰਤ ਦੱਸ ਰਹੀ ਸੀ ਕਿ ਉਨ੍ਹਾਂ ਦੀ ਗਲੀ ਵਿੱਚ ਸ਼ਰੇਆਮ ਚਿੱਟਾ ਵਿਕਦਾ ਹੈ। ਪਿੰਡ ਦੀਆਂ ਬਾਕੀ ਔਰਤਾਂ ਨੇ ਕਿਹਾ ਕਿ ਅਸੀਂ ਪੁਲਿਸ ਨੂੰ ਬਹੁਤ ਵਾਰ ਦੱਸ ਚੁੱਕੇ ਹਾਂ ਕਿ ਸਾਡੀ ਗਲੀ ਵਿੱਚ ਉਸ ਘਰ ਵਿੱਚ ਸ਼ਰੇਆਮ ਚਿੱਟਾ ਮਿਲ ਰਿਹਾ ਹੈ, ਪਤਾ ਨਹੀਂ ਕਿੰਨੀਆਂ ਮਾਵਾਂ ਦੇ ਪੁੱਤ ਨਸ਼ਿਆਂ ਕਾਰਨ ਮਰ ਚੁੱਕੇ ਹਨ। ਪਿੱਛੇ ਜਿਹੇ ਬਠਿੰਡਾ ਵਿੱਚ ਵੀ ਇੱਕ ਕੰਧ 'ਤੇ ਸ਼ਰੇਆਮ ਲਿਖਿਆ ਸੀ ਕਿ ਚਿੱਟਾ ਇੱਥੋਂ ਖਰੀਦ ਸਕਦੇ ਹਨ। ਜਗਰਾਉਂ ਵਿੱਚ ਵੀ ਇੱਕ ਨੌਜਵਾਨ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਹਰ ਰੋਜ਼ ਦੋ ਤੋਂ ਤਿੰਨ ਮੌਤਾਂ ਚਿੱਟੇ ਕਾਰਨ ਹੋ ਰਹੀਆਂ, ਮੌਤਾਂ ਦੀਆਂ ਖ਼ਬਰਾਂ ਆਮ ਛੱਪ ਰਹੀਆਂ ਹਨ। ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਛੇ ਛੇ ਫੁੱਟ ਦੇ ਤਕੜੇ ਨੌਜਵਾਨਾਂ ਨੂੰ ਪਤਾ ਨਹੀਂ ਇਹ ਚੰਦਰੀ ਬਿਮਾਰੀ ਕਿੱਥੋਂ ਲੱਗ ਗਈ ਹੈ। ਅੱਜ ਅਨੇਕਾਂ ਪਰਿਵਾਰਾਂ ਵਿੱਚ ਲੜਾਈ ਝਗੜਿਆਂ ਦਾ ਵੱਡਾ ਕਾਰਨ ਨਸ਼ਿਆਂ ਦਾ ਵਰਤਾਰਾ ਹੀ ਹੈ। ਜਿਹੜੇ ਨੌਜਵਾਨਾਂ ਕੋਲ ਰੁਜ਼ਗਾਰ ਨਹੀਂ ਹੈ ਉਹ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ। ਨੌਜਵਾਨੀ ਨੂੰ ਵਿਦੇਸ਼ ਭੇਜਣ ਦਾ ਮਾਂ-ਬਾਪ ਦਾ ਵੀ ਇਹ ਵੀ ਵੱਡਾ ਕਾਰਨ ਹੈ ਕਿ ਜੇ ਇੱਥੇ ਰਹਿ ਗਏ, ਪਤਾ ਨਹੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਉਹਨਾਂ ਦਾ ਕੀ ਹਾਲ ਹੋਵੇਗਾ। ਇੱਕ ਹੋਰ ਵੀਡੀਓ ਵਾਇਰਲ ਹੋਈ, ਜਿੱਥੇ ਲੁਧਿਆਣਾ ਬੱਸ ਸਟੈਂਡ ਦੇ ਨੇੜੇ ਇੱਕ ਕੁੜੀ ਚਿੱਟੇ ਕਾਰਨ ਬੇਸੁੱਧ ਦੇਖੀ ਗਈ। ਅੱਜ ਪ੍ਰਸ਼ਾਸਨ ਵੱਲੋਂ ਕੌਂਸਲਿੰਗ ਕਰਨ ਵਾਲੇ ਮਾਹਿਰਾਂ ਦੀ ਮਦਦ ਵੀ ਲਈ ਜਾ ਰਹੀ ਹੈ। ਹਾਲ ਹੀ ਵਿੱਚ ਹਿਮਾਚਲ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਚਿੱਟੇ ਤੋਂ ਨੌਜਵਾਨੀ ਨੂੰ ਬਚਾਉਣ ਲਈ ਮਾਵਾਂ, ਭੈਣਾਂ, ਪਤਨੀਆਂ, ਔਰਤਾਂ ਨੇ ਮੁਹਿੰਮ ਛੇੜੀ ਹੈ।

ਕਈ ਕਸਬਿਆਂ ਵਿੱਚ ਰਾਤ ਨੂੰ ਔਰਤਾਂ ਵੱਲੋਂ ਪਹਿਰੇ ਦਿੱਤੇ ਜਾ ਰਹੇ ਹਨ। ਪਿੰਡਾਂ ਵਿੱਚ ਜੇ ਕੋਈ ਸ਼ੱਕੀ ਨੌਜਵਾਨ ਵੜਦਾ ਹੈ ਤਾਂ ਉਸ ਖਿਲਾਫ ਕਾਰਵਾਈ ਵੀ ਹੋ ਰਹੀ ਹੈ। ਇਸ 'ਚਿੱਟਾ ਵਿਰੋਧੀ ਮੁਹਿੰਮ' ਵਿੱਚ ਮਹਿਲਾ ਮੰਡਲ ਦਾ ਇਹ ਕਦਮ ਸਵਾਗਤ ਯੋਗ ਹੈ। ਔਰਤਾਂ ਨੇ ਦੱਸਿਆ ਕਿ ਕਈ ਵਾਰ ਉਹਨਾਂ ਨੂੰ ਨਸ਼ਾ ਤਸਕਰ ਡਰਾਉਂਦੇ ਧਮਕਾਉਂਦੇ ਹਨ ਤੇ ਵੱਡੇ ਖਤਰਿਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅੱਜ ਪੰਜਾਬ ਪ੍ਰਦੇਸ਼ ਨੂੰ ਅਜਿਹੀ ਮੁਹਿੰਮ ਤੋਂ ਸਬਕ ਲੈਣ ਦੀ ਲੋੜ ਹੈ, ਅੱਜ ਹਿਮਾਚਲ ਪ੍ਰਦੇਸ਼ ਦੀ ਔਰਤਾਂ ਨੇ ਹੋਰਾਂ ਨੂੰ ਇਹ ਰਾਹ ਦਿਖਾ ਦਿੱਤਾ ਹੈ ਕਿ ਸਮਾਜ ਵਿੱਚ ਜੇ ਕੋਈ ਤਬਦੀਲੀ ਲੈ ਕੇ ਆਉਣੀ ਹੈ, ਜਾਂ ਵਧੀਆ ਸਮਾਜ ਸਿਰਜਣਾ ਹੈ ਤਾਂ ਉਸ ਦੀ ਸ਼ੁਰੂਆਤ ਘਰ ਤੋਂ ਹੀ ਹੁੰਦੀ ਹੈ। ਇਹ ਲੜਾਈ ਨੌਜਵਾਨ ਪੀੜੀ ਦੇ ਭਵਿੱਖ ਨੂੰ ਬਚਾਉਣ ਦੀ ਹੈ।

ਅਜਿਹੀਆਂ ਪਹਿਲਕਦਮੀਆਂ ਨੂੰ ਪੂਰਾ ਸਹਿਯੋਗ ਦੇਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਸਾਥ ਦੇਣਾ ਚਾਹੀਦਾ ਹੈ।ਨਸ਼ਾ ਮੁਕਤੀ ਕੇਂਦਰਾਂ ਨੂੰ ਹੋਰ ਚੁਸਤ ਦਰੁਸਤ ਬਣਾਇਆ ਜਾ ਰਿਹਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਵੱਲੋਂ ਸੈਮੀਨਾਰ, ਨੁੱਕੜ ਨਾਟਕ ਕਰਕੇ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਪੰਚਾਇਤਾਂ ਵੱਲੋਂ ਵੀ ਹੰਭਲਾ ਮਾਰਿਆ ਗਿਆ ਹੈ। ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਹੈ ਕਿ ਪਿੰਡ ਵਿੱਚ ਜੋ ਵੀ ਨਸ਼ਾ ਵੇਚੇਗਾ, ਉਸ ਦਾ ਸੰਪੂਰਨ ਬਾਈਕਾਟ ਕੀਤਾ ਜਾਵੇਗਾ। ਪਿੰਡਾਂ ਵਿੱਚ ਨਸ਼ਿਆਂ ਦੇ ਵਧਦੇ ਵਰਤਾਰੇ ਨੂੰ ਦੇਖਦਿਆਂ ਹਜ਼ਾਰਾਂ ਪਿੰਡਾਂ ਨੇ ਖੁਦ ਨੂੰ ਨਸ਼ਾ ਮੁਕਤ ਹੋਣ ਦਾ ਵੀ ਐਲਾਨ ਕੀਤਾ ਹੈ। ਮਾਨਸਾ ਜ਼ਿਲ੍ਹੇ ਦੀ ਕਿਸੇ ਪਿੰਡ ਦੀ ਪੰਚਾਇਤ ਨੇ ਦੋਸ਼ੀ ਪਰਿਵਾਰ ਨੂੰ ਪਿੰਡ ਵਿੱਚੋਂ ਕੱਢਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਉਸ ਪਰਿਵਾਰ 'ਤੇ ਪਹਿਲਾਂ ਹੀ 40 ਤੋਂ ਵੱਧ ਮਾਮਲੇ ਦਰਜ ਸਨ। ਪਿੱਛੇ ਜਿਹੇ ਪੁਲਿਸ ਵੱਲੋਂ ਸਰਚ ਆਪਰੇਸ਼ਨ ਵੀ ਚਲਾਇਆ ਗਿਆ ਸੀ। ਮੋਹਾਲੀ ਜ਼ਿਲ੍ਹੇ ਦੀਆਂ ਕਈ ਸੁਸਾਇਟੀਆਂ ਵਿੱਚ ਫਲੈਟਾਂ ਦੀ ਚੈਕਿੰਗ ਵੀ ਕੀਤੀ ਗਈ। ਵੱਡੀ ਮਾਤਰਾ ਵਿੱਚ ਨਸ਼ੇੜੀ ਨੌਜਵਾਨਾਂ ਨੂੰ ਫੜਿਆ ਵੀ ਗਿਆ। ਪ੍ਰਸ਼ਾਸਨ ਵੱਲੋਂ ਚੁੱਕੇ ਜਾ ਰਹੇ ਕਦਮਾਂ ਦੀ ਪ੍ਰਸ਼ੰਸਾ ਕਰਦੇ ਹਨ, ਪਰ ਸਮਾਜ ਨੂੰ ਵੀ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੀਦਾ ਹੈ। ਪੁਲਿਸ ਪ੍ਰਸ਼ਾਸਨ ਪ੍ਰਭਾਵਿਤ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਉਹਨਾਂ ਦੀ ਮਦਦ ਵੀ ਕਰ ਰਹੀ ਹੈ। ਸਾਡੀ ਸਾਰਿਆਂ ਦੀ ਇਹ ਨੈਤਿਕ ਜ਼ਿੰਮੇਵਾਰੀ ਹੈ। ਕਿਉਂਕਿ ਨੌਜਵਾਨ ਕੱਲ ਦਾ ਭਵਿੱਖ ਹਨ।

# ਸਿੱਖ ਸੋਚ 'ਤੇ ਜ਼ਾਲਮਾਨਾ ਵਾਰ ਹੈ ਬੇਅਦਬੀਆਂ ਦਾ ਨਿਰੰਤਰ ਚਲਦਾ ਪ੍ਰਵਾਹ, ਇਨ੍ਹਾਂ ਮਨੋਵਿਗਿਆਨਿਕ ਹਮਲਿਆਂ ਨੂੰ ਗੰਭੀਰਤਾ ਨਾਲ ਸਮਝਣਾ ਜ਼ਰੂਰੀ



ਬਘੇਲ ਸਿੰਘ ਧਾਲੀਵਾਲ
99142-58142

ਬੀਤੇ ਕੱਲ੍ਹ ਦੀ ਰਾਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿੱਚ ਫਿਰ ਗੁਰਬਾਣੀ ਦੇ ਗੁਟਕਾ ਸਾਹਿਬ ਦੇ ਅੰਗਾਂ ਦੀ ਬੇਅਦਬੀ ਦਾ ਸੰਗੀਨ ਮਾਮਲਾ ਸਾਹਮਣੇ ਆਇਆ ਹੈ। ਗੁਰਦੁਆਰਾ ਸਿੰਘ ਸ਼ਹੀਦਾਂ ਸੁਹਾਣਾ (ਮੁਹਾਲੀ) ਤੋਂ ਗੁਦੁਆਰਾ ਸਾਹਿਬ ਮਾਤਾ ਸੁੰਦਰੀ ਜੀ ਸੈਕਟਰ 70 ਮੁਹਾਲੀ ਦੇ ਦਰਮਿਆਨ ਤਕਰੀਬਨ ਅੱਧਾ ਕਿਲੋਮੀਟਰ ਤੱਕ ਗੁਟਕਾ ਸਾਹਿਬ ਦੇ ਅੰਗ ਫਾੜ ਕੇ ਖਿਲਾਰੇ ਹੋਏ ਪਾਏ ਗਏ ਹਨ। ਬੇਅਦਬੀ ਦੀ ਇਸ ਤਾਜ਼ਾ ਘਟਨਾ ਨੇ ਇੱਕ ਵਾਰ ਫਿਰ ਸਿੱਖ ਮਨਾਂ ਦੇ ਅੰਦਰ ਗਹਿਰਾ ਦਰਦ ਅਤੇ ਗੁੱਸਾ ਪੈਦਾ ਕੀਤਾ ਹੈ। ਇਹ ਗੁੱਸੇ ਦੀ ਭਾਵਨਾ ਕੁਦਰਤੀ ਹੈ। ਇਹ ਹੋਣਾ ਸੁਭਾਵਿਕ ਹੈ ਕਿਉਂਕਿ ਸਿੱਖ ਆਸਥਾ ਨਾਲ ਜੁੜਿਆ ਮਸਲਾ ਹੈ। ਪਰੰਤੂ ਸਵਾਲ ਇਹ ਉਠਦਾ ਹੈ ਕਿ ਕੀ ਸਿੱਖ ਕੌਮ ਉਪਰੋਕਤ ਜਾਲਮਾਨਾ ਹਮਲਿਆਂ ਦੇ ਪਿੱਛੇ ਦੀ ਮਣਸਾ ਨੂੰ ਸਹੀ ਤਰੀਕੇ ਨਾਲ ਸਮਝ ਰਹੀ ਹੈ ਜਾਂ ਹਰ ਵਾਰ ਦੀ ਤਰ੍ਹਾਂ ਸਿਰਫ਼ ਪ੍ਰਤੀਕਰਮ ਕਰ ਰਹੀ ਹੈ। ਇਹ ਹਿਰਦੇ ਬੇਧਿਕ ਘਟਨਾ ਮਹਿਜ਼ ਇੱਕ ਅਪਰਾਧ ਨਹੀਂ, ਸਗੋਂ ਸਿੱਖ ਕੌਮ ਦੀ ਸੋਚ, ਉਸਦੇ ਮਨ ਅਤੇ ਉਸਦੀ ਪ੍ਰਤੀਕ੍ਰਿਆ 'ਤੇ ਕੀਤਾ ਜਾ ਰਿਹਾ ਇੱਕ ਅਜਿਹਾ ਮਨੋਵਿਗਿਆਨਿਕ ਹਮਲਾ ਹੈ, ਜਿਹੜਾ ਸਿੱਖ ਕੌਮ ਦੇ ਦਿਮਾਗੀ ਸੰਤੁਲਨ ਨੂੰ ਬੁਰੀ ਤਰ੍ਹਾਂ ਵਿਗਾੜ ਦਿੰਦਾ ਹੈ। ਅਜਿਹੀਆਂ ਘਟਨਾਵਾਂ ਦੇ ਪੈਟਰਨ ਨੂੰ ਵੇਖਿਆ ਜਾਵੇ ਤਾਂ ਇੱਕੋ ਜਿਹਾ ਸਿਲਸਿਲਾ ਵਾਰ-ਵਾਰ ਦਿਖਾਈ ਦਿੰਦਾ ਹੈ। ਘਟਨਾ ਵਾਪਰਦੀ ਹੈ, ਕੌਮ ਵਿੱਚ ਜਜ਼ਬਾਤੀ ਉਬਾਲ ਆਉਂਦਾ ਹੈ, ਮੀਡੀਆ ਇਸਨੂੰ ਵੱਡੇ ਪੱਧਰ 'ਤੇ ਚਲਾਉਂਦਾ ਹੈ, ਲਿਹਾਜ਼ਾ ਸੜਕਾਂ 'ਤੇ ਪ੍ਰਦਰਸ਼ਨ ਹੁੰਦੇ ਹਨ ਅਤੇ ਕੁਝ ਸਮੇਂ ਬਾਅਦ ਹਾਲਾਤ ਮੁੜ ਠੰਢੇ ਪੈ ਜਾਂਦੇ ਹਨ, ਬਿਨਾਂ ਕਿਸੇ ਠੋਸ ਨਤੀਜੇ ਦੇ। ਸਿੱਖਾਂ ਵੱਲੋਂ ਮੌਕੇ 'ਤੇ ਸਜ਼ਾ ਦੇਣ ਦੇ ਕੁੱਝ ਕੁ ਮਾਮਲਿਆਂ ਨੂੰ ਛੱਡ ਕੇ ਜ਼ਿਆਦਾਤਰ ਠੰਢੇ ਬਸਤੇ ਵਿੱਚ ਪੈ ਜਾਂਦੇ ਹਨ। ਇਹ ਵਰਤਾਰਾ ਇਤਫਾਕ ਨਹੀਂ ਹੋ ਸਕਦਾ। ਇਹ ਇੱਕ ਐਸੀ ਰਣਨੀਤੀ ਹੈ, ਜਿਸਦਾ ਮਕਸਦ ਕੌਮ ਨੂੰ ਲਗਾਤਾਰ ਜਜ਼ਬਾਤੀ ਤੌਰ 'ਤੇ ਅਸਥਿਰ ਰੱਖਣਾ ਹੈ,ਤਾਂ ਕਿ ਸਿੱਖ ਦੀ ਗੁਰੂ ਪ੍ਰਤੀ ਸ਼ਰਧਾ ਨੂੰ ਹਲਕਾ ਕੀਤਾ ਜਾ ਸਕੇ। ਕਿਉਂਕਿ ਸਿੱਖ ਬੇਅਦਬੀ ਦੇ ਵਾਪਰਨ ਦੀ ਘਟਨਾ ਸੁਣਦਿਆਂ ਹੀ ਆਪੇ ਤੋਂ ਬਾਹਰ ਹੋ ਜਾਂਦੇ ਹਨ, ਜਿਸ ਦੇ ਫਲ ਸਰੂਪ ਹਕੂਮਤਾਂ ਨੂੰ ਉਲਟਾ ਸਿੱਖਾਂ ਉੱਪਰ ਹੀ ਕਨੂੰਨ ਹੱਥ ਵਿੱਚ ਲੈਣ ਦੇ ਦੋਸ਼ ਲਾਉਣੇ ਸੌਖੇ ਹੋ ਜਾਂਦੇ ਹਨ ਅਤੇ ਫਿਰ ਵਾਰ ਵਾਰ ਅਜਿਹੇ ਵਰਤਾਰਿਆਂ ਨੂੰ ਦੁਹਰਾਇਆ ਜਾਂਦਾ ਹੈ। ਇਹ ਵੀ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਅਸਲ ਮਨੋਰਥ ਬੇਅਦਬੀ ਤੋਂ ਬਾਅਦ ਦੀ ਪ੍ਰਤੀਕ੍ਰਿਆ ਹੀ ਹੈ। ਇਸ ਸਾਰੀ ਪ੍ਰਕਿਰਿਆ ਵਿੱਚ ਮੀਡੀਆ ਦੀ ਭੂਮਿਕਾ ਬਹੁਤ ਹੀ ਗੰਭੀਰ ਬਣ ਜਾਂਦੀ ਹੈ। ਅੱਜ ਮੀਡੀਆ ਸਿਰਫ਼ ਖ਼ਬਰ ਨਹੀਂ ਦਿੰਦਾ, ਬਲਕਿ ਅਜਿਹਾ ਸੰਵੇਦਨਸ਼ੀਲ ਮਾਹੌਲ ਤਿਆਰ ਕਰਦਾ ਹੈ, ਜਿਸ ਨਾਲ ਸਿੱਖ ਕੌਮ ਅੰਦਰ ਗੁੱਸੇ ਦੀ ਲਹਿਰ ਭਾਂਬੜ ਬਣ ਕੇ ਭੜਕ ਜਾਵੇ। ਜਦੋਂ ਬੇਅਦਬੀ ਦੀਆਂ ਤਸਵੀਰਾਂ ਅਤੇ ਵੀਡੀਓ ਵਾਰ-ਵਾਰ ਦਿਖਾਈਆਂ ਜਾਂਦੀਆਂ ਹਨ, ਜਦੋਂ ਘਟਨਾਵਾਂ ਨੂੰ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ, ਤਾਂ ਇਹ ਸਿਰਫ਼ ਜਾਣਕਾਰੀ ਨਹੀਂ ਰਹਿੰਦੀ, ਇਹ ਕੌਮ ਦੇ ਮਨ 'ਤੇ ਲਗਾਤਾਰ ਦਬਾਅ ਬਣਾਉਣ ਵਾਲੀ ਪ੍ਰਕਿਰਿਆ ਬਣ ਜਾਂਦੀ ਹੈ। ਇਸ ਨਾਲ ਦਰਦ ਘਟਦਾ ਨਹੀਂ, ਉਹ ਹੋਰ ਵਧਦਾ ਹੈ ਅਤੇ ਗੁੱਸਾ ਸੰਤੁਲਨ ਨੂੰ ਖਤਮ ਕਰਦਾ ਹੈ। ਵੈਰੀ ਨੂੰ ਸਿਰਫ਼ ਇੱਕ ਘਟਨਾ ਦੀ ਲੋੜ ਹੁੰਦੀ ਹੈ, ਉਸਨੂੰ ਵੱਡਾ ਬਣਾਉਣ ਦਾ ਕੰਮ ਕੁੱਝ ਜਾਣੇ ਵਿੱਚ ਕੁੱਝ ਅਣਜਾਣੇ ਵਿੱਚ ਸ਼ੋਸ਼ਲ ਮੀਡੀਆ ਅਤੇ ਮੀਡੀਆ ਚੈਨਲ ਆਪ ਕਰ ਦਿੰਦੇ ਹਨ। ਇਥੇ ਸਿੱਖਾਂ ਨੂੰ ਇਹ ਸੋਚਣ ਦੀ ਲੋੜ ਹੈ ਕਿ ਕੀ ਅਣਜਾਣੇ ਵਿੱਚ ਉਸੇ ਯੋਜਨਾ ਦਾ ਹਿੱਸਾ ਤਾਂ ਨਹੀਂ ਬਣ ਰਹੇ, ਜਿਸਦਾ ਮਕਸਦ ਕੌਮ ਨੂੰ ਅਸਥਿਰ ਕਰਨਾ ਹੈ। ਮੀਡੀਆ ਦੀ ਆਜ਼ਾਦੀ ਆਪਣੀ ਜਗ੍ਹਾ 'ਤੇ ਮਹੱਤਵਪੂਰਨ ਹੈ, ਪਰ ਜਿੱਥੇ ਗੱਲ ਕੌਮ ਦੀ ਮਾਨਸਿਕ ਸੁਰੱਖਿਆ ਦੀ ਹੋਵੇ, ਉਥੇ ਸੰਜਮ ਵੀ ਉਤਨਾ ਹੀ ਜ਼ਰੂਰੀ ਹੋ ਜਾਂਦਾ ਹੈ। ਹਰ ਸੱਚ ਨੂੰ ਦਿਖਾਉਣਾ ਲਾਜ਼ਮੀ ਨਹੀਂ ਹੁੰਦਾ; ਕਈ ਵਾਰ ਸੱਚ ਨੂੰ ਕਿਵੇਂ ਦਿਖਾਇਆ ਜਾਂਦਾ ਹੈ, ਇਹ ਹੋਰ ਵੱਧ ਅਹਿਮ ਅਤੇ ਮਹੱਤਵਪੂਰਨ ਹੋ ਜਾਂਦਾ ਹੈ। ਇਸ ਪ੍ਰਸੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭੂਮਿਕਾ ਨਿਰਣਾਇਕ ਬਣ ਜਾਂਦੀ ਹੈ। ਜਥੇਦਾਰ ਸਾਹਿਬ ਦੀ ਜ਼ਿੰਮੇਵਾਰੀ ਸਿਰਫ਼ ਘਟਨਾ ਦੀ ਨਿੰਦਾ ਕਰਨ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ, ਬਲਕਿ ਅਜਿਹੇ ਮਾਮਲਿਆਂ ਵਿੱਚ ਕੌਮ ਨੂੰ ਸਪੱਸ਼ਟ ਦਿਸ਼ਾ ਦੇਣਾ ਸਿੰਘ ਸਾਹਿਬਾਨ ਦਾ ਫਰਜ਼ ਬਣਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬੇਅਦਬੀ ਨਾਲ ਸਬੰਧਤ ਤਸਵੀਰਾਂ ਅਤੇ ਵੀਡੀਓ ਦਾ ਪ੍ਰਚਾਰ ਕਰਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਜਾਣ ਅਤੇ ਮੀਡੀਆ ਨੂੰ ਅਜਿਹੀਆਂ ਘਟਨਾਵਾਂ ਨੂੰ ਸਨਸਨੀਖੇਜ਼ ਬਣਾਉਣ ਤੋਂ ਗੁਰੇਜ਼ ਕਰਨ ਲਈ ਸਖ਼ਤੀ ਨਾਲ ਕਿਹਾ ਜਾਵੇ। ਇਹ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ, ਬਲਕਿ ਕੌਮ ਨੂੰ ਮਨੋਵਿਗਿਆਨਿਕ ਹਮਲਿਆਂ ਤੋਂ ਬਚਾਉਣ ਦਾ ਇਕ ਜ਼ਿੰਮੇਵਾਰ ਕਦਮ ਹੋਵੇਗਾ। ਜਿੰਨਾ ਘੱਟ ਦ੍ਰਿਸ਼ ਲੋਕਾਂ ਤੱਕ ਪਹੁੰਚਣਗੇ, ਉਨਾ ਘੱਟ ਮਨ 'ਤੇ ਅਸਰ ਪਵੇਗਾ। ਪੰਜਾਬ ਸਰਕਾਰ ਵੱਲੋਂ "ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ" ਵਰਗੇ ਕਾਨੂੰਨੀ ਉਪਰਾਲਿਆਂ ਦੀ ਗੱਲ ਕੀਤੀ ਜਾ ਰਹੀ ਹੈ, ਜਿਸਦਾ ਉਦੇਸ਼ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੇ ਦਾਅਵੇ ਸਰਕਾਰ ਵੱਲੋਂ ਕੀਤੇ ਅਤੇ ਪਰਚਾਰੇ ਜਾ ਰਹੇ ਹਨ,ਪਰ ਸਵਾਲ ਇਹ ਹੈ ਕਿ ਕਾਨੂੰਨ ਦਾ ਪਾਸ ਹੋ ਜਾਣਾ ਹੀ ਮਸਲੇ ਦਾ ਹੱਲ ਕਿਵੇਂ ਹੋ ਸਕਦਾ ਹੈ,ਜਿੰਨੀ ਦੇਰ ਇਮਾਨਦਾਰੀ ਨਾਲ ਪਾਲਣਾ ਕਰਨ ਦੀ ਇੱਛਾ ਸ਼ਕਤੀ ਦੀ ਘਾਟ ਰਹੇਗੀ ਅਤੇ ਜਿਹੜਾ ਨਵਾਂ ਕਾਨੂੰਨ ਪਹਿਲਾਂ ਹੀ ਅਨੇਕਾਂ ਸਵਾਲਾਂ ਦੇ ਘੇਰੇ ਵਿੱਚ ਹੈ, ਉਸਦੇ ਆਉਣ ਨਾਲ ਇਹ ਸਮੱਸਿਆ ਹੱਲ ਕਿਵੇਂ ਹੋ ਸਕਦੀ ਹੈ, ਬਲਕਿ ਦਿੱਕਤਾਂ ਵਧਣ ਦੇ ਸ਼ੰਕੇ ਪੈਦਾ ਹੋ ਰਹੇ ਹਨ। ਜਦੋਂ ਪੁਰਾਣੀਆਂ ਧਾਰਾਵਾਂ ਦੇ ਤਹਿਤ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਜਾਂ ਕੇਸ ਸਾਲਾਂ ਤੱਕ ਲਟਕਦੇ ਰਹਿੰਦੇ ਹਨ ਤਾਂ ਸੁਭਾਵਿਕ ਹੈ ਕਿ ਨਵੇਂ ਕਾਨੂੰਨ ਵੀ ਓਹੀ ਹਾਲਾਤਾਂ ਦਾ ਸ਼ਿਕਾਰ ਹੋਣਗੇ। ਜਾਂ ਫਿਰ ਨਵੀਆਂ ਉਲਝਣਾਂ ਪੈਦਾ ਕਰਨਗੇ, ਇਸ ਤੋਂ ਵੱਧ ਕੁੱਝ ਨਹੀਂ ਕਰ ਸਕਦੇ ਨਵੇਂ ਜਾਂ ਪੁਰਾਣੇ ਕਾਨੂੰਨ। ਜੇਕਰ ਲਾਗੂ ਕਰਨ ਦੀ ਪ੍ਰਕਿਰਿਆ ਇਮਾਨਦਾਰ ਨਹੀਂ ਹੈ, ਤਾਂ ਉਹ ਕਾਨੂੰਨ ਸਿਰਫ਼ ਕਾਗਜ਼ੀ ਹੀ ਰਹਿ ਜਾਂਦਾ ਹੈ। ਇੱਕ ਹੋਰ ਪੱਖ ਜਿਸਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਉਹ ਇਹ ਹੈ ਕਿ ਅਸਲ ਬੇਅਦਬੀ ਸਿਰਫ਼ ਬਾਹਰ ਨਹੀਂ ਹੋ ਰਹੀ, ਕਿਤੇ ਨਾ ਕਿਤੇ ਅੰਦਰ ਵੀ ਹੋ ਰਹੀ ਹੈ। ਜਦੋਂ ਗੁਰਬਾਣੀ ਸਿਰਫ਼ ਰੱਖਣ ਦੀ ਚੀਜ਼ ਬਣ ਕੇ ਰਹਿ ਜਾਵੇ, ਜਦੋਂ ਉਸਨੂੰ ਸਮਝਣ ਅਤੇ ਜੀਵਨ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਨਾ ਹੋਵੇ, ਤਾਂ ਇਹ ਵੀ ਇੱਕ ਅੰਦਰੂਨੀ ਕਮਜ਼ੋਰੀ ਹੈ। ਸੱਚ ਸਿਰਫ਼ ਬੋਲਣ ਨਾਲ ਨਹੀਂ, ਜੀਵਨ ਵਿੱਚ ਲਾਗੂ ਕਰਨ ਨਾਲ ਆਉਂਦਾ ਹੈ। ਜਦੋਂ ਕੌਮ ਅੰਦਰੋਂ ਮਜ਼ਬੂਤ ਹੁੰਦੀ ਹੈ, ਤਾਂ ਬਾਹਰੀ ਹਮਲੇ ਉਸਨੂੰ ਡਗਮਗਾ ਨਹੀਂ ਸਕਦੇ। ਇਸ ਸਾਰੀ ਸਥਿਤੀ ਵਿੱਚ ਲੋੜ ਸਿਰਫ਼ ਪ੍ਰਤੀਕਰਮ ਦੀ ਨਹੀਂ, ਇੱਕ ਸਪੱਸ਼ਟ ਰਣਨੀਤੀ ਦੀ ਹੈ। ਮੀਡੀਆ ਲਈ ਸੰਜਮਤ ਨੀਤੀ ਤੈਅ ਹੋਣੀ ਚਾਹੀਦੀ ਹੈ, ਜਥੇਦਾਰ ਵੱਲੋਂ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਹੋਣੇ ਚਾਹੀਦੇ ਹਨ, ਗੁਰਦੁਆਰਾ ਕਮੇਟੀਆਂ ਨੂੰ ਸਖਤ ਹਦਾਇਤਾਂ ਕੀਤੀਆਂ ਜਾਣ ਕਿ ਹਰ ਗੁਰਦੁਆਰਾ ਸਾਹਿਬ ਵਿਖੇ ਸਿੱਖ ਰਹੁ ਰੀਤਾਂ ਅਨੁਸਾਰ 24 ਘੰਟੇ ਤਿਆਰ ਬਰ ਤਿਆਰ ਸਿੱਖਾਂ ਦੀ ਪਹਿਰੇਦਾਰੀ ਨੂੰ ਯਕੀਨੀ ਬਣਾਇਆ ਜਾਵੇ। ਸਭ ਤੋਂ ਵੱਡੀ ਗੱਲ ਕਿ ਕੌਮ ਨੂੰ ਗੁਰਬਾਣੀ ਨਾਲ ਮੁੜ ਜੋੜਨ ਦੀ ਲਹਿਰ ਚਲਾਉਣ ਲਈ ਧਰਮ ਪਰਚਾਰ ਦੇ ਤੰਤਰ ਨੂੰ ਤੇਜ਼ ਕੀਤਾ ਜਾਵੇ। ਇਹ ਸਾਰੇ ਕਦਮ ਮਿਲ ਕੇ ਹੀ ਅਜਿਹੀਆਂ ਬਾਹਰੀ ਚੁਣੌਤੀਆਂ ਦਾ ਜਵਾਬ ਬਣ ਸਕਦੇ ਹਨ। ਇਹ ਗੱਲ ਸਾਫ਼ ਹੋ ਗਈ ਹੈ ਕਿ ਹੁਣ ਇਹ ਜੰਗ ਦਿਮਾਗ ਨਾਲ ਹੀ ਲੜੀ ਜਾਣੀ ਚਾਹੀਦੀ ਹੈ। ਜੇ ਹਰ ਵਾਰ ਭਾਵਨਾਵਾਂ ਵਿੱਚ ਵਹਿ ਕੇ ਉਹੀ ਕੁੱਝ ਕਰਦੇ ਰਹੇ ਜੋ ਵੈਰੀ ਚਾਹੁੰਦਾ ਹੈ, ਤਾਂ ਬਿਨਾਂ ਸ਼ੱਕ ਇਹ ਜੰਗ ਨੂੰ ਹਾਰਿਆ ਜਾਵੇਗਾ। ਪਰ ਜੇ ਇਸਨੂੰ ਮਨੋਵਿਗਿਆਨਿਕ ਹਮਲੇ ਵਜੋਂ ਸਮਝ ਕੇ ਸਿੱਖਾਂ ਨੇ ਆਪਣੀ ਪ੍ਰਤੀਕ੍ਰਿਆ ਨੂੰ ਬਦਲ ਲਿਆ ਤਾਂ ਹਾਲਾਤ ਵੀ ਬਦਲ ਸਕਦੇ ਹਨ। ਅਜਿਹੇ ਮੁੱਦਿਆਂ 'ਤੇ ਰਾਜਨੀਤੀ ਭਾਰੂ ਹੋ ਰਹੀ ਹੈ, ਜਿਸ ਦੇ ਫਲ ਸਰੂਪ ਅਜਿਹੇ ਵਰਤਾਰੇ ਵਾਪਰਦੇ ਹਨ ਅਤੇ ਫਿਰ ਕਾਨੂੰਨ ਬਣਦੇ ਹਨ। ਸਿੱਖ ਕੌਮ ਨੂੰ ਉਪਰੋਕਤ ਸਾਜਿਸ਼ਾਂ ਨੂੰ ਸਮਝਣਾ ਹੋਵੇਗਾ ਅਤੇ ਜੁਆਨੀ ਨੂੰ ਬਲਦੀ ਦੇ ਬੁੱਥੇ ਦੇਣ ਵਾਲੀਆਂ ਸਿੱਖ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਤੋਂ ਸੁਚੇਤ ਰਹਿੰਦੇ ਹੋਏ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਤਿਕਾਰ ਲਈ ਸਰਕਾਰਾਂ ਤੋਂ ਟੇਕ ਛੱਡ ਕੇ ਖੁਦ ਪਹਿਰੇਦਾਰੀ ਕਰਨੀ ਹੀ ਉਪਰੋਕਤ ਹਮਲਿਆਂ ਨੂੰ ਠੱਲ ਪਾਉਣ ਦਾ ਸਹੀ ਤਰੀਕਾਕਾਰ ਹੋ ਸਕਦਾ ਹੈ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**In the court of Sh. Kuldeep Singh Judicial Magistrate Ist Class, Chandigarh**
CNR No.CHCH03-003657-2026
Next Date: 27.05.2026
Reyansh
Versus
Raman Kumar
Notice to: Raman Kumar Son:- Sh. Bal Kishan R/o House No. 1052 Janta Colony Naya Gaon Distt. SAS Nagar Punjab Mob-No-9888706774
In above titled case the accused could not be served. It is orderded that accused should appear in person or through counsel on 27.05.2026 at 10:00 A.M.
For details logon to https://highcourtchd.gov.in/?trs=district_ notice &district=Chandigarh
Dated this day of 05-05-2026
**Sd/- Judicial Magistrate Ist Class, Chandigarh**

---

**(U/o 5 Rule 20 CPC)**
**In The Court of Sh. Amanpreet Singh**
**Additional Principal Judge Family Court, Kharar**
CNR NO. PBSAF2-000657-2025
Next Date: 20.05.2026
Jashanpreet Kaur w/o Amanpreet Singh Dhillon d/o S. Harminder Singh
Versus
Amanpreet Singh S/o Sh. Malkit Singh
Notice to: Amanpreet Singh s/o Sh. Malkit Singh:- Vill. Timberpur, Distt. Fatehgarh Sahib.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 20.05.2026 at 10:00 A.M.
for details logon to https://highcourtchd.gov.in/?mod=district_ notice &district=mogacourt
Dated this day of 06-05-2026
**Sd/- Additional Principal Judge Family Court, Kharar**

---

**(U/o 5 Rule 20 CPC)**
**In The Court of Ms. Manpreet Kaur-II**
**Addl. Civil Judge (Senior Division)-1,**
CNR No.PBSA02-000609-2026
Next Date: 21.05.2026
CIS No. SUCC/15/2026
Rakesh Kumar
Versus
General Public
APP. For grant of succession certificate in respect of the amount lying in ACC No. Maintained by punjab and sind bank, branch SCO-2, Furniture Market balongi, SAS Nagar Mohali
Notice to: General Public
General Public
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 21.05.2026 at 10:00 am.
For details logon to https://highcourtchd.gov.in/?mod=district_ notice&district=mohali
Dated this day of 05.05.2026
**Sd/- Addl. Civil Judge (Senior Division)-1, SAS Nagar, Mohali**

---

**(U/o 5 Rule 20 CPC)**
**In The Court of Ms. Deepika Singh**
**Additional Principal Judge Family Court, Bathinda**
CNR No.PBBT01-005121-2026
Next Date: 22.05.2026
Gurpreet Kaur Dhillon
Versus
General-Public
Notice to: General Public:- General Public
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 22.05.2026 at 10:00 am.
For details logon to https://highcourtchd.gov.in/?mod=district_ notice&district=Bathinda
Dated this day of 27.04.2026
**Sd/- Additional Principal Judge Family Court, Bathinda**

---

**(U/o 5 Rule 20 CPC)**
**In The Court of Sh. Manmohan Bhatti**
**Additional Civil Judge Senior Division Rajpura,**
CNR No.PBPTA0-000775-2022
Next Date: 22.05.2026
Sushil Kumar
Versus
Main Pal
Suit for possession
Notice to: 1. Dharam Chand S/o Ram Murti 2. Pawan Kumar 3. Seema Rani D/o Aman Kumar All R/o Vill. Damanheri Teh. Rajpura Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**05.2026 at 10:00 A.M.
For details logon to https://highcourtchd.gov.in/?mod=district_ notice&district=patiala
Dated, this day of 24-04-2026
**Sd/- Additional Civil Judge Senior Division Rajpura,**

---

**(U/o 5 Rule 20 CPC)**
**In The Court of Ms. Komple Dhanjal**
**Additional Civil Judge (Senior Division),**
CNR No.PBSB02-000977-2025
Next Date: 22.05.2026
Bimla Devi Bangar w/o Davinder Moritz S/o Atma Ram
Versus
Rajan Singh S/o Saudagar Singh S/o Kesar Singh
Notice to: 3. Chaman Lal s/o Geju Ram s/o Malla Ram @ Mallu Ram: R/o Mohallah Chaudhrian, Garha Road, Phillaur, Tehsil Phillaur, Jalandhar 4. Ravinder Kaur widow of Ashok Kumar son of Geju Ram R/o 880, Urban Estate Phagwara, Tehsil Phagwara, Distt. Kapurthala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**05.2026 at 10:00 A.M.
For details logon to https://highcourtchd.gov.in/?mod=district_ notice&district=sbsnagar
Dated, this day of 23-04-2026
**Sd/- Additional Civil Judge (Senior Division),**

---

**(U/o 5 Rule 20 CPC)**
**In The Court of Sh. Baljinder Singh Maan**
**Principal Judge Family Court, Balachaur**
CNR No.PBSBF2-000002-2026
Next Date: 22.05.2026
HMA/2/2026
Vaishali
Versus
Lavkush
Notice to: Lavkush S/o Mukesh Chand R/o VPO Chandiani Khurd Teh Balachaur, Distt. Shaheed Bhagat Singh Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**05.2026 at 10:00 A.M.
For details logon to https://highcourtchd.gov.in/?mod=district_ notice&district=mogacourt
Dated, this day of 21-04-2026
**Sd/- Principal Judge Family Court, Balachaur**

---

**(U/o 5 Rule 20 CPC)**
**In the court of Sh. Harjot Singh Gill**
**Civil Judge Junior Division-3, Patiala**
CNR No.PBPT02-001016-2026
Next Date: 22.05.2026
CS-552-2026
Bhagwan Singh Son of Late Sh. Bhag Singh R/o Village Kasiana Tehsil and District Patiala
Versus
1. Kamalpreet Singh Son Bhagwan Singh Son of Late Sh. Bhag Singh R/o Village Kassiana, Tehsil and District Patiala 2. General Public
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 22.05.2026 at 10:00 A.M.
For details logon to https://highcourtchd.gov.in/?mod=district_ notice &district=patiala
Dated this day of 15-04-2026
**Sd/- Civil Judge Junior Division-3, Patiala**

---

**(U/o 5 Rule 20 CPC)**
**In The Court of Ms. Ramandeep Kaur**
**Civil Judge (Junior Division), Baba Bakala**
CNR NO. PBASB0-000191-2025
Next Date: 22.05.2026
Rita Mehta Widow of Karamjit Singh Resident of VPO Mehta Chowk, Tehsil Baba Bakala Sahib District Amritsar
Versus
General Public
Notice to: 1. General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 22.05.2026 at 10:00 A.M.
for details logon to https://highcourtchd.gov.in/?trs=district_ notice &district=Amritsar
Dated this day of 16-04-2026
**Sd/- Civil Judge (Junior Division), Baba Bakala**

---

**(U/o 5 Rule 20 CPC)**
**In The Court of Ms. Amanpreet Kaur**
**Civil Judge Junior Division-10, Patiala**
CNR No.PBPT02-002165-2021
Next Date: 22.05.2026
Rajinder Pal Singh
Versus
Bakshish Singh alias Sheesha
Notice to: 1. Rupinder Singh Father:- Late Amrik Singh S/o Waryam Singh 2. Gurdev Singh Father:- Late Amrik Singh S/o Waryam Singh 3. Darshna Father:- Late Amrik Singh S/o Waryam Singh 4. Binder Father:- Late Amrik Singh S/o Waryam Singh All R/o Plot/HNo. 137/138, Street No. 1, Guru Nanak Nagar Factory Area, Near Bakeman Biscuit Factory, Patiala
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 22.05.2026 at 10:00 am.
For details logon to https://highcourtchd.gov.in/?mod=district_ notice&district=patiala
Dated this day of 10.04.2026
**Sd/- Civil Judge Junior Division-10, Patiala**

---

**(U/o 5 Rule 20 CPC)**
**In The Court of Ms. Haramrit Kaur**
**Civil Judge (Junior Division)-7,**
CNR No.PBSA02-002379-2024
Next Date: 21.05.2026
Gurnam Kaur
Versus
Mewa Singh
Notice to: 1) Gurpreet Kaur W/o Parminder Singh Resident of Kurali, Tehsil Kharar Mohali 2) Gurjinder Kaur D/o Late Sewa Singh Now W/o Malkit Singh R/o Village Kumbra Tehsil and District Mohali
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 21.05.2026 at 10:00 am.
For details logon to https://highcourtchd.gov.in/?mod=district_ notice&district=mohali
Dated this day of 28.04.2026
**Sd/- Civil Judge (Junior Division)-7,**

---

**(U/o 5 Rule 20 CPC)**
**(Succession Case)**
**In The Court of Sh. Sachin Yadav Additional Civil Judge (Sr. Divn.), Chandigarh**
CNR No.CHCH02-002763-2026
Next Date: 29.05.2026
Avtar Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2026 at 10:00 A.M.
For details logon to https://highcourtchd.gov.in/?trs=district_ notice&district=Chandigarh
Dated, this day of 05-05-2026
**Sd/- Additional Civil Judge (Sr. Divn.), Chandigarh**

---

**(U/o 5 Rule 20 CPC)**
**In The Court of Ms. Vishavjyoti**
**Civil Judge Jr. Division-2, Sri Anandpur Sahib**
CNR No.PBROA0-000532-2025
Next Date: 22.05.2026
Tarlochan Singh S/o Harbaksh Singh S/o Sahib Singh R/o Mohalla Sisganj Sahib Ward No-3 Sri Anandpur Sahib Tehsil Sri Anandpur Sahib Distt. Rupnagar
Versus
Balbir Singh S/o Daulat Singh S/o Sadhu Singh R/o Village- VIP Road Ward No-4 Near Baba Bachittar Singh Saran Near Gurudwara Kesgarh Sahib Sri Anandpur Sahib Tehsil Sri Anandpur Sahib Distt. Rupnagar
Petition u/s-Order 7 Rule 1
Notice to: 1. Kamaljit Kaur D/o Niranjan Singh S/o Inder Singh (2) 2. Gian Singh S/o Sital Singh S/o Wazir Singh (3) 3. Chanan Singh S/o Sital Singh S/o Wazir Singh (4) 4. Hari Singh S/o Hardev Singh S/o Phoola Singh (5) 5. Sharanjit Kaur W/o Inderjit Singh S/o Mehriya Singh (6) 6. Parvinder Kaur Wd/o Teja Singh S/o Ujjagar Singh (8) 7. Amardeep Singh S/o Teja Singh S/o Ujjagar Singh (9) 8. Tejinder Singh S/o Teja Singh S/o Ujjagar Singh (10) 9. Manjit Kaur W/o Satpal Singh S/o Lal Singh (16) 10. Balwinder Kaur W/o Darshan Singh S/o Sham Singh (19) All R/o Village- VIP Road Ward No-4 Near baba Bachittar Singh Saran Near Gurudwara Kesgarh Sahib Sri Anandpur Sahib Tehsil Sri Anandpur Sahib Distt. Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**05.2026 at 10:00 A.M.
For details logon to https://highcourtchd.gov.in/?trs=district_ notice&district=Rupnagar
Dated, this day of 24-04-2026
**Sd/- Civil Judge Jr. Division-2, Sri Anandpur Sahib**

---

## ਬੇਦਖਲੀ ਸੂਚਨਾ

ਮੈਂ, ਮਹਿੰਦਰ ਸਿੰਘ ਅਧਾਰ ਨੰ: 456971008840 ਪੁੱਤਰ ਸ੍ਰੀ ਚੇਤ ਸਿੰਘ ਵਾਸੀ ਪਿੰਡ ਰਾਮਗੜ੍ਹ ਉਰਫ ਬੁਟਾ ਸਿੰਘ ਵਾਲਾ, ਤਹਿ: ਵਾ ਜ਼ਿਲ੍ਹਾ ਮੋਹਾਲੀ, ਹਲਫ਼ ਤੋਂ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਹਰਦੀਪ ਸਿੰਘ ਵਾ ਉਸਦੀ ਪਤਨੀ ਹਰਪ੍ਰੀਤ ਕੌਰ ਨੂੰ ਆਪਣੀ ਚੱਲ ਅਚੱਲ ਸੰਪੱਤੀ ਤੋਂ ਬੇਦਖਲ ਕਰਦਾ ਹਾਂ ਕਿਉਂ ਜੋ ਇਹ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੀ ਦੇਖਭਾਲ ਵਾ ਸੇਵਾ ਸੰਭਾਲ ਨਹੀਂ ਕਰਦੇ। ਇਹਨਾਂ ਨਾਲ ਕੋਈ ਵੀ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਜਾਇਦਾਦ ਮਾਮਲੇ 'ਚ ਸੱਚ ਸਾਹਮਣੇ ਲਿਆਓ– ਹਰਮੀਤ ਸਿੰਘ ਕਾਲਕਾ ਵੱਲੋਂ ਮਨਜੀਤ ਸਿੰਘ ਜੀਕੇ ਨੂੰ ਸਿੱਧਾ ਚੈਲੰਜ



ਨਵੀਂ ਦਿੱਲੀ, 6 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਜਾਰੀ ਬਿਆਨ ਵਿੱਚ ਕਿਹਾ ਕਿ ਕੱਲ੍ਹ ਸਰਦਾਰ ਮਨਜੀਤ ਸਿੰਘ ਜੀਕੇ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਵਿੱਚ ਗੁਰੂ ਘਰ ਦੀਆਂ ਜਾਇਦਾਦਾਂ ਸਬੰਧੀ ਕੀਤੀਆਂ ਗੱਲਾਂ ਅਧੂਰੀਆਂ ਅਤੇ ਗੁੰਮਰਾਹ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਇਹ ਗੱਲ ਨਿਸ਼ਚਿਤ ਤੌਰ 'ਤੇ ਸਵਾਗਤਯੋਗ ਹੈ ਕਿ ਗੁਰੂ ਘਰ ਦੀ ਜਾਇਦਾਦ ਦੇ ਮਸਲੇ ਉਠਾਏ ਜਾ ਰਹੇ ਹਨ, ਪਰ ਇਸਦੇ ਨਾਲ ਹੀ ਪੂਰੀ ਸੱਚਾਈ ਸੰਗਤ ਅੱਗੇ ਰੱਖਣਾ ਵੀ ਉਨਾ ਹੀ ਜ਼ਰੂਰੀ ਹੈ। ਸਰਦਾਰ ਕਾਲਕਾ ਨੇ ਕਿਹਾ ਕਿ ਜਦੋਂ ਮਨਜੀਤ ਸਿੰਘ ਜੀਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ, ਉਨ੍ਹਾਂ ਦੀ ਮਿਆਦ ਦੌਰਾਨ ਗੁਰੂ ਘਰ ਦੀਆਂ ਜਾਇਦਾਦਾਂ ਦੇ ਪ੍ਰਬੰਧ ਅਤੇ ਫੈਸਲਿਆਂ ਬਾਰੇ ਵੀ ਸਪੱਸ਼ਟ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅੱਧੀ–ਅਧੂਰੀ ਜਾਣਕਾਰੀ ਲੈਣੀ ਅਤੇ ਦੇਣੀ ਦੋਵੇਂ ਹੀ ਖਤਰਨਾਕ ਹੁੰਦੀਆਂ ਹਨ। ਉਨ੍ਹਾਂ ਸਵਾਲ ਉਠਾਇਆ ਕਿ ਕਰੋਲ ਬਾਗ ਵਰਗੀਆਂ ਕੀਮਤੀ ਜਾਇਦਾਦਾਂ ਸਬੰਧੀ ਕੀ ਫੈਸਲੇ ਕੀਤੇ ਗਏ ਅਤੇ ਉਹ ਕਿਹੜੀ ਪ੍ਰਕਿਰਿਆ ਅਧੀਨ ਕੀਤੇ ਗਏ। ਸਰਦਾਰ ਕਾਲਕਾ ਨੇ ਕਿਹਾ ਕਿ ਜਨਤਕ ਜੀਵਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹੀ ਸਥਿਤੀ ਸਾਹਮਣੇ ਆਈ ਹੈ ਜਦੋਂ ਕਿਸੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਅਦਾਲਤੀ ਕਾਰਵਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਮਨਜੀਤ ਸਿੰਘ ਜੀਕੇ ਨੂੰ ਅਪੀਲ ਕੀਤੀ ਕਿ ਉਹ ਸੰਗਤ ਦੇ ਸਾਹਮਣੇ ਆਪਣੇ ਕਾਰਜਕਾਲ ਦੌਰਾਨ ਲਏ ਗਏ ਫੈਸਲਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਬਾਰੇ ਖੁੱਲ੍ਹ ਕੇ ਦੱਸਣ। ਉਨ੍ਹਾਂ ਕਿਹਾ ਕਿ ਸੰਗਤ ਨੂੰ ਗੁੰਮਰਾਹ ਕਰਨ ਦੀ ਬਜਾਏ ਸੱਚਾਈ ਪੇਸ਼ ਕਰਨੀ ਚਾਹੀਦੀ ਹੈ। ਸਰਦਾਰ ਕਾਲਕਾ ਨੇ ਇਹ ਵੀ ਦੱਸਿਆ ਕਿ ਮੌਜੂਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰੀ ਪਾਰਦਰਸ਼ਤਾ ਨਾਲ ਕੰਮ ਕਰ ਰਹੀ ਹੈ ਅਤੇ ਗੁਰੂ ਘਰ ਦੀ ਇੱਕ ਇੰਚ ਜਗ੍ਹਾ ਵੀ ਕਿਸੇ ਨੂੰ ਹੱਥੋਂ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਸੰਗਤ ਦੇ ਵਿਸ਼ਵਾਸ ਨੂੰ ਕਾਇਮ ਰੱਖਦੇ ਹੋਏ ਗੁਰੂ ਘਰ ਦੀਆਂ ਜਾਇਦਾਦਾਂ ਦੀ ਸੰਭਾਲ ਅਤੇ ਰੱਖਿਆ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਅਫਵਾਹਾਂ ਤੋਂ ਸਾਵਧਾਨ ਰਹਿਣ ਅਤੇ ਸਿਰਫ ਸੱਚਾਈ ਅਤੇ ਤੱਥਾਂ 'ਤੇ ਹੀ ਵਿਸ਼ਵਾਸ ਕਰਨ। ਉਨ੍ਹਾਂ ਕਿਹਾ ਕਿ ਕੁਝ ਤੱਤਾਂ ਵੱਲੋਂ ਫੈਲਾਈਆਂ ਜਾ ਰਹੀਆਂ ਗੱਲਾਂ ਦਾ ਕੋਈ ਆਧਾਰ ਨਹੀਂ ਅਤੇ ਸੰਗਤ ਨੂੰ ਇਕਜੁੱਟ ਹੋ ਕੇ ਗੁਰੂ ਘਰ ਦੀ ਮਰਯਾਦਾ ਅਤੇ ਜਾਇਦਾਦ ਦੀ ਰੱਖਿਆ ਕਰਨੀ ਚਾਹੀਦੀ ਹੈ।

# ਜ਼ਿਲ੍ਹਾ ਟਰਾਂਸਜੈਂਡਰ ਸੁਰੱਖਿਆ ਸੈੱਲ ਦੀ ਦੂਜੀ ਮੀਟਿੰਗ ਸਫਲਤਾ ਨਾਲ ਕਰਵਾਈ

ਲੁਧਿਆਣਾ, 6 ਮਈ (ਵਿਸ਼ਾਲ ਸ਼ਰਮਾ): ਲੁਧਿਆਣਾ ਦੇ ਟਰਾਂਸਜੈਂਡਰ ਸੁਰੱਖਿਆ ਸੈੱਲ ਨੇ ਭਲਾਈ ਪਹਿਲਕਦਮੀਆਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਟਰਾਂਸਜੈਂਡਰ ਭਾਈਚਾਰੇ ਦੇ ਸਮਰਥਨ ਲਈ ਢਾਂਚੇ ਨੂੰ ਮਜ਼ਬੂਤ ਕਰਨ ਲਈ ਬਚਤ ਭਵਨ ਵਿਖੇ ਆਪਣੀ ਦੂਜੀ ਰਸਮੀ ਮੀਟਿੰਗ ਸਫਲਤਾਪੂਰਵਕ ਕੀਤੀ। ਮੀਟਿੰਗ ਦੀ ਪ੍ਰਧਾਨਗੀ ਸਹਾਇਕ ਕਮਿਸ਼ਨਰ ਪਾਇਲ ਗੋਇਲ ਨੇ ਕੀਤੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ (ਡੀ ਪੀ ਓ) ਗੁਰਮੀਤ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ (ਡੀ ਐਸ ਐਸ ਓ) ਵਰਿੰਦਰ ਸਿੰਘ ਟਿਵਾਣਾ, ਸਹਾਇਕ ਸਿਵਲ ਸਰਜਨ ਡਾ. ਵਿਵੇਕ ਕਟਾਰੀਆ, ਮੋਹਿਨੀ ਮਹੰਤ, ਗੰਗਾ ਸੋਸ਼ਲ ਫਾਊਂਡੇਸ਼ਨ ਦੀ ਪ੍ਰੋਜੈਕਟ ਮੈਨੇਜਰ ਰੀਨਾ ਕਲਿਆਣ ਅਤੇ ਸਬ-ਇੰਸਪੈਕਟਰ ਮਨਜੀਤ ਕੌਰ ਸਮੇਤ ਸਮਾਜਿਕ ਸਮਾਵੇਸ਼ ਲਈ ਰੋਡਮੈਪ 'ਤੇ ਚਰਚਾ ਕਰਨ ਲਈ ਕਈ ਹੋਰ ਭਾਈਵਾਲ ਵੀ ਮੌਜੂਦ ਸਨ। ਮੀਟਿੰਗ ਦੌਰਾਨ ਇਹ ਖੁਲਾਸਾ ਕੀਤਾ ਗਿਆ ਕਿ ਲੁਧਿਆਣਾ ਨੇ ਟਰਾਂਸਜੈਂਡਰ ਵਿਅਕਤੀਆਂ ਨੂੰ 105 ਪਛਾਣ ਪੱਤਰ ਜਾਰੀ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ, ਜੋ ਕਿ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿੱਚ ਦਰਜ ਸਭ ਤੋਂ ਵੱਧ ਸੰਖਿਆ ਹੈ। ਸਹਾਇਕ ਕਮਿਸ਼ਨਰ ਪਾਇਲ ਗੋਇਲ ਨੇ ਇਸ ਪ੍ਰਗਤੀ ਦੀ ਸ਼ਲਾਘਾ ਕੀਤੀ ਅਤੇ ਜ਼ੋਰ ਦਿੱਤਾ ਕਿ ਇਹ ਕਾਰਡ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹਨ ਕਿ ਟਰਾਂਸਜੈਂਡਰ ਭਾਈਚਾਰਾ ਸਰਕਾਰੀ ਲਾਭਾਂ ਅਤੇ ਸਿਹਤ ਸੰਭਾਲ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਕਰ ਸਕੇ। ਕਮੇਟੀ ਨੇ ਟ੍ਰੈਫਿਕ ਲਾਈਟਾਂ 'ਤੇ ਭੀਖ ਮੰਗਣ ਦੇ ਸੰਵੇਦਨਸ਼ੀਲ ਮੁੱਦੇ ਨੂੰ ਵੀ ਸੰਬੋਧਤ ਕੀਤਾ, ਇਸ ਮਾਮਲੇ ਦੀ ਦੇਖਭਾਲ ਲਈ ਇੱਕ ਵਿਸ਼ੇਸ਼ ਉਪ-ਕਮੇਟੀ ਨੂੰ ਸਰਗਰਮ ਕਰਨ ਦਾ ਫੈਸਲਾ ਕੀਤਾ। ਸਾਰੇ ਵਿਭਾਗਾਂ ਨੂੰ ਇਹ ਯਕੀਨੀ ਬਣਾਉਣ ਲਈ ਹਮਦਰਦੀ ਅਤੇ ਤੇਜ਼ੀ ਨਾਲ ਕੰਮ ਕਰਨ ਦੀ ਤਾਕੀਦ ਕੀਤੀ ਗਈ ਤਾਂ ਜੋ ਟਰਾਂਸਜੈਂਡਰ ਵਿਅਕਤੀ ਲੁਧਿਆਣਾ ਦੇ ਸਮਾਜਿਕ ਤਾਣੇ-ਬਾਣੇ ਵਿੱਚ ਪੂਰੀ ਤਰ੍ਹਾਂ ਏਕੀਕ੍ਰਿਤ ਹੋਣ।

# ਵਿਭਾਗ ਦੇ ਸਾਬਕਾ ਮੁਲਾਜ਼ਮ ਨੇ ਪੁੱਟ ਨਵੀਂ ਬਣੀ ਸੜਕ ਨਾਲੋਂ ਮਿੱਟੀ, ਲੋਕਾਂ ਵੱਲੋਂ ਕਾਰਵਾਈ ਦੀ ਮੰਗ

ਸਾਹਨੇਵਾਲ ਕੁਹਾੜਾ, 6 ਮਈ (ਕੁਲਦੀਪ ਸਿੰਘ ਕੁਹਾੜਾ) : ਕਸਬਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਨੰਦਪੁਰ ਤੋਂ ਧਰੌੜ ਨੂੰ ਜਾਂਦੀ ਕੁਝ ਮਹੀਨੇ ਪਹਿਲਾਂ ਨਵੀਂ ਬਣੀ ਸੜਕ ਦੇ ਕਿਨਾਰੇ ਲੋਕ ਨਿਰਮਾਣ ਵਿਭਾਗ ਵੱਲੋਂ ਛੱਡੀ ਕੁਝ ਫੁੱਟ ਜ਼ਮੀਨ ਵਿੱਚੋਂ ਪੁਲਿਸ ਵਿਭਾਗ ਦਾ ਸਾਬਕਾ ਮੁਲਾਜ਼ਮ ਮਿੱਟੀ ਪੁੱਟ ਕੇ ਲੈ ਗਿਆ ਜੋ ਕਿਸੇ ਵੀ ਸਮੇਂ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ, ਜਿਸ ਖਿਲਾਫ ਇਲਾਕੇ ਦੇ ਲੋਕਾਂ ਨੇ ਕਾਰਵਾਈ ਦੀ ਮੰਗ ਕੀਤੀ ਹੈ ਇਸ ਸੰਬੰਧ ਵਿੱਚ ਇਲਾਕੇ ਦੇ ਲੋਕਾਂ ਨੇ ਕਿਹਾ ਕਿ ਪਿੰਡ ਨੰਦਪੁਰ ਤੋਂ ਧਰੌੜ ਨੂੰ ਜਾਣ ਵਾਲੀ ਸੜਕ ਲੋਕਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਲੋਕ ਨਿਰਮਾਣ ਵਿਭਾਗ ਵੱਲੋਂ ਬਣਾਈ ਗਈ ਸੀ ਅਤੇ ਇਸ ਸੜਕ ਦੇ ਦੋਹਾਂ ਪਾਸੇ ਕਰੀਬ ਪੰਜ ਪੰਜ ਫੁੱਟ ਕੱਚੀ ਥਾਂ ਛੱਡੀ ਹੋਈ ਸੀ ਅਤੇ ਦੋਹਾਂ ਪਾਸੇ ਦੇ ਖੇਤਾਂ ਦੇ ਵਿੱਚੋਂ ਪਹਿਲਾਂ ਹੀ ਲੋਕਾਂ ਵੱਲੋਂ ਕਈ ਕਈ ਫੁੱਟ ਮਿੱਟੀ ਚੁਕਵਾਈ ਹੋਈ ਹੈ, ਜਿਸ ਕਰਕੇ ਆਸ ਪਾਸ ਦੇ ਖੇਤ ਸੜਕ ਨਾਲੋਂ ਕਾਫੀ ਨੀਵੇਂ ਹਨ ਪਰ ਸੜਕ 'ਤੇ ਦੋਹਾਂ ਪਾਸਿਆਂ 'ਤੇ ਕੁਝ ਕੁਝ ਫੁੱਟ ਮਿੱਟੀ ਲੱਗੀ ਹੋਣ ਕਰਕੇ ਰਾਹਗੀਰਾਂ ਨੂੰ ਕੁਝ ਰਾਹਤ ਮਹਿਸੂਸ ਹੁੰਦੀ ਸੀ ਪਰ ਹੁਣ ਪਿੰਡ ਅਨੰਦਪੁਰ ਦੇ ਹੀ ਰਹਿਣ ਵਾਲੇ ਸਿਕੰਦਰ ਸਿੰਘ ਜੋ ਕਿ ਪੰਜਾਬ ਪੁਲਿਸ ਦਾ ਸਾਬਕਾ ਮੁਲਾਜ਼ਮ ਹੈ ਉਸਨੇ ਸਾਰੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਆਪਣੇ ਖੇਤ ਵਿੱਚੋਂ ਸੜਕ ਤੱਕ ਮਿੱਟੀ ਪੁੱਟ ਦਿੱਤੀ ਹੈ, ਜਿਸ ਕਰਕੇ ਇਹ ਸੜਕ ਤੋਂ ਲੰਘਣ ਵਾਲੇ ਲੋਕਾਂ ਲਈ ਹਰ ਸਮੇਂ ਕੋਈ ਵੀ ਵੱਡਾ ਹਾਦਸਾ ਵਾਪਰਨ ਦਾ ਖਤਰਾ ਵੱਧ ਗਿਆ ਹੈ ਲੋਕਾਂ ਦੇ ਅਨੁਸਾਰ ਪਿੰਡ ਨੰਦਪੁਰ ਤੋਂ ਹਰ ਰੋਜ਼ ਧਰੌੜ ਸਰਕਾਰੀ ਸਕੂਲ ਵਿੱਚ ਬੱਚੇ ਪੜਨ ਜਾਂਦੇ ਹਨ ਅਤੇ ਸਵੇਰ ਮੌਕੇ ਲੋਕ ਧਰੌੜ ਵਿੱਚ ਹੀ ਬਣੀ ਪਾਰਕ ਅੰਦਰ ਸੈਰ ਕਰਨ ਜਾਂਦੇ ਹਨ ਜਿਸ ਕਰਕੇ ਹੁਣ ਰਾਹਗੀਰਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਆਉਣ ਵਾਲੇ ਸਮੇਂ ਵਿੱਚ ਬਰਸਾਤਾਂ ਦਾ ਮੌਸਮ ਆਉਣ ਵਾਲਾ ਹੈ ਉਸ ਨਾਲ ਜਿਹੜੀ ਨਵੀਂ ਬਣੀ ਸੜਕ ਹੈ ਉਸ ਦੇ ਕਿਨਾਰੇ ਜ਼ਮੀਨ ਨੀਵੀਂ ਹੋਣ ਕਰਕੇ ਇਹ ਸੜਕ ਵੀ ਧਸ ਸਕਦੀ ਹੈ ਲੋਕਾਂ ਨੇ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੜਕ ਦੇ ਕਿਨਾਰੇ ਸਰਕਾਰੀ ਜ਼ਮੀਨ ਵਿੱਚੋਂ ਮਿੱਟੀ ਦੀ ਗੈਰ ਕਾਨੂੰਨੀ ਤਰੀਕੇ ਨਾਲ ਖੁਦਾਈ ਕਰਨ ਵਾਲੇ ਸਿਕੰਦਰ ਸਿੰਘ ਵਾਸੀ ਨੰਦਪੁਰ ਸਖਤ ਕਾਰਵਾਈ ਕੀਤੀ ਜਾਵੇ ਇਸ ਸਬੰਧੀ ਜਦੋਂ ਸਿਕੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਉਹ ਜ਼ਮੀਨ ਦੇ ਮਾਲਕ ਹਨ ਅਤੇ ਉਹ ਆਪਣੀ ਜ਼ਮੀਨ ਵਿੱਚੋਂ ਮਿੱਟੀ ਚੁੱਕ ਸਕਦੇ ਹਨ ਉਹਨਾਂ ਨੇ ਆਪਣੀ ਮਰਜ਼ੀ ਨਾਲ ਮਿੱਟੀ ਚੁੱਕੀ ਹੈ।

# ਮਨਜੀਤ ਸਿੰਘ ਜੀ.ਕੇ. ਦਿੱਲੀ ਗੁਰਦੁਆਰਾ ਕਮੇਟੀ ਦੇ ਇਕਲੌਤੇ ਪ੍ਰਧਾਨ ਜਿਨ੍ਹਾਂ ਦੇ ਕਾਰਜਕਾਲ ਵਿੱਚ ਪੰਥ ਦੀਆਂ ਜਾਇਦਾਦਾਂ ਵਿਕੀਆਂ: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ



ਨਵੀਂ ਦਿੱਲੀ, 6 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਮਨਜੀਤ ਸਿੰਘ ਜੀ.ਕੇ. ਦਿੱਲੀ ਗੁਰਦੁਆਰਾ ਕਮੇਟੀ ਦੇ ਇਕਲੌਤੇ ਪ੍ਰਧਾਨ ਹੋਏ ਹਨ, ਜਿਹਨਾਂ ਦੇ ਕਾਰਜਕਾਲ ਵਿਚ ਪੰਥ ਦੀਆਂ ਜਾਇਦਾਦਾਂ ਵਿਕੀਆਂ ਹਨ ਤੇ ਉਹਨਾਂ ਨੇ ਕਰੋੜਾਂ ਰੁਪਏ ਦੇ ਘਪਲੇ ਕੀਤੇ ਜਿਸ ਕਾਰਨ ਉਹਨਾਂ ਖਿਲਾਫ ਗੰਭੀਰ ਦੋਸ਼ ਲੱਗੇ ਹਨ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਨੇ ਬੀਤੇ ਦਿਨੀਂ ਬਹੁਤ ਵੱਡੀ ਡਰਾਮੇਬਾਜ਼ੀ ਕਰ ਕੇ ਆਪਣੇ ਆਪ ਨੂੰ ਪੰਥ ਦਾ ਵੱਡਾ ਸੇਵਾਦਾਰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸਲੀਅਤ ਇਹ ਹੈ ਕਿ ਉਹਨਾਂ ਦੇ ਕਾਰਜਕਾਲ ਵਿਚ ਕਰੋਲ ਬਾਗ ਵਿਚ ਪੰਥ ਦੀਆਂ ਜਾਇਦਾਦਾਂ ਵੇਚੀਆਂ ਗਈਆਂ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਉਹ ਕਮੇਟੀ ਦੇ ਇਕਲੌਤੇ ਅਜਿਹੇ ਪ੍ਰਧਾਨ ਹਨ, ਜਿਹਨਾਂ ਦੇ ਕਾਰਜਕਾਲ ਵਿਚ ਪੰਥ ਦੀਆਂ ਜਾਇਦਾਦਾਂ ਵਿਕੀਆਂ। ਉਹਨਾਂ ਕਿਹਾ ਕਿ ਇਸੇ ਤਰੀਕੇ ਮਨਜੀਤ ਸਿੰਘ ਜੀ.ਕੇ. ਦੇ ਕਾਰਜਕਾਲ ਵਿਚ ਬਾਲਾ ਸਾਹਿਬ ਹਸਪਤਾਲ ਨੂੰ ਰੋਕਣ ਵਾਸਤੇ ਯਤਨ ਕੀਤੇ ਗਏ ਜਦੋਂ ਕਿ ਮੌਜੂਦਾ ਟੀਮ ਨੇ ਆ ਕੇ ਬਾਲਾ ਜੀ ਸਾਹਿਬ ਹਸਪਤਾਲ ਚਾਲੂ ਕੀਤਾ। ਉਹਨਾਂ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਨੇ ਪ੍ਰਧਾਨ ਰਹਿੰਦਿਆਂ ਜਿਹੜੇ ਕੁਕਰਮ ਕੀਤੇ ਤੇ ਸੰਗਤ ਦੀ ਗੋਲਕ ਦੇ ਪੈਸੇ ਦੀ ਦੁਰਵਰਤੋਂ ਕੀਤੀ, ਉਸਦੀ ਇਕ ਮੋਟੀ ਫਾਈਲ ਸਾਡੇ ਕੋਲ ਮੌਜੂਦ ਹੈ ਜਦੋਂ ਮਨਜੀਤ ਸਿੰਘ ਜੀ.ਕੇ. ਚਾਹੁਣਗੇ, ਅਸੀਂ ਇਸਦੇ ਸਾਰੇ ਤੱਥ ਜਨਤਕ ਕਰਨ ਵਾਸਤੇ ਤਿਆਰ ਹਾਂ ਭਾਵੇਂ ਇਸ ਵਿਚ ਇਕ ਲੱਖ ਡਾਲਰ ਦਾ ਘਪਲਾ ਹੋਵੇ, ਪੁਸਤਕਾਂ ਦੀ ਪ੍ਰਕਾਸ਼ਨਾ ਦੇ ਮਾਮਲੇ ਦੇ ਘੁਟਾਲੇ ਹੋਵੇ ਜਾਂ ਫਿਰ ਹੋਰ ਘੁਟਾਲੇ ਹੋਣ ਸਾਰੇ ਘੁਟਾਲਿਆਂ ਦੀ ਫਾਈਲ ਮੌਜੂਦ ਹੈ। ਉਹਨਾਂ ਕਿਹਾ ਕਿ ਮਨਜੀਤ ਸਿੰਘ ਜੀ.ਕੇ. ਕਮੇਟੀ ਦੇ ਇਕਲੌਤੇ ਤੇ ਅਜਿਹੇ ਪਹਿਲੇ ਪ੍ਰਧਾਨ ਹਨ ਜੋ ਗੁਰੂ ਕੀ ਗੋਲਕ ਦੇ ਪੈਸੇ ਦੀ ਹੇਰਾ ਫੇਰੀ ਦੇ ਮਾਮਲੇ ਵਿਚ ਜ਼ਮਾਨਤ 'ਤੇ ਬਾਹਰ ਹਨ। ਉਹਨਾਂ ਕਿਹਾ ਕਿ ਉਹਨਾਂ ਨੇ ਖੁਦ ਸਰਦਾਰ ਮਨਜੀਤ ਸਿੰਘ ਜੀ.ਕੇ. ਨੂੰ ਅਪੀਲ ਕੀਤੀ ਸੀ ਕਿ ਉਹ ਸੰਗਤ ਦੀ ਗੋਲਕ ਦੇ ਪੈਸੇ ਦਾ ਹਿਸਾਬ ਦੇ ਦੇਣ ਪਰ ਉਹਨਾਂ ਜਵਾਬ ਦਿੱਤਾ ਕਿ ਉਹ ਅਦਾਲਤ ਵਿਚ ਹੀ ਜਵਾਬ ਦੇਣਗੇ ਤੇ ਪਿਛਲੇ 7 ਸਾਲਾਂ ਤੋਂ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ। ਉਹਨਾਂ ਮੁੜ ਦੁਹਰਾਇਆ ਕਿ ਮੌਜੂਦਾ ਟੀਮ ਪੂਰੀ ਪਾਰਦਰਸ਼ਤਾ ਨਾਲ ਕੰਮ ਕਰਨ ਵਾਸਤੇ ਦ੍ਰਿੜ੍ਹ ਸੰਕਲਪ ਹੈ ਤੇ ਹਰ ਹਾਲਤ ਵਿਚ ਸੰਗਤ ਦੇ ਸਹਿਯੋਗ ਨਾਲ ਸੰਗਤ ਦੀ ਸੇਵਾ ਵਾਸਤੇ ਕੰਮਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਗੁਰੂ ਗੋਬਿੰਦ ਕਾਲਜ ਆਫ਼ ਕਾਮਰਸ ਦੇ ਸਮਾਗਮ 'ਚ ਹਰਮੀਤ ਸਿੰਘ ਕਾਲਕਾ ਨੇ ਪ੍ਰਮੁੱਖ ਮਹਿਮਾਨਾਂ ਦੀਆਂ ਪ੍ਰਾਪਤੀਆਂ 'ਤੇ ਪਾਇਆ ਚਾਨਣਾ

ਨਵੀਂ ਦਿੱਲੀ 6 ਮਈ, (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਗੁਰੂ ਗੋਬਿੰਦ ਕਾਲਜ ਆਫ ਕਾਮਰਸ, ਪੀਤਮਪੁਰਾ ਦੇ 42ਵੇਂ ਸਲਾਨਾ ਦਿਵਸ ਸਮਾਰੋਹ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਕਾਲਜ ਸਿਰਫ਼ ਸਿੱਖਿਆ ਦਾ ਕੇਂਦਰ ਨਹੀਂ, ਸਗੋਂ ਵਿਰਾਸਤ, ਸੰਸਕਾਰਾਂ ਅਤੇ ਉੱਚੀਆਂ ਕਦਰਾਂ-ਕੀਮਤਾਂ ਦਾ ਪ੍ਰਤੀਕ ਹੈ। ਉਨ੍ਹਾਂ ਇਸ ਮੌਕੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਸਰਦਾਰ ਚਰਨਜੀਤ ਸਿੰਘ ਸੰਧੂ, ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ, ਕੈਬਿਨਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ, ਕਾਲਜ ਦੇ ਚੇਅਰਮੈਨ ਸਰਦਾਰ ਐਮ.ਪੀ. ਸਿੰਘ, ਡੀਐਸਜੀਐਮਸੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਸਰਦਾਰ ਗੁਰਵਿੰਦਰ ਪਾਲ ਸਿੰਘ, ਪ੍ਰਿੰਸੀਪਲ ਮੈਡਮ, ਸਮੂਹ ਫੈਕਲਟੀ ਅਤੇ ਹਾਜ਼ਰ ਸਾਧ ਸੰਗਤ ਦਾ ਸਤਿਕਾਰ ਕਰਦਿਆਂ ਸਭ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਸਰਦਾਰ ਕਾਲਕਾ ਨੇ ਮਾਣ ਨਾਲ ਕਿਹਾ ਕਿ ਇਸ ਕਾਲਜ ਨਾਲ ਉਨ੍ਹਾਂ ਦੀਆਂ ਜੜ੍ਹਾਂ ਗਹਿਰੀ ਤੌਰ 'ਤੇ ਜੁੜੀਆਂ ਹਨ ਅਤੇ ਉਨ੍ਹਾਂ ਦੇ ਦਾਦਾ ਸਰਦਾਰ ਜਸਵੰਤ ਸਿੰਘ ਕਾਲਕਾ ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ ਵੱਲੋਂ ਇਸ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਕਾਲਜ ਦੀ ਤਰੱਕੀ ਅਤੇ ਉਚਾਈਆਂ ਨੂੰ ਆਪਣੀਆਂ ਅੱਖਾਂ ਨਾਲ ਦੇਖਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਪ੍ਰਮੁੱਖ ਮਹਿਮਾਨਾਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਦਾਰ ਚਰਨਜੀਤ ਸਿੰਘ ਸੰਧੂ ਦੀ ਵਿਰਾਸਤ ਮਹਾਨ ਸਿੱਖ ਆਗੂ ਸਰਦਾਰ ਤੇਜਾ ਸਿੰਘ ਸਮੁੰਦਰੀ ਨਾਲ ਜੁੜੀ ਹੋਈ ਹੈ, ਜਿਨ੍ਹਾਂ ਨੇ ਸਿੱਖ ਇਤਿਹਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਇਹ ਵਿਰਾਸਤ ਅਤੇ ਸੇਵਾ ਦਾ ਜਜ਼ਬਾ ਅੱਜ ਵੀ ਪ੍ਰੇਰਣਾ ਦਾ ਸਰੋਤ ਹੈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੇ ਰਾਜਨੀਤਿਕ ਸਫ਼ਰ ਨੂੰ ਪ੍ਰੇਰਨਾਦਾਇਕ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ 1995 ਵਿੱਚ ਵਿਦਿਆਰਥੀ ਰਾਜਨੀਤੀ ਤੋਂ ਸ਼ੁਰੂ ਹੋਇਆ ਇਹ ਸਫ਼ਰ ਅੱਜ ਉੱਚੇ ਅਹੁਦੇ ਤੱਕ ਪਹੁੰਚ ਚੁੱਕਾ ਹੈ, ਜੋ ਨੌਜਵਾਨਾਂ ਲਈ ਇਕ ਮਿਸਾਲ ਹੈ। ਸਰਦਾਰ ਮਨਜਿੰਦਰ ਸਿੰਘ ਸਿਰਸਾ ਦੀ ਲੀਡਰਸ਼ਿਪ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੇ ਬਤੌਰ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਰੋਨਾ ਮਹਾਂਮਾਰੀ ਦੌਰਾਨ ਅਤੇ ਕਿਸਾਨ ਅੰਦੋਲਨ ਸਮੇਂ ਉਨ੍ਹਾਂ ਵੱਲੋਂ ਨਿਭਾਈ ਗਈ ਸੇਵਾ ਅਤੇ ਸਮਰਪਣ ਬੇਮਿਸਾਲ ਹੈ, ਜਿਸ ਨੇ ਸਮਾਜ ਵਿੱਚ ਸੇਵਾ ਦੀ ਨਵੀਂ ਮਿਸਾਲ ਕਾਇਮ ਕੀਤੀ। ਸਰਦਾਰ ਕਾਲਕਾ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਜੀਵਨ ਵਿੱਚ ਉੱਚਾਈਆਂ ਹਾਸਲ ਕਰਨ ਲਈ ਮਿਹਨਤ, ਸੰਘਰਸ਼ ਅਤੇ ਲਗਾਤਾਰ ਅਭਿਆਸ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਜਿਵੇਂ ਸੋਨਾ ਅੱਗ ਵਿੱਚ ਤਪ ਕੇ ਖ਼ਰਾ ਬਣਦਾ ਹੈ, ਓਸੇ ਤਰ੍ਹਾਂ ਮਨੁੱਖ ਵੀ ਮਿਹਨਤ ਨਾਲ ਨਿਖਰਦਾ ਹੈ। ਉਨ੍ਹਾਂ ਅਰਦਾਸ ਕੀਤੀ ਕਿ ਇਹ ਵਿਦਿਅਕ ਸੰਸਥਾ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਬੁਲੰਦੀਆਂ ਨੂੰ ਛੂਹੇ ਅਤੇ ਦੇਸ਼ ਤੇ ਸਮਾਜ ਦੀ ਸੇਵਾ ਕਰਦੇ ਹੋਏ ਵਿਦਿਆਰਥੀਆਂ ਨੂੰ ਉੱਚੇ ਮਕਾਮ ਤੱਕ ਪਹੁੰਚਾਏ। ਇਹ ਸਮਾਰੋਹ ਗਿਆਨ, ਵਿਰਾਸਤ ਅਤੇ ਪ੍ਰੇਰਣਾ ਦਾ ਸੁੰਦਰ ਮੇਲ ਸਾਬਤ ਹੋਇਆ, ਜਿਸ ਨੇ ਹਾਜ਼ਰੀਨ ਨੂੰ ਨਵੀਂ ਊਰਜਾ ਅਤੇ ਉਤਸ਼ਾਹ ਨਾਲ ਭਰ ਦਿੱਤਾ।




# ਗੁਰਦੁਆਰਾ ਭਾਈ ਲਾਲੋ ਜੀ ਰਾਮਗੜ੍ਹੀਆ ਭਵਨ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ



ਪਟਿਆਲਾ, 6 ਮਈ (ਚ.ਨ.ਸ.) : ਗੁਰਦੁਆਰਾ ਭਾਈ ਲਾਲੋ ਜੀ ਰਾਮਗੜ੍ਹੀਆ ਭਵਨ ਗਲੀ ਨੰਬਰ 9, ਗੁਰੂ ਨਾਨਕ ਨਗਰ ਪਟਿਆਲਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਸਦਕਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਭਾਈ ਗੁਰਦੀਪ ਸਿੰਘ ਜੀ ਕੋਮਲ ਪਟਿਆਲਾ ਵਾਲਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

---

**ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀਐਸਆਈਆਰ)**
**ਅਨੁਸੰਧਾਨ ਭਵਨ, 2, ਰਫੀ ਮਾਰਗ, ਨਵੀਂ ਦਿੱਲੀ-110001**
**ਇਸ਼ਤਿਹਾਰ ਨੰ. 02/2026**

ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀਐਸਆਈਆਰ) ਸੀਐਸਆਈਆਰ-ਭਰਤੀ ਅਤੇ ਮੁਲਾਂਕਣ ਬੋਰਡ (ਸੀਐਸਆਈਆਰ-ਆਰਏਬੀ), ਨਵੀਂ ਦਿੱਲੀ ਵਿੱਚ ਚੇਅਰਮੈਨ ਦੇ ਅਹੁਦੇ ਲਈ ਅਰਜ਼ੀਆਂ/ਨਾਮਜ਼ਦਗੀਆਂ ਮੰਗਦੀ ਹੈ, ਜਿਸ ਵਿੱਚ ਸੀਐਸਆਈਆਰ ਵਿੱਚ ਲਾਗੂ ਭੱਤਿਆਂ ਸਮੇਤ ਤਨਖਾਹ ਮੈਟ੍ਰਿਕਸ ਦੇ ਪੱਧਰ 16 (2,05,400-2,24,400 ਰੁਪਏ) ਜਾਂ ਖੋਜ-ਕਮ-ਚੋਣ ਕਮੇਟੀ ਦੁਆਰਾ ਸਿਫ਼ਾਰਸ਼ ਕੀਤੀ ਗਈ ਸੰਯੁਕਤ ਤਨਖਾਹ 'ਤੇ ਅਰਜ਼ੀਆਂ/ਨਾਮਜ਼ਦਗੀਆਂ ਮੰਗੀਆਂ ਜਾਂਦੀਆਂ ਹਨ।

ਯੋਗਤਾ, ਮਾਪਦੰਡ ਅਤੇ ਹੋਰ ਸ਼ਰਤਾਂ ਲਈ, ਕਿਰਪਾ ਕਰਕੇ ਸੀਐਸਆਈਆਰ ਦੀ ਵੈੱਬਸਾਈਟ www.csir.res.in 'ਤੇ ਵਿਸਤ੍ਰਿਤ/ਪੂਰਾ ਇਸ਼ਤਿਹਾਰ ਸੰਖਿਆ ਨੰਬਰ 02/2026 ਵੇਖੋ। ਪੂਰੇ ਸੀਵੀ ਦੇ ਨਾਲ ਅਰਜ਼ੀਆਂ/ਨਾਮਜ਼ਦਗੀਆਂ ਈਮੇਲ ਆਈਡੀ drc.hqrs@csir.res.in 'ਤੇ ਈਮੇਲ ਰਾਹੀਂ ਜਾਂ ਡਾਕ ਰਾਹੀਂ ਡਾਇਰੈਕਟਰ, ਭਰਤੀ ਸੈੱਲ, ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀਐਸਆਈਆਰ), ਅਨੁਸੰਧਾਨ ਭਵਨ, 2, ਰਫੀ ਮਾਰਗ, ਨਵੀਂ ਦਿੱਲੀ-110001 ਨੂੰ 15/06/2026 ਨੂੰ ਜਾਂ ਇਸ ਤੋਂ ਪਹਿਲਾਂ ਭੇਜੀਆਂ ਜਾ ਸਕਦੀਆਂ ਹਨ।

**CBC 36202/11/0001/2627**

---

**ਪੰਜਾਬ ਸਰਕਾਰ**
**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ**
**ਪੁੱਡਾ ਕੰਪਲੈਕਸ, ਅਰਬਨ ਅਸਟੇਟ, ਫੇਜ਼-2, ਪਟਿਆਲਾ**

**ਈ-ਟੈਂਡਰ/192/ਪੀਡੀਏ/ਡੀਈ (ਪੀਐਚ)** 2026/10075 **ਮਿਤੀ :** 06.05.2026

ਮੰਡਲ ਇੰਜੀਨੀਅਰ (ਪੀਐਚ), ਪੀਡੀਏ, ਪਟਿਆਲਾ ਵੱਲੋਂ **"ਅਰਬਨ ਅਸਟੇਟ ਫੇਜ਼-1, 2, 3, 4 ਅਤੇ ਵਾਈਪੀਐਸ ਜ਼ਮੀਨ ਪਟਿਆਲਾ ਵਿਚ ਬਰਸਾਤੀ ਸੀਵਰ ਮੇਨਹੋਲਜ਼, ਸੜਕ ਗਲੀਆਂ ਅਤੇ ਰੀਚਾਰਜ ਵੈਲਜ਼ ਦੀ ਸਫਾਈ/ਡੀਸਿਲਟਿੰਗ (ਡੀਐਨਆਈਟੀ ਰਕਮ : ਰੁ. 5,39 ਲੱਖ)"** ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 14.05.2026 **ਨੂੰ ਬਾ. ਦੁ.** 01.00 **ਵਜੇ**
ਵੇਰਵਿਆਂ ਲਈ ਲਾਗ ਆਨ ਕਰੋ : **https://eproc.punjab.gov.in**
ਨੋਟ : ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ
**RO.No.PR-Advt.No.: 1319/12/2026-27/11237/Dated CHD : 06.05.2026**

---

**ਪੰਜਾਬ ਸਰਕਾਰ**

| | |
|---|---|
| **ਟੈਂਡਰ ਹਵਾਲਾ ਨੰਬਰ:** | **03/ਈ-ਟੈਂਡਰ/ਐਲਜੀ-ਆਈਟੀ ਫਗਵਾੜਾ/2026-27** |
| **ਵਿਭਾਗ :** | **ਇੰਪਰੂਵਮੈਂਟ ਟਰੱਸਟ, ਫਗਵਾੜਾ, ਸਥਾਨਕ ਸਰਕਾਰ ਪੰਜਾਬ** |
| **ਸ਼ੁਰੂਆਤੀ ਮਿਤੀ ਅਤੇ ਸਮਾਂ :** | 06.05.2026 **ਸਮਾਂ ਸਵੇਰੇ** 10.00 **ਵਜੇ** |
| **ਬੰਦ ਹੋਣ ਦੀ ਮਿਤੀ ਅਤੇ ਸਮਾਂ :** | 21.05.2026 **ਸਮਾਂ ਬਾ.ਦੁ.** 02.00 **ਵਜੇ** |
| **ਵੇਰਵਿਆਂ ਲਈ ਲਾਗ ਆਨ ਕਰੋ :** | www.eproc.punjab.gov.in |
| **ਨੋਟ :** | **ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।** |

**ਸਹੀ/-ਸਹਾਇਕ ਟਰੱਸਟ ਇੰਜੀਨੀਅਰ,**
**ਇੰਪਰੂਵਮੈਂਟ ਟਰੱਸਟ,**
**ਫਗਵਾੜਾ**
**RO.No.PR-Advt.No.: 2682/12/2026-27/11229/Dated CHD : 06.05.2026**

---

**ਪੰਜਾਬ ਸਰਕਾਰ**
**ਨਗਰ ਨਿਗਮ ਅਬੋਹਰ**

| ਲੜੀ ਨੰ. | ਕੰਮਾਂ ਦੀ ਗਿਣਤੀ | ਟੈਂਡਰ ਹਵਾਲਾ ਨੰਬਰ | ਟੈਂਡਰ ਆਨਲਾਈਨ ਪੇਸ਼ ਕਰਨ ਲਈ ਅੰਤਿਮ ਮਿਤੀ |
|---|---|---|---|
| 1 | 40 ਕੰਮ (ਸਿਵਲ) | ਐਲ.ਜੀ./ਐਮ.ਸੀ.ਅਬੋਹਰ/2026-27/01 ਮਿਤੀ 05.05.2026 | ਟੈਂਡਰ ਆਨਲਾਈਨ ਪੇਸ਼ ਕਰਨ ਲਈ ਅੰਤਿਮ ਮਿਤੀ 18.05.2026 ਸਵੇਰੇ 11:00 ਵਜੇ ਤੱਕ। |

ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਵੈੱਬਸਾਈਟ https://eproc.punjab.gov.in ਦਾ ਹਵਾਲਾ ਲਓ। ਟਿੱਪਣੀ/ਕੋਰੀਜੰਡਮ ਜੇਕਰ ਕੋਈ ਹੋਵੇਗੀ ਤਾਂ ਉਹ ਵੈੱਬਸਾਈਟ ਤੇ ਹੀ ਲਗਾਇਆ ਜਾਵੇਗਾ।
**ਕਾਰਪੋਰੇਸ਼ਨ ਇੰਜੀਨੀਅਰ,**
**ਨਗਰ ਨਿਗਮ, ਅਬੋਹਰ।**
**Ro No. PR-Advt. No.: 1780 / 12 / 2026-27 / 11231 / Dated CHD : 06.05.2026**

---

**ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਚੰਡੀਗੜ੍ਹ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੀ.ਆਰ.ਟੀ.ਸੀ. ਚੰਡੀਗੜ੍ਹ ਡਿੱਪੂ ਵਿਖੇ ਬੱਸਾਂ ਦੀ ਧੁਲਾਈ ਲਈ ਇੱਕ ਵਿਅਕਤੀ ਦੀ ਲੋੜ ਹੈ। ਜਿਸ ਨੂੰ 30/- ਰੁਪਏ ਪ੍ਰਤੀ ਬੱਸ ਧੁਲਾਈ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ। ਇਸ ਸਬੰਧੀ ਚਾਹਵਾਨ ਵਿਅਕਤੀ ਆਪਣੀ ਪ੍ਰਤੀ ਬੇਨਤੀ ਇਸ ਨੋਟਿਸ ਦੇ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੇ ਦਫ਼ਤਰ ਜਮ੍ਹਾਂ ਕਰਵਾ ਸਕਦਾ ਹੈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 99155-07067 ਅਤੇ ਈ-ਮੇਲ ਆਈ.ਡੀ. prtc.chd@gmail.com ਤੇ ਸੰਪਰਕ ਕੀਤਾ ਜਾ ਸਕਦਾ ਹੈ।
**ਸਹੀ/- ਜਨਰਲ ਮੈਨੇਜਰ,**
**ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ,**
**ਚੰਡੀਗੜ੍ਹ।**
**Ro No. PR-Advt. No.: 1044 / 12 / 2026-27 / 11240 / Dated CHD : 06.05.2026**

---

**ਨਗਰ ਨਿਗਮ ਚੰਡੀਗੜ੍ਹ**
**ਟੈਂਡਰ ਸੂਚਨਾ**

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | **ਕਾਰਜਕਾਰੀ ਇੰਜੀਨੀਅਰ - ਬਾਗਬਾਨੀ ਮੰਡਲ ਨੰ.2** | | |
| 1. | ਕੈਪੀਟਲ ਹੈਡ-ਸੁੰਦਰੀਕਰਨ ਦੇ ਅਧੀਨ ਸੈਕਟਰ 45 ਅਤੇ 46, ਚੰਡੀਗੜ੍ਹ ਦੇ ਵੱਖ-ਵੱਖ ਪਾਰਕਾਂ ਅਤੇ ਹਰੀ ਪੱਟੀ ਵਿਚ ਬਾਲ ਖੇਡ ਉਪਕਰਨਾਂ ਦੀ ਵਿਵਸਥਾ ਅਤੇ ਸਥਾਪਨਾ। ਡੀਐਨਆਈਟੀ ਰਕਮ : ਰੁ. 46,10,000/- ਬਿਆਨਾ ਰਕਮ : ਰੁ. 92,200/- ਸਮਾਂ ਹੱਦ : ਦੋ ਮਹੀਨੇ | **AB.@E.B@BF** at 5.30 P.M. To 12.05.2026 at 3.00 P.M. | 05.05.2026 at 3.00 P.M. |
| | **ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 2** | | |
| 2. | ਇੰਡਸਟ੍ਰੀਅਲ ਏਰੀਆ, ਫੇਜ਼-1, ਚੰਡੀਗੜ੍ਹ ਵਿਚ ਪਲਾਟ ਨੰ. 209 ਤੋਂ 216 ਤੱਕ ਬਲਾਕ ਵਿਚ ਫੁੱਟਪਾਥ 'ਤੇ ਪੀਸੀਸੀ ਟਾਈਲਾਂ ਦੀ ਵਿਵਸਥਾ ਅਤੇ ਸਥਾਪਨਾ (ਐਮਡੀਐਫ) ਅਨੁਮਾਨਤ ਲਾਗਤ : ਰੁ. 27.07 ਲੱਖ ਬਿਆਨਾ ਰਕਮ : ਰੁ. 54,152/- ਸਮਾਂ ਮਿਆਦ : 04 ਮਹੀਨੇ | 06.05.2026 To 13.05.2026 upto 12.00 noon | 13.05.2026 at 12.00 noon |
| 3. | ਮੌਲੀ ਜਾਗਰਾਂ ਕੰਪਲੈਕਸ, ਚੰਡੀਗੜ੍ਹ ਦੇ ਮੌਜੂਦਾ ਕਮਿਊਨਿਟੀ ਸੈਂਟਰ ਦੀ ਵਿਸ਼ੇਸ਼ ਮੁਰੰਮਤ। ਅਨੁਮਾਨਤ ਲਾਗਤ : ਰੁ. 45.38 ਲੱਖ ਬਿਆਨਾ ਰਕਮ : ਰੁ. 90,755/- ਸਮਾਂ ਮਿਆਦ : 04 ਮਹੀਨੇ | 06.05.2026 To 13.05.2026 upto 12.00 noon | 13.05.2026 at 12.00 noon |

ਨੋਟ :- 1) ਵਿਸਥਾਰਤ ਨਿਯਮ ਅਤੇ ਸ਼ਰਤਾਂ ਸਮੇਤ ਟੈਂਡਰ ਸੂਚਨਾ ਵੈਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅਪਲੋਡ ਕੀਤੀ ਗਈ ਹੈ
**ਕਾਰਜਕਾਰੀ ਇੰਜੀਨੀਅਰ**
ਬਾਗਬਾਨੀ ਮੰਡਲ ਨੰ.2 ਅਤੇ ਸੜਕ ਮੰਡਲ ਨੰ., ਕਮਰਾ ਨੰ. 304, ਐਮ.ਸੀ. ਚੰਡੀਗੜ੍ਹ

---

**ਉੱਤਰ ਰੇਲਵੇ**
**ਈ-ਨੀਲਾਮੀ ਸੂਚਨਾ**

**ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾਂ ਦੇ ਲਈ ਉੱਤਰ ਰੇਲਵੇ ਅੰਬਾਲਾ ਮੰਡਲ ਦੇ ਰੇਲਵੇ ਸਟੇਸ਼ਨਾਂ ਤੇ ਕਾਂਟਰੈਕਟਾਂ ਦੇ ਅਲਾਟਮੈਂਟ ਦੇ ਲਈ IREPS ਵੈਬਸਾਈਟ ਉਤੇ ਈ-ਆਕਸ਼ਨ ਦੇ ਮਾਧਿਅਮ ਨਾਲ ਬੋਲੀਆਂ ਦੀ ਮੰਗ ਕਰਦੇ ਹਨ।**
**ਰੇਟ ਯੂਨਿਟ: ਸਲਾਨਾ ਲਾਈਸੈਂਸ ਫੀਸ**

| S. N. | Lot No. | Auction Catalogue No. | Details | Auction start date & time | Auction close date & time |
|---|---|---|---|---|---|
| 1. | Catg-UMB-UBC-GMU-161-25-1 | UMB-Ctg-04-2026 | ਰਿਫ੍ਰੈਸ਼ਮੈਂਟ ਰੂਮ-ਜਨਰਲ ਮਾਈਨਰ ਯੂਨਿਟ (GMU) (Size 40.61 sqm) ਜਨਰਲ ਮਹਿਲਾ ਸ਼੍ਰੇਣੀ ਦੇ ਲਈ ਅੰਬਾਲਾ ਸਿਟੀ ਰੇਲਵੇ ਸਟੇਸ਼ਨ। | 14.05.2026 at 12:00 hrs. | 14.05.2026 at 12:30 hrs. |

**ਨੋਟ: ਈ-ਨੀਲਾਮੀ ਦੀ ਵਧੇਰੇ ਜਾਣਕਾਰੀ ਲਈ ਸਾਰੇ ਭਾਵੀ ਨਿਵਿਦਾਕਰਤਾ ਰੇਲਵੇ ਵੈਬਸਾਈਟ www.ireps.gov.in ਨੂੰ ਵੇਖਣ।**
**1509/2026**
**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

# ਅਮਨ-ਸ਼ਾਂਤੀ ਅਤੇ ਸਾਂਝਾ ਭਵਿੱਖ

ਸੁਖਵੰਤ ਹੁੰਦਲ

**ਹਾਲ** ਹੀ ਵਿੱਚ ਪ੍ਰਕਾਸ਼ਿਤ ਹੋਈ ਕਿਤਾਬ 'The future is Peace: A Shared Journey Across the Holy Land' ਇੱਕ ਫ਼ਲਸਤੀਨੀ ਅਜ਼ੀਜ਼ ਅਬੂ ਸਾਰ੍ਹਾ ਅਤੇ ਇੱਕ ਇਜ਼ਰਾਇਲੀ ਮਾਓਜ਼ ਇਨਾਨ ਨੇ ਰਲ ਕੇ ਲਿਖੀ ਹੈ। ਦੋਵੇਂ ਫ਼ਲਸਤੀਨ ਅਤੇ ਇਜ਼ਰਾਈਲ ਵਿਚਕਾਰ ਸ਼ਾਂਤੀ ਲਈ ਕੰਮ ਕਰਨ ਵਾਲੇ ਕਾਰਕੁਨ ਹਨ। ਅਜ਼ੀਜ਼ ਅਬੂ ਸਾਰ੍ਹਾ ਦਾ ਭਰਾ ਇਜ਼ਰਾਇਲੀ ਰੱਖਿਆ ਸੈਨਾਵਾਂ ਵੱਲੋਂ ਕੀਤੇ ਤਸ਼ੱਦਦ ਕਾਰਨ ਮਾਰਿਆ ਗਿਆ ਸੀ ਅਤੇ ਮਾਓਜ਼ ਇਨਾਨ ਦੇ ਮਾਪੇ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਦੌਰਾਨ ਮਾਰੇ ਗਏ ਸਨ। ਇਨ੍ਹਾਂ ਦੋਵਾਂ ਲੇਖਕਾਂ ਨੇ ਆਪਣੇ ਦੁੱਖ ਨੂੰ ਇੱਕ-ਦੂਜੇ ਪ੍ਰਤੀ ਦੁਸ਼ਮਣੀ ਅਤੇ ਬਦਲੇ ਦੀ ਭਾਵਨਾ ਵਿੱਚ ਬਦਲਣ ਦੀ ਥਾਂ ਇਸ ਖੇਤਰ ਵਿੱਚ ਸ਼ਾਂਤੀ ਬਹਾਲੀ ਲਈ ਕੰਮ ਕਰਨ ਦੀ ਭਾਵਨਾ ਵਿੱਚ ਤਬਦੀਲ ਕੀਤਾ ਹੈ। ਉਹ ਕਹਿੰਦੇ ਹਨ, "ਅਸੀਂ ਡਰ ਅਤੇ ਗੁੱਸੇ, ਅਤਿਵਾਦ ਅਤੇ ਫ਼ਿਰਕਾਪ੍ਰਸਤੀ ਰਾਹੀਂ ਇੰਨੇ ਵੰਡੇ ਗਏ ਹਾਂ ਕਿ ਹੁਣ ਅਸੀਂ ਇੱਕ-ਦੂਜੇ ਦੀ ਇਨਸਾਨੀਅਤ ਨਹੀਂ ਦੇਖ ਸਕਦੇ ਜਾਂ ਇੱਕ-ਦੂਜੇ ਦੇ ਦੁੱਖ ਪ੍ਰਤੀ ਹਮਦਰਦੀ ਮਹਿਸੂਸ ਨਹੀਂ ਕਰ ਸਕਦੇ। ਅਸੀਂ ਸਾਨੂੰ ਵਿਰਾਸਤ ਵਿੱਚ ਮਿਲੇ ਇਤਿਹਾਸ ਵਿੱਚ ਜਿਊ ਰਹੇ ਹਾਂ, ਪਰ ਇਜ਼ਰਾਇਲੀਆਂ ਅਤੇ ਫ਼ਲਸਤੀਨੀਆਂ ਦੋਵਾਂ ਲਈ ਸਾਂਝਾ ਭਵਿੱਖ ਉਸਾਰਨਾ ਜ਼ਰੂਰੀ ਹੈ। ਅਜਿਹਾ ਕਰਨ ਲਈ ਸਾਨੂੰ ਵੰਡਣ ਵਾਲੀਆਂ ਅਗਿਆਨਤਾ ਅਤੇ ਨਫ਼ਰਤ ਦੀਆਂ ਕੰਧਾਂ ਨੂੰ ਢਾਹ ਦੇਣਾ ਹੀ ਅੱਗੇ ਵਧਣ ਦਾ ਇੱਕੋ ਇੱਕ ਰਾਹ ਹੈ।" ਇਸ ਕਿਤਾਬ ਵਿੱਚ ਉਨ੍ਹਾਂ ਨੇ ਇਸ ਖਿੱਤੇ ਦੇ ਅਮੀਰ ਇਤਿਹਾਸ, ਇਸ ਨਾਲ ਆਪੋ-ਆਪਣੇ ਲੋਕਾਂ ਦੇ ਸਬੰਧਾਂ ਦੀ ਕਹਾਣੀ, ਉਨ੍ਹਾਂ ਵਿਚਕਾਰ ਇੱਕ ਸਦੀ ਤੋਂ ਵੱਧ ਸਮੇਂ ਤੋਂ ਚੱਲੀ ਆ ਰਹੀ ਲੜਾਈ ਦੇ ਲੋਕਾਂ 'ਤੇ ਪੈ ਰਹੇ ਅਸਰ ਬਾਰੇ ਗੱਲ ਕੀਤੀ ਹੈ। ਫ਼ਲਸਤੀਨੀਆਂ ਅਤੇ ਇਜ਼ਰਾਇਲੀਆਂ ਵਿਚਕਾਰ ਵੰਡੀਆਂ ਪਾਉਣ ਵਾਲੀਆਂ ਸਥਿਤੀਆਂ ਬਾਰੇ ਗੱਲ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਲੜਾਈ ਤੋਂ ਪਹਿਲਾਂ ਆਪਣੇ ਲੋਕਾਂ ਵਿਚਕਾਰ ਸਹਿਯੋਗ ਦੇ ਲੰਮੇ ਇਤਿਹਾਸ ਦੀ ਵੀ ਗੱਲ ਕੀਤੀ ਹੈ। ਅਜ਼ੀਜ਼ ਅਤੇ ਮਾਓਜ਼ ਉਸ ਸਮੇਂ ਆਪਣੇ ਲੋਕਾਂ ਦਰਮਿਆਨ ਸ਼ਾਂਤੀ ਦੀ ਉਮੀਦ ਲੈ ਕੇ ਦੁਨੀਆ ਦੇ ਰੂ-ਬ-ਰੂ ਹੋਏ ਹਨ, ਜਦੋਂ ਬਹੁਤ ਘੱਟ ਲੋਕ ਇਸ ਦੀ ਆਸ ਕਰ ਰਹੇ ਹਨ। ਉਨ੍ਹਾਂ ਵੱਲੋਂ ਆਪਣੀ ਗੱਲ ਕਹਿਣ ਦਾ ਢੰਗ ਬਹੁਤ ਹੀ ਸ਼ਕਤੀਸ਼ਾਲੀ ਤਰੀਕੇ ਨਾਲ ਇਸ ਉਮੀਦ ਦੇ ਪੂਰਾ ਹੋਣ ਦਾ ਯਕੀਨ ਦਿਵਾਉਂਦਾ ਹੈ। ਇਹ ਕਿਤਾਬ ਸਿਰਫ਼ ਫ਼ਲਸਤੀਨੀ ਅਤੇ ਇਜ਼ਰਾਇਲੀ ਲੋਕਾਂ ਲਈ ਹੀ ਨਹੀਂ ਸਗੋਂ ਦੁਨੀਆ ਦੇ ਉਨ੍ਹਾਂ ਸਾਰੇ ਲੋਕਾਂ ਲਈ ਅਹਿਮ ਹੈ, ਜਿਨ੍ਹਾਂ ਦੇ ਸਮਾਜਾਂ ਵਿੱਚ ਨਫ਼ਰਤ, ਦੁਸ਼ਮਣੀਆਂ ਅਤੇ ਹਿੰਸਾ ਦੇ ਬਿਰਤਾਂਤ ਦਾ ਬੋਲਬਾਲਾ ਹੈ। ਇਹ ਕਿਤਾਬ ਵੱਖ-ਵੱਖ ਲੋਕਾਂ ਨੂੰ ਨਫ਼ਰਤ, ਦੁਸ਼ਮਣੀ ਅਤੇ ਹਿੰਸਾ ਤੋਂ ਪਾਰ ਜਾ ਕੇ ਇੱਕ-ਦੂਸਰੇ ਨਾਲ ਇਨਸਾਨੀਅਤ ਦਾ ਰਿਸ਼ਤਾ ਕਾਇਮ ਕਰਨ ਦਾ ਰਾਹ ਦੱਸਦੀ ਹੈ।

ਇੱਕ ਵਾਰ ਦੀ ਗੱਲ ਹੈ, ਦੋ ਭਰਾ ਇੱਕੋ ਪਹਾੜੀ ਦੇ ਵੱਖ-ਵੱਖ ਪਾਸਿਆਂ 'ਤੇ ਰਹਿੰਦੇ ਸਨ। ਉਨ੍ਹਾਂ ਨੂੰ ਆਪਣੇ ਪਿਤਾ ਦੀ ਅੱਧੀ-ਅੱਧੀ ਜ਼ਮੀਨ ਵਿਰਾਸਤ ਵਿੱਚ ਮਿਲੀ। ਇੱਕ ਵਿਆਹਿਆ ਹੋਇਆ ਸੀ ਤੇ ਉਸ ਦੇ ਬੱਚੇ ਸਨ, ਦੂਜੇ ਦਾ ਵਿਆਹ ਨਹੀਂ ਹੋਇਆ ਸੀ ਤੇ ਉਹ ਇਕੱਲਾ ਰਹਿੰਦਾ ਸੀ। ਉਹ ਆਪੋ-ਆਪਣੇ ਖੇਤਾਂ ਵਿੱਚ ਵਾਹੀ ਕਰਦੇ ਸਨ। ਜਦੋਂ ਵਾਢੀ ਦਾ ਸਮਾਂ ਆਇਆ ਤਾਂ ਦੋਵਾਂ ਨੂੰ ਭਰਪੂਰ ਫ਼ਸਲਾਂ ਦੀ ਬਰਕਤ ਮਿਲੀ। ਇੱਕ ਰਾਤ ਛੋਟੇ ਭਰਾ ਨੇ ਮਨ ਹੀ ਮਨ ਸੋਚਿਆ, 'ਮੇਰੇ ਕੋਲ ਲੋੜ ਤੋਂ ਵੱਧ ਹੈ। ਮੇਰੇ ਭਰਾ ਦਾ ਪਰਿਵਾਰ ਵੱਡਾ ਹੈ। ਯਕੀਨਨ ਉਸ ਦੀ ਲੋੜ ਮੇਰੇ ਨਾਲੋਂ ਵੱਡੀ ਹੈ।' ਪਹਾੜੀ ਦੇ ਦੂਜੇ ਪਾਸੇ, ਵੱਡਾ ਭਰਾ ਮੰਜੇ 'ਤੇ ਪਿਆ ਸੋਚ ਰਿਹਾ ਸੀ, 'ਮੇਰੇ ਬੱਚੇ ਹਨ ਜੋ ਬੁਢਾਪੇ ਵਿੱਚ ਮੇਰੀ ਦੇਖ-ਭਾਲ ਕਰਨਗੇ, ਪਰ ਮੇਰੇ ਭਰਾ ਦਾ ਕੋਈ ਨਹੀਂ। ਯਕੀਨਨ ਉਸ ਦੀ ਲੋੜ ਮੇਰੇ ਨਾਲੋਂ ਵੱਡੀ ਹੈ।'

ਉਸ ਰਾਤ ਦੋਵਾਂ ਨੇ ਕਣਕ ਰੱਖਣ ਵਾਲੀ ਆਪੋ-ਆਪਣੀ ਕੋਠੜੀ ਵਿੱਚੋਂ ਕਣਕ ਦੀ ਇੱਕ-ਇੱਕ ਬੋਰੀ ਚੁੱਕੀ ਅਤੇ ਪਹਾੜੀ ਉੱਤੋਂ ਦੀ ਦੂਜੇ ਪਾਸੇ ਜਾ ਕੇ ਬਿਨਾਂ ਦੱਸਿਆਂ ਦੂਜੇ ਭਰਾ ਦੀ ਕੋਠੜੀ ਵਿੱਚ ਰੱਖ ਦਿੱਤੀ। ਦੂਜੇ ਦਿਨ ਸਵੇਰੇ ਦੋਵੇਂ ਹੈਰਾਨ ਸਨ ਕਿ ਉਨ੍ਹਾਂ ਦੀ ਆਪੋ-ਆਪਣੀ ਕੋਠੜੀ ਜਿਉਂ ਦੀ ਤਿਉਂ ਸੀ। ਕਈ ਰਾਤਾਂ ਇਹ ਵਟਾਂਦਰਾ ਚਲਦਾ ਰਿਹਾ। ਆਖ਼ਰ ਇੱਕ ਰਾਤ ਤਾਰਿਆਂ ਭਰੇ ਆਸਮਾਨ ਹੇਠ ਦੋਵੇਂ ਭਰਾ ਪਹਾੜੀ ਉੱਤੇ ਇੱਕ-ਦੂਜੇ ਨੂੰ ਮਿਲ ਪਏ। ਦੋਵਾਂ ਨੇ ਕਣਕ ਦੀ ਬੋਰੀ ਚੁੱਕੀ ਹੋਈ ਸੀ। ਉਸ ਪਲ ਉਨ੍ਹਾਂ ਨੂੰ ਸਮਝ ਆਈ ਕਿ ਉਨ੍ਹਾਂ ਦੀ ਕੋਠੜੀ 'ਚ ਕਣਕ ਕਦੇ ਘੱਟ ਕਿਉਂ ਨਹੀਂ ਸੀ ਹੋਈ। ਦੋਵੇਂ ਇੱਕ-ਦੂਜੇ ਨੂੰ ਜੱਫੀ ਪਾ ਕੇ ਰੋ ਪਏ।

ਇਸੇ ਪਹਾੜੀ ਉੱਤੇ ਭਰਾਵਾਂ ਦੇ ਅਸਧਾਰਨ ਪਿਆਰ ਦੀ ਇਸ ਥਾਂ 'ਤੇ ਪਵਿੱਤਰ ਸ਼ਹਿਰ ਯੇਰੂਸ਼ਲਮ ਉਸਾਰਿਆ ਗਿਆ ਹੈ। ਅਸੀਂ ਦੋਵਾਂ- ਅਜ਼ੀਜ਼ ਇੱਕ ਫ਼ਲਸਤੀਨੀ ਅਤੇ ਮਾਓਜ਼ ਇੱਕ ਇਜ਼ਰਾਈਲੀ- ਨੇ ਉਸ ਸਮੇਂ ਭਰਾਤਰੀ ਸਬੰਧ ਕਾਇਮ ਕੀਤੇ ਜਦੋਂ ਦੁਨੀਆ ਸਾਡੇ ਤੋਂ ਇੱਕ ਦੂਜੇ ਨੂੰ ਨਫ਼ਰਤ ਕਰਨ ਦੀ ਉਮੀਦ ਕਰ ਰਹੀ ਸੀ।

ਅਸੀਂ ਸ਼ਾਂਤੀ ਦੇ ਹਰਕਾਰੇ ਤੇ ਕਿਸਾਨਾਂ ਦੇ ਪੁੱਤਰ ਹਾਂ। ਅਸੀਂ ਅਜਿਹੀ ਦੁਨੀਆ ਵਿੱਚ ਜਨਮੇ ਹਾਂ, ਜਿੱਥੇ ਇਜ਼ਰਾਇਲੀਆਂ ਅਤੇ ਫ਼ਲਸਤੀਨੀਆਂ ਵਿਚਕਾਰ ਭਰਾਵਾਂ ਵਾਲੇ ਪਿਆਰ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। (ਅਜ਼ੀਜ਼ ਦਾ ਭਰਾ ਪਹਿਲੇ ਇੰਤਫਾਦਾ, ਯਾਨੀ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਫ਼ਲਸਤੀਨੀਆਂ ਵੱਲੋਂ ਇਜ਼ਰਾਈਲ ਦੇ ਫ਼ੌਜੀ ਕਬਜ਼ੇ ਵਿਰੁੱਧ 1987-1993 ਵਿਚਕਾਰ ਉੱਠੇ ਵੱਡੇ ਅੰਦੋਲਨ ਦੌਰਾਨ ਮਾਰਿਆ ਗਿਆ ਸੀ; ਮਾਓਜ਼ ਦੇ ਮਾਪੇ 7 ਅਕਤੂਬਰ ਨੂੰ ਹਮਾਸ ਦੇ ਹਮਲੇ ਵਿੱਚ ਮਾਰੇ ਗਏ ਸਨ) ਸਾਡੇ ਆਪਸੀ ਘਾਟੇ ਅਤੇ ਦੁੱਖ ਦੇ ਨਾਲ ਨਾਲ ਸ਼ਾਂਤੀ ਦੇ ਸਾਂਝੇ ਸੁਪਨੇ ਨੇ ਸਾਨੂੰ ਉਸ ਸਮੇਂ ਇਕੱਠੇ ਕੀਤਾ ਜਦੋਂ ਜੰਗ ਦੀ ਹਿੰਸਾ ਨੇ ਸਾਡੇ ਲੋਕਾਂ ਨੂੰ ਪਹਿਲਾਂ ਨਾਲੋਂ ਵੀ ਵੱਧ ਦੂਰ ਧੱਕ ਦਿੱਤਾ ਹੈ।

ਭਰਾਵਾਂ ਵਿਚਕਾਰ ਪਿਆਰ ਅਤੇ ਦਰਿਆਦਿਲੀ ਦੀ ਇਹ ਕਹਾਣੀ ਇੱਕ ਪ੍ਰਸਿੱਧ ਯਹੂਦੀ ਲੋਕ-ਕਥਾ ਹੈ, ਪਰ ਇਸ ਦੀ ਸ਼ੁਰੂਆਤ ਇੱਕ ਅਰਬ ਲੋਕ-ਕਥਾ ਵਜੋਂ ਹੋਈ ਸੀ, ਜੋ ਸਦੀਆਂ ਤੋਂ ਯੇਰੂਸ਼ਲਮ ਦੇ ਫ਼ਲਸਤੀਨੀ ਵਾਸੀਆਂ ਵੱਲੋਂ ਪੀੜ੍ਹੀ-ਦਰ-ਪੀੜ੍ਹੀ ਤੇ ਜ਼ੁਬਾਨ-ਦਰ-ਜ਼ੁਬਾਨ ਅੱਗੇ ਤੁਰਦੀ ਆਈ ਅਤੇ ਫਿਰ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਯਹੂਦੀਆਂ ਵੱਲੋਂ ਅਪਣਾ ਲਈ ਗਈ। ਸਾਡੇ ਲੋਕਾਂ ਵਿਚਕਾਰ ਲੜਾਈ ਤੋਂ ਪਹਿਲਾਂ ਸੱਭਿਆਚਾਰਕ ਸਹਿਯੋਗ ਦਾ ਇੱਕ ਲੰਮਾ ਇਤਿਹਾਸ ਸੀ। ... ਪਰ ਅੱਜ ਅਸੀਂ ਹਿੰਸਾ ਅਤੇ ਬਦਲੇ ਦੇ ਤੂਫ਼ਾਨ ਵਿੱਚ ਘਿਰੇ ਹੋਏ ਹਾਂ, ਜਿਸ ਨੇ ਇੱਕ ਸਦੀ ਤੋਂ ਵੱਧ ਖ਼ੂਨ-ਖ਼ਰਾਬਾ ਕਰਵਾਇਆ ਹੈ। ਸਾਡੇ ਪੀੜ੍ਹੀਆਂ ਤੋਂ ਚਲੇ ਆਉਂਦੇ ਸਦਮੇ ਦੇ ਨਿਸ਼ਾਨ ਡੂੰਘੇ ਹਨ। ਅਸੀਂ ਡਰ ਅਤੇ ਗੁੱਸੇ, ਦਹਿਸ਼ਤਗਰਦੀ ਅਤੇ ਫ਼ਿਰਕਾਪ੍ਰਸਤੀ ਦੁਆਰਾ ਇੰਨੇ ਵੰਡੇ ਗਏ ਹਾਂ ਕਿ ਹੁਣ ਅਸੀਂ ਇੱਕ ਦੂਜੇ ਦੀ ਇਨਸਾਨੀਅਤ ਨਹੀਂ ਦੇਖ ਸਕਦੇ ਜਾਂ ਇੱਕ ਦੂਜੇ ਦੇ ਦੁੱਖ ਪ੍ਰਤੀ ਹਮਦਰਦੀ ਮਹਿਸੂਸ ਨਹੀਂ ਕਰ ਸਕਦੇ ਸਗੋਂ ਵਿਰਾਸਤ ਵਿੱਚ ਮਿਲੇ ਇਤਿਹਾਸ ਵਿੱਚ ਜਿਊ ਰਹੇ ਹਾਂ। ਪਰ ਜੇ ਇਜ਼ਰਾਇਲੀਆਂ ਅਤੇ ਫ਼ਲਸਤੀਨੀਆਂ ਨੇ ਇੱਕ ਸਾਂਝਾ ਭਵਿੱਖ ਉਸਾਰਨਾ ਹੈ, ਸਾਡੇ ਲਈ ਆਪਣੇ ਦੋਵੇਂ ਮੁਲਕਾਂ ਦੇ ਲੋਕਾਂ ਦੀ ਖ਼ਾਤਰ ਇਹ ਕਰਨਾ ਲਾਜ਼ਮੀ ਹੈ, ਤਾਂ ਸਾਨੂੰ ਵੰਡਣ ਵਾਲੀਆਂ ਅਗਿਆਨਤਾ ਅਤੇ ਨਫ਼ਰਤ ਦੀਆਂ ਕੰਧਾਂ ਨੂੰ ਢਾਹ ਦੇਣਾ ਅੱਗੇ ਵਧਣ ਦਾ ਇੱਕੋ ਇੱਕ ਰਸਤਾ ਹੈ।

ਇਸ ਲੜਾਈ ਵਿੱਚ ਆਪਣੇ ਪਿਆਰਿਆਂ ਨੂੰ ਗੁਆ ਦੇਣ ਦੇ ਦਰਦ ਤੋਂ ਅਸੀਂ ਦੋਵੇਂ ਵਾਕਫ਼ ਹਾਂ। ਅਸੀਂ ਸਮਝਦੇ ਹਾਂ ਕਿ ਇਸ ਸਮੇਂ ਜਦੋਂ ਇੰਨੇ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ ਤੇ ਪਰਿਵਾਰ ਬਰਬਾਦ ਹੋ ਚੁੱਕੇ ਹਨ ਤਾਂ ਦੁੱਖ ਅਤੇ ਸੋਗ ਦੌਰਾਨ ਸ਼ਾਂਤੀ ਬਾਰੇ ਗੱਲ ਕਰਨੀ ਬਹੁਤ ਕਮਜ਼ੋਰੀ ਭਰੀ ਜਾਂ ਖ਼ਤਰਨਾਕ ਗੱਲ ਵੀ ਸਾਬਿਤ ਹੋ ਸਕਦੀ ਹੈ। ਜਦੋਂ ਹਰ ਧਿਰ ਇਹ ਮੰਨਦੀ ਹੈ ਕਿ ਦੂਜੀ ਧਿਰ ਉਸ ਦੀ ਹੋਂਦ ਲਈ ਖ਼ਤਰਾ ਹੈ ਤਾਂ ਸ਼ਾਂਤੀ ਦੀ ਗੱਲ ਕਰਨਾ ਕਿਸੇ ਨੂੰ ਆਪਣੇ ਲੋਕਾਂ ਨਾਲ ਧਰੋਹ ਕਮਾਉਣ ਵਰਗਾ ਜਾਪ ਸਕਦਾ ਹੈ। ਦੁਨੀਆ ਵਿੱਚ ਅਸੀਂ ਜਿੱਧਰ ਵੀ ਵੇਖਦੇ ਹਾਂ, ਸਾਨੂੰ ਇਹ ਵੰਡੀਆਂ ਵਧਦੀਆਂ ਨਜ਼ਰ ਆਉਂਦੀਆਂ ਹਨ। 'ਅਸੀਂ' ਤੇ 'ਉਹ' ਦੀ ਝੂਠੀ ਮਾਨਸਿਕਤਾ ਵਿੱਚ ਵੰਡੇ ਹੋਏ ਅਸੀਂ ਡਰ ਦੀ ਰਾਜਨੀਤੀ ਦੁਆਰਾ ਦਿੱਤੇ ਗਏ 'ਜਿੱਤ-ਹਾਰ' ਵਾਲੇ ਤਰਕਾਂ ਨੂੰ ਹੀ ਦੁਹਰਾਉਂਦੇ ਰਹਿੰਦੇ ਹਾਂ। ਬਾਈਬਲ ਦੀ ਕਹਾਵਤਾਂ ਦੀ ਕਿਤਾਬ (ਬੁੱਕ ਆਫ ਪ੍ਰੋਵਰਬਜ਼) ਵਿੱਚ ਲਿਖਿਆ ਹੈ, "ਜਿੱਥੇ ਦੂਰ-ਦ੍ਰਿਸ਼ਟੀ (ਵਿਜ਼ਨ) ਨਹੀਂ ਹੁੰਦੀ, ਉੱਥੇ ਲੋਕ ਖ਼ਤਮ ਹੋ ਜਾਂਦੇ ਹਨ।" ਅੱਜ ਸਾਨੂੰ ਸਦਭਾਵਨਾ ਅਤੇ ਸਥਾਈ ਸ਼ਾਂਤੀ ਦੀ ਰਣਨੀਤੀ ਵੱਲ ਲਿਜਾਣ ਵਾਲੀ ਦੂਰ-ਦ੍ਰਿਸ਼ਟੀ ਦੀ ਥਾਂ ਅਕਸਰ ਅਜਿਹੀ ਦ੍ਰਿਸ਼ਟੀ ਦਿੱਤੀ ਜਾਂਦੀ ਹੈ, ਜੋ ਵਧੇਰੇ ਹਿੰਸਾ ਵੱਲ ਲੈ ਜਾਂਦੀ ਹੈ। ... ਪਰ ਇੱਕ ਰਾਹ ਹੋਰ ਵੀ ਹੈ।

ਬਹੁਤ ਲੰਮੇ ਸਮੇਂ ਤੋਂ ਸ਼ਾਂਤੀ ਕਾਇਮ ਕਰਨ ਵਾਲਿਆਂ ਨੂੰ ਘਰ ਬਾਹਰ ਦੋਵਾਂ ਥਾਵਾਂ 'ਤੇ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਸਾਨੂੰ ਗੱਲਬਾਤ ਦੀਆਂ ਮੇਜ਼ਾਂ 'ਤੇ ਨਹੀਂ ਬੁਲਾਇਆ ਜਾਂਦਾ, ਨਾ ਹੀ ਸਾਨੂੰ ਸਾਡੇ ਲੋਕਾਂ ਦੇ ਨਾਂ 'ਤੇ ਫ਼ੈਸਲੇ ਲੈਣ ਵਾਲਿਆਂ ਦੇ ਕੌਮਾਂਤਰੀ ਸੰਮੇਲਨਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਅਸੀਂ ਸੁਪਨੇ ਦੇਖਣ ਵਾਲੇ ਕਹਿ ਕੇ ਨਕਾਰੇ ਅਤੇ ਭੋਲੇ-ਭਾਲੇ ਸਮਝ ਕੇ ਮਖੌਲ ਦੇ ਪਾਤਰ ਬਣਾਏ ਜਾਣ ਦੇ ਆਦੀ ਹਾਂ। ਫਿਰ ਵੀ ਅਸੀਂ ਯਥਾਰਥਵਾਦੀ ਹਾਂ। ਅਸੀਂ ਜਾਣਦੇ ਹਾਂ ਕਿ ਬੰਬ ਸ਼ਾਂਤੀ ਨਹੀਂ ਲਿਆਉਣਗੇ, ਕੰਧਾਂ ਸਾਡੀ ਰੱਖਿਆ ਨਹੀਂ ਕਰਨਗੀਆਂ ਤੇ ਜੰਗ ਕਿਸੇ ਵੀ ਧਿਰ ਲਈ ਸੁਰੱਖਿਆ ਨਹੀਂ ਲਿਆਵੇਗੀ। ਅਸਲ ਸਿੱਧਾਪਣ ਇਹ ਸੋਚਣਾ ਹੈ ਕਿ ਡਰ ਅਤੇ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਸਦਮਾ ਸੁਰੱਖਿਆ ਪ੍ਰਦਾਨ ਕਰੇਗਾ, ਜਾਂ ਇਹ ਕਿ ਇਸ ਲੜਾਈ ਦੀ ਭਿਆਨਕਤਾ ਨੂੰ ਖ਼ਤਮ ਕਰਨ ਦੀ ਕੋਈ ਵੀ ਰਣਨੀਤੀ ਸੁਪਨੇ ਦੇਖਣ ਵਾਲਿਆਂ ਅਤੇ ਦੂਰ-ਅੰਦੇਸ਼ ਲੋਕਾਂ ਦੀ ਅਗਵਾਈ ਤੋਂ ਬਿਨਾਂ ਸਫ਼ਲ ਹੋ ਸਕਦੀ ਹੈ। ਅਸੀਂ ਸਿਆਸਤਦਾਨਾਂ ਅਤੇ ਵਿਸ਼ਵ ਆਗੂਆਂ ਨਾਲ ਮਿਲ ਕੇ ਅਜਿਹਾ ਰਾਹ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਅੰਤਹੀਣ ਜੰਗਾਂ ਦੇ ਦੁਖਾਂਤ ਤੋਂ ਪਰ੍ਹੇ ਹੋਵੇ। ਇੱਕ ਅਜਿਹਾ ਰਾਹ ਜੋ ਮਾਣ, ਸ਼ਮੂਲੀਅਤ ਅਤੇ ਬਰਾਬਰੀ ਦੀਆਂ ਕਦਰਾਂ-ਕੀਮਤਾਂ 'ਤੇ ਆਧਾਰਿਤ ਭਵਿੱਖ ਵੱਲ ਲੈ ਕੇ ਜਾਂਦਾ ਹੋਵੇ। ਅਸੀਂ ਆਪਣੀਆਂ ਨਿੱਜੀ ਕਹਾਣੀਆਂ ਪੂਜਾ ਸਥਾਨਾਂ, ਵਰਚੁਅਲ ਟਾਊਨ ਹਾਲਾਂ ਅਤੇ ਸਥਾਨਕ ਭਾਈਚਾਰਕ ਕੇਂਦਰਾਂ ਵਿੱਚ; ਯੂਨੀਵਰਸਿਟੀਆਂ ਦੇ ਕੈਂਪਸਾਂ ਅਤੇ ਪਿੜਾਂ ਵਿੱਚ ਹਜ਼ਾਰਾਂ ਦਰਸ਼ਕਾਂ ਅੱਗੇ ਸਾਂਝੀਆਂ ਕੀਤੀਆਂ ਹਨ। ਅਣਗਿਣਤ ਪੱਤਰਕਾਰਾਂ ਅਤੇ ਮੀਡੀਆ ਸੰਸਥਾਵਾਂ ਨੇ 'ਦਰਿਆ ਤੋਂ ਸਮੁੰਦਰ ਤੱਕ' (ਜੌਰਡਨ ਦਰਿਆ ਅਤੇ ਭੂ-ਮੱਧ ਸਾਗਰ ਵਿਚਕਾਰ ਦੀ ਧਰਤੀ, ਜਿਸ ਵਿੱਚ ਇਜ਼ਰਾਈਲ, ਵੈਸਟ ਬੈਂਕ ਅਤੇ ਗਾਜ਼ਾ ਦੇ ਇਲਾਕੇ ਆਉਂਦੇ ਹਨ) ਸ਼ਾਂਤੀ ਦੀ ਸਾਡੀ ਸਾਂਝੀ ਦੂਰ-ਦ੍ਰਿਸ਼ਟੀ ਬਾਰੇ ਸਾਡੇ ਨਾਲ ਇੰਟਰਵਿਊਜ਼ ਕੀਤੀਆਂ ਹਨ।

ਮੂਲ ਰੂਪ ਵਿੱਚ ਅਸੀਂ ਯਾਤਰੀ ਅਤੇ ਗਾਈਡ ਹਾਂ। ਟੂਰਿਜ਼ਮ ਦੇ ਖੇਤਰ ਵਿੱਚੋਂ ਹੋਣ ਕਰਕੇ ਸਾਨੂੰ ਲੋਕਾਂ ਨੂੰ ਤਬਦੀਲੀ ਲਿਆਉਣ ਵਾਲੇ ਸਫ਼ਰਾਂ 'ਤੇ ਲਿਜਾਣ ਦਾ ਸ਼ੌਕ ਹੈ ਅਤੇ ਅਸੀਂ ਯਾਤਰੀਆਂ ਨੂੰ ਜੰਗ ਵਾਲੇ ਖੇਤਰਾਂ ਵਿੱਚ ਗਾਈਡ ਕਰਨ ਵਿੱਚ ਮਾਹਿਰ ਹੋ ਗਏ ਹਾਂ। ਸਾਡਾ ਵਿਸ਼ਵਾਸ ਹੈ ਕਿ ਸਫ਼ਰ ਸਿਰਫ਼ ਸਫ਼ਰ ਕਰਨ ਵਾਲੀਆਂ ਥਾਵਾਂ ਦੀ ਬਣਾਈ ਸੂਚੀ 'ਤੇ ਦਰਜ ਥਾਵਾਂ 'ਤੇ ਨਿਸ਼ਾਨ ਲਾ ਕੇ ਲੰਘ ਜਾਣ ਦਾ ਨਾਂ ਨਹੀਂ ਹੈ ਸਗੋਂ ਇਹ ਕੂਟਨੀਤੀ, ਸੰਵਾਦ ਅਤੇ ਸ਼ਾਂਤੀ ਉਸਾਰਨ ਦੀ ਸਨਅਤ ਹੈ। ਅਸੀਂ ਸਿੱਖਿਆ ਹੈ ਕਿ ਜਦੋਂ ਸੋਚ ਵਿੱਚ ਤਬਦੀਲੀ ਲਿਆਉਣ ਅਤੇ ਵਿਰੋਧੀ ਵਿਚਾਰਾਂ ਦਰਮਿਆਨ ਸੰਵਾਦ ਰਚਾਉਣ ਦੀ ਗੱਲ ਆਉਂਦੀ ਹੈ ਤਾਂ ਆਪਣੀ ਆਰਾਮ ਭਰੀ ਜ਼ਿੰਦਗੀ 'ਚੋਂ ਬਾਹਰ ਨਿਕਲ ਕੇ 'ਦੂਜੇ' ਨੂੰ ਮਿਲਣ ਅਤੇ ਸੱਚੇ ਦਿਲ ਨਾਲ ਉਸ ਦੀ ਕਹਾਣੀ ਸੁਣਨ ਦੇ ਤਜਰਬੇ ਤੋਂ ਵੱਧ ਸ਼ਕਤੀਸ਼ਾਲੀ ਜਾਂ ਤਬਦੀਲੀ ਲਿਆਉਣ ਵਾਲੀ ਕੋਈ ਹੋਰ ਗੱਲ ਨਹੀਂ ਹੈ। ਅਸੀਂ ਦੋਵਾਂ ਨੇ ਇਜ਼ਰਾਈਲ ਅਤੇ ਫ਼ਲਸਤੀਨ ਵਿੱਚ ਹਜ਼ਾਰਾਂ ਟੂਰਾਂ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੀ ਅਗਵਾਈ ਕੀਤੀ ਹੈ। ਅਸੀਂ ਲੋਕਾਂ ਨੂੰ ਉਨ੍ਹਾਂ ਲੋਕਾਂ ਦੇ ਸੰਪਰਕ ਵਿੱਚ ਆ ਕੇ ਡਰ ਅਤੇ ਨਫ਼ਰਤ ਤੋਂ ਪਾਰ ਪਾਉਂਦੇ ਦੇਖਿਆ ਹੈ, ਜਿਨ੍ਹਾਂ ਨੂੰ ਉਹ ਕਦੇ ਆਪਣੇ ਦੁਸ਼ਮਣ ਸਮਝਦੇ ਸਨ। ਸ਼ਾਂਤੀ ਦੇ ਰਾਹ 'ਤੇ ਪੁੱਟਿਆ ਜਾਣ ਵਾਲਾ ਪਹਿਲਾ ਕਦਮ ਦੂਜੀ ਧਿਰ ਦੀ ਕਹਾਣੀ ਸੁਣਨਾ ਹੈ। ਇਹ ਸੌਖਾ ਲੱਗਦਾ ਹੈ, ਪਰ ਇਸ ਲੰਮੇ ਅਤੇ ਔਖੇ ਰਾਹ ਦੀ ਚੋਣ ਕਰਨ ਵਾਲਿਆਂ ਲਈ ਅਕਸਰ ਇਹ ਸਭ ਤੋਂ ਔਖਾ ਕਦਮ ਹੁੰਦਾ ਹੈ। ਇਸ ਲਈ ਇਜ਼ਰਾਇਲੀਆਂ ਅਤੇ ਫ਼ਲਸਤੀਨੀਆਂ ਵਿਚਕਾਰ ਲਗਭਗ ਇੱਕ ਸਦੀ ਤੋਂ ਚੱਲੇ ਆ ਰਹੇ ਖ਼ੂਨ-ਖ਼ਰਾਬੇ ਦੇ ਸਭ ਤੋਂ ਮਾਰੂ ਸਾਲ ਦੇ ਦਸਵੇਂ ਮਹੀਨੇ ਅਗਸਤ 2024 ਨੂੰ ਅਸੀਂ ਸਫ਼ਰ ਦੀ ਤਬਦੀਲੀ ਲਿਆਉਣ ਵਾਲੀ ਸ਼ਕਤੀ ਵੱਲ ਰੁਖ਼ ਕੀਤਾ।

ਅਸੀਂ ਆਪਣੇ ਲੋਕਾਂ ਦੀ ਕਹਾਣੀ ਉਸ ਧਰਤੀ ਦੇ ਜੀਵਤ ਇਤਿਹਾਸ ਰਾਹੀਂ ਦੱਸਣੀ ਚਾਹੁੰਦੇ ਸੀ, ਜੋ ਸਾਡੀਆਂ ਯਾਦਾਂ ਨੂੰ ਸਾਂਭੀ ਬੈਠੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਆਵਾਜ਼ ਦੇਣੀ ਚਾਹੁੰਦੇ ਸੀ, ਜਿਨ੍ਹਾਂ ਦੀਆਂ ਜ਼ਿੰਦਗੀਆਂ 'ਤੇ ਇਸ ਲੜਾਈ ਦੀ ਲਗਾਤਾਰ ਹਿੰਸਾ ਨੇ ਬਹੁਤ ਡੂੰਘਾ ਅਸਰ ਪਾਇਆ ਹੈ। ਗਾਜ਼ਾ 'ਤੇ ਮਹੀਨਿਆਂ ਤੋਂ ਹੋ ਰਹੀ ਬੰਬਾਰੀ ਅਤੇ ਖੇਤਰੀ ਜੰਗ ਦੇ ਮੰਡਰਾਉਂਦੇ ਖ਼ਤਰੇ ਨੇ ਸਾਰੇ ਖੇਤਰ ਵਿੱਚ ਸੈਰ-ਸਪਾਟਾ ਸਨਅਤ ਨੂੰ ਲਗਭਗ ਤਬਾਹ ਕਰ ਦਿੱਤਾ ਸੀ। ਅਸੀਂ ਯਾਤਰੀਆਂ ਨੂੰ ਇਸ ਪਵਿੱਤਰ ਧਰਤੀ 'ਤੇ ਨਹੀਂ ਲਿਜਾ ਸਕਦੇ ਸੀ। ਇਸ ਲਈ ਅਸੀਂ ਆਪ ਉਸ ਪ੍ਰਾਚੀਨ ਧਰਤੀ 'ਤੇ ਅੱਠ ਦਿਨਾਂ ਦੇ ਸਫ਼ਰ 'ਤੇ ਜਾਣ ਦਾ ਫ਼ੈਸਲਾ ਕੀਤਾ, ਜਿਹੜੀ ਧਰਤੀ ਸਾਡੇ ਲੋਕਾਂ ਨੂੰ ਜੋੜਦੀ ਵੀ ਹੈ ਅਤੇ ਵੰਡਦੀ ਵੀ। ਇਸ ਯਾਤਰਾ ਦੌਰਾਨ ਅਸੀਂ ਇੱਕ-ਦੂਜੇ ਬਾਰੇ ਨਵੀਆਂ ਗੱਲਾਂ ਸਿੱਖੀਆਂ, ਪਹਿਲਾਂ ਬਣੀਆਂ ਧਾਰਨਾਵਾਂ ਨੂੰ ਚੁਣੌਤੀ ਦਿੱਤੀ, ਇੱਕ-ਦੂਜੇ ਦੇ ਪਰਿਵਾਰਾਂ ਨੂੰ ਮਿਲੇ ਅਤੇ ਸਦੀਆਂ ਪੁਰਾਣੇ ਸਵਾਲਾਂ ਦੇ ਸਨਮੁੱਖ ਹੋਏ। ਅਸੀਂ ਤੁਹਾਨੂੰ ਯਾਦਾਂ, ਸਿਮਰਤੀਆਂ ਅਤੇ ਇਤਿਹਾਸ ਦੇ ਇਸ ਸਫ਼ਰ 'ਤੇ ਸਾਡੇ ਨਾਲ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਾਂ।

(ਬਹੁਤ ਸਾਲ ਪਹਿਲਾਂ ਅਜ਼ੀਜ਼ ਨੇ 'ਦੋਤਰਫ਼ਾ ਕਹਾਣੀ' ਦੱਸਣ ਵਾਲੀ ਪਹੁੰਚ ਵਰਤਣੀ ਸ਼ੁਰੂ ਕੀਤੀ, ਜਿਸ ਵਿੱਚ ਇਜ਼ਰਾਇਲੀ ਅਤੇ ਫ਼ਲਸਤੀਨੀ ਗਾਈਡ ਮਿਲ ਕੇ ਟੂਰ ਕਰਵਾਉਂਦੇ ਹਨ, ਆਪਣੀਆਂ ਕਹਾਣੀਆਂ ਅਤੇ ਦ੍ਰਿਸ਼ਟੀਕੋਣ ਸਾਂਝੇ ਕਰਦੇ ਹਨ, ਜੋ ਸੈਲਾਨੀਆਂ ਨੂੰ ਇਸ ਲੜਾਈ ਦੀ ਭਿਆਨਕਤਾ ਨੂੰ ਸਮਝਣ ਲਈ ਮਨੁੱਖੀ ਸੰਦਰਭ ਪ੍ਰਦਾਨ ਕਰਦੇ ਹਨ।) ਅਗਲੇ ਸਫ਼ਰ ਦੌਰਾਨ ਇਸ ਖੇਤਰ ਦੀਆਂ ਪਵਿੱਤਰ ਅਤੇ ਵਿਵਾਦਗ੍ਰਸਤ ਥਾਵਾਂ ਨੂੰ ਦੇਖਣ ਜਾਣ ਸਮੇਂ ਅਸੀਂ ਤੁਹਾਨੂੰ ਵਾਰੋ-ਵਾਰੀ ਗਾਈਡ ਕਰਾਂਗੇ ਅਤੇ ਉਸ ਸਿਆਸੀ ਇਤਿਹਾਸ ਨੂੰ ਸਾਂਝਾ ਕਰਾਂਗੇ, ਜਿਸ ਨੇ ਸਾਡੇ ਲੋਕਾਂ ਨੂੰ ਵੱਖ ਕਰਨ ਵਾਲੀਆਂ ਭੌਤਿਕ ਅਤੇ ਮਨੋਵਿਗਿਆਨਕ ਹੱਦਾਂ ਨੂੰ ਆਕਾਰ ਦਿੱਤਾ ਹੈ।

ਅਸੀਂ ਤੁਹਾਨੂੰ ਨੇਗੇਵ ਵਿੱਚ ਮਾਓਜ਼ ਦੇ ਬਚਪਨ ਦੇ ਖੇਤਰ ਵਿੱਚ ਲੈ ਕੇ ਜਾਵਾਂਗੇ, ਜੋ ਹਜ਼ਾਰਾਂ ਸਾਲਾਂ ਤੋਂ ਵਪਾਰ, ਸੱਭਿਆਚਾਰ ਅਤੇ ਲੜਾਈ ਦਾ ਕੇਂਦਰ ਰਿਹਾ ਹੈ। ਜਦੋਂ ਅਸੀਂ ਇਜ਼ਰਾਈਲ ਅਤੇ ਗਾਜ਼ਾ ਪੱਟੀ ਵਿਚਕਾਰ ਸਰਹੱਦੀ ਵਾੜ ਦੇ ਸਾਏ ਵਿੱਚ ਖੜ੍ਹੇ ਹੋਵਾਂਗੇ, ਅਸੀਂ ਲੜਾਈ ਕਾਰਨ ਦੋਹਾਂ ਪਾਸਿਆਂ ਨੂੰ ਪੁੱਜੇ ਸਦਮੇ ਦੇ ਸਨਮੁੱਖ ਹੁੰਦਿਆਂ ਜੰਗ ਕਾਰਨ ਲੱਗੇ ਸੱਲਾਂ ਨੂੰ ਦੇਖਾਂਗੇ ਅਤੇ ਦੁੱਖ ਤੇ ਸ਼ਾਂਤੀ ਕਾਇਮੀ ਦੇ ਸੰਗਮ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਪ੍ਰਾਚੀਨ ਬੰਦਰਗਾਹ ਜਾਫਾ ਅਤੇ ਇਜ਼ਰਾਈਲ ਦੇ ਆਧੁਨਿਕ ਸ਼ਹਿਰ ਤੇਲ ਅਵੀਵ ਵਿੱਚ (ਜਿਸ ਨੂੰ 'ਸਟਾਰਟਅੱਪ ਸਿਟੀ' ਅਤੇ 'ਉਹ ਸ਼ਹਿਰ ਜੋ ਕਦੇ ਨਹੀਂ ਰੁਕਦਾ' ਕਿਹਾ ਜਾਂਦਾ ਹੈ) ਬਾਰੇ ਗੱਲ ਸ਼ੁਰੂ ਕਰਾਂਗੇ। ਇਹ ਉਹ ਸ਼ਹਿਰ ਹੈ, ਜਿੱਥੇ ਮਿਥਿਹਾਸਕ ਅਤੇ ਅੰਜੀਲ ਵਿਚਲਾ ਪ੍ਰਤੀਕਵਾਦ ਨੇੜਲੇ ਅਤੀਤ ਨਾਲ ਟਕਰਾਉਂਦਾ ਹੈ। ਤਣਾਅ ਵਿੱਚ ਘਿਰੇ ਇਸ ਖੇਤਰ ਵਿੱਚ ਇਹ ਅਹਿਸਾਸ ਪਵਿੱਤਰ ਸ਼ਹਿਰ ਯੇਰੂਸ਼ਲਮ ਤੋਂ ਵੱਧ ਕਿਤੇ ਹੋਰ ਮਹਿਸੂਸ ਨਹੀਂ ਹੁੰਦਾ। ਤਿੰਨ ਅਬਰਾਹਮੀ ਧਰਮਾਂ (ਯਹੂਦੀ ਧਰਮ, ਇਸਾਈ ਧਰਮ ਅਤੇ ਇਸਲਾਮ) ਲਈ ਪਵਿੱਤਰ ਇਹ 'ਸ਼ਾਂਤੀ ਦਾ ਸ਼ਹਿਰ' ਲੜਾਈ ਦੇ ਕੇਂਦਰ ਵਿੱਚ ਵਸਿਆ ਹੋਇਆ ਹੈ ਅਤੇ ਵੱਖ-ਵੱਖ ਵਿਸ਼ਵਾਸਾਂ ਤੇ ਸੱਭਿਆਚਾਰਾਂ ਦੀਆਂ ਸਮੂਹਿਕ ਧੜਕਣਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਇਸ ਪੁਰਾਣੇ ਸ਼ਹਿਰ ਦੀਆਂ ਵਿੰਗੀਆਂ ਅਤੇ ਵਲ-ਖਾਂਦੀਆਂ ਪਥਰੀਲੀਆਂ ਗਲੀਆਂ ਵਿੱਚ ਤੁਰਦਿਆਂ ਅਸੀਂ ਲੜਾਈ ਨੂੰ ਇਤਿਹਾਸ ਤੇ ਵਰਤਮਾਨ ਵਿੱਚ ਦੇਖਾਂਗੇ ਅਤੇ ਮਨੁੱਖਤਾ ਦੀ ਸਹਿਯੋਗ ਪ੍ਰਤੀ ਡੂੰਘੀ ਸਮਰੱਥਾ ਨੂੰ ਵੀ ਦੇਖਾਂਗੇ। ਯੇਰੂਸ਼ਲਮ ਦੇ ਬਾਹਰਵਾਰ ਅਸੀਂ ਅਜ਼ੀਜ਼ ਦੇ ਪਿੰਡ ਜਾਵਾਂਗੇ ਅਤੇ ਜਾਣਾਂਗੇ ਕਿ ਵਖਰੇਵੇਂ ਅਤੇ ਕਬਜ਼ੇ ਦੀਆਂ ਨੀਤੀਆਂ ਕਿਸ ਤਰ੍ਹਾਂ ਉਸ ਦੇ ਪਰਿਵਾਰ ਨੂੰ ਆਪਣੇ ਹੀ ਘਰ ਵਿੱਚ ਰਹਿਣ ਤੋਂ ਰੋਕਦੀਆਂ ਹਨ।

ਅਸੀਂ ਦੱਖਣ ਵੱਲ ਵੀ ਜਾਵਾਂਗੇ ਅਤੇ ਚੈੱਕਪੋਸਟ ਪਾਰ ਕਰਕੇ ਵੈਸਟ ਬੈਂਕ ਵਿੱਚ ਦਾਖ਼ਲ ਹੋਵਾਂਗੇ। ਇਹ ਇਲਾਕਾ ਲਗਭਗ ਡੈਲਾਵੇਅਰ ਸੂਬੇ (ਅਮਰੀਕਾ ਦਾ ਇੱਕ ਸੂਬਾ) ਜਿੰਨਾ ਵੱਡਾ ਹੈ, ਜਿੱਥੇ ਲਗਭਗ 33 ਲੱਖ ਫ਼ਲਸਤੀਨੀ ਫ਼ੌਜੀ ਹਨ ਅਤੇ ਪੰਜ ਲੱਖ ਤੋਂ ਵੱਧ ਇਜ਼ਰਾਇਲੀ ਆਬਾਦਕਾਰਾਂ (ਸੈਂਟਲਰਾਂ) ਨੇ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਰਦਿਆਂ ਖੇਤੀ ਵਾਲੀ ਜ਼ਮੀਨ ਦੇ ਵੱਡੇ ਰਕਬੇ 'ਤੇ ਕਬਜ਼ਾ ਕਰ ਲਿਆ ਹੈ ਅਤੇ ਭਾਰੀ ਸੁਰੱਖਿਆ ਵਾਲੀਆਂ ਨੌਆਬਾਦੀਆਂ (ਸੈਟਲਮੈਂਟਸ) ਵਿੱਚ ਰਹਿੰਦੇ ਹਨ। ਅਸੀਂ ਫ਼ਲਸਤੀਨੀਆਂ ਦੇ ਸ਼ਹਿਰ ਬੈਥਲਹੈਮ ਨੂੰ ਜਾਵਾਂਗੇ, ਜਿੱਥੇ ਸਰਹੱਦ 'ਤੇ ਕੰਕਰੀਟ ਦੀ 25 ਫੁੱਟ ਤੋਂ ਵੀ ਉੱਚੀ (ਬਰਲਿਨ ਦੀ ਕੰਧ ਤੋਂ ਦੁੱਗਣੀ ਉੱਚੀ) ਕੰਧ ਖੜ੍ਹੀ ਹੈ ਜੋ ਗ੍ਰੈਫਿਟੀ (ਕੰਧ-ਲਿਖਤਾਂ), ਕੰਧ-ਚਿੱਤਰਾਂ ਅਤੇ ਜਨਤਕ ਕਲਾ (ਸਟ੍ਰੀਟ ਆਰਟ) ਨਾਲ ਢਕੀ ਹੋਈ ਹੈ। ਇਸ ਗ੍ਰੈਫਿਟੀ, ਕੰਧ-ਚਿੱਤਰਾਂ ਅਤੇ ਜਨਤਕ ਕਲਾ (ਸਟ੍ਰੀਟ ਆਰਟ) ਨੇ ਵੰਡੀਆਂ ਪਾਉਣ ਵਾਲੀ ਇਸ ਕੰਧ ਨੂੰ ਵਿਰੋਧ ਦੇ ਕੈਨਵਸ ਵਿੱਚ ਬਦਲ ਦਿੱਤਾ ਹੈ। ਵੈਸਟ ਬੈਂਕ ਵਿੱਚ ਅਸੀਂ ਇਸ ਖੇਤਰ ਨਾਲ ਯਹੂਦੀ ਲੋਕਾਂ ਦੇ ਅੰਜੀਲੀ (ਬਿਬਲੀਕਲ) ਤੇ ਇਤਿਹਾਸਕ ਸਬੰਧ ਬਾਰੇ ਜਾਣਾਂਗੇ ਅਤੇ ਢਾਂਚਾਗਤ ਹਿੰਸਾ ਦੀ ਅਸਲੀਅਤ ਦੇ ਸਨਮੁੱਖ ਹੋਵਾਂਗੇ। ਅਸੀਂ ਇਹ ਵੇਖਾਂਗੇ ਕਿ ਕਿਹੜੀ ਚੀਜ਼ ਫ਼ਲਸਤੀਨੀਆਂ ਨੂੰ ਇੱਕ ਲੋਕ ਸਮੂਹ ਵਜੋਂ ਜੋੜਦੀ ਹੈ।

ਫਿਰ ਅਸੀਂ ਉੱਤਰ ਵੱਲ ਇਜ਼ਰਾਈਲ ਦੇ ਸਭ ਤੋਂ ਮਹੱਤਵਪੂਰਨ ਅਰਬੀ ਸ਼ਹਿਰ ਵੱਲ ਜਾਵਾਂਗੇ, ਜਿਹੜਾ ਇੱਕੋ ਇੱਕ ਅਜਿਹਾ ਸ਼ਹਿਰ ਹੈ ਜਿਸ ਨੇ 1948 ਤੋਂ ਪਹਿਲਾਂ ਵਾਲੀ ਆਪਣੀ ਫ਼ਲਸਤੀਨੀ ਪਛਾਣ ਅਜੇ ਵੀ ਬਰਕਰਾਰ ਰੱਖੀ ਹੋਈ ਹੈ। ਐਲਾਨ (ਐਨਨਸੀਏਸ਼ਨ) ਦੀ ਥਾਂ (ਇਸਾਈ ਮੱਤ ਅਨੁਸਾਰ ਉਹ ਥਾਂ ਜਿੱਥੇ ਫਰਿਸ਼ਤੇ ਗੈਬਰੀਅਲ ਨੇ ਮੈਰੀ ਨੂੰ ਦੱਸਿਆ ਸੀ ਕਿ ਉਹ ਈਸਾ ਨੂੰ ਗਰਭ ਵਿੱਚ ਧਾਰਨ ਕਰੇਗੀ) ਅਤੇ ਈਸਾ ਦੇ ਬਚਪਨ ਦਾ ਘਰ ਹੋਣ ਕਰਕੇ ਨਾਜ਼ਰਥ ਸ਼ਹਿਰ ਇਸਾਈਆਂ ਲਈ ਪਵਿੱਤਰ ਹੈ। ਇਹ ਇਸਾਈ ਧਰਮ ਦਾ ਜਨਮ ਸਥਾਨ 'ਇਜ਼ਰਾਈਲ ਵਿੱਚ ਅਰਬਾਂ ਦੀ ਰਾਜਧਾਨੀ' ਕਿਵੇਂ ਬਣਿਆ, ਅਸੀਂ ਤੁਹਾਨੂੰ ਉਸ ਇਤਿਹਾਸ ਬਾਰੇ ਦੱਸਾਂਗੇ ਅਤੇ ਨਾਜ਼ਰਥ ਦੇ ਇੱਕ ਪਰਿਵਾਰ ਨਾਲ ਮਾਓਜ਼ ਦੀ ਵੀਹ ਸਾਲਾਂ ਦੀ ਭਾਈਵਾਲੀ ਦੀ ਕਹਾਣੀ ਵੀ ਸਾਂਝੀ ਕਰਾਂਗੇ, ਜਿਸ ਨੇ ਸ਼ਹਿਰ ਦੀ ਆਰਥਿਕਤਾ ਨੂੰ ਸੁਰਜੀਤ ਕੀਤਾ ਹੈ।

ਅਸੀਂ ਆਪਣਾ ਸਫ਼ਰ ਗੈਲੀਲੀ ਵਿਖੇ ਖ਼ਤਮ ਕਰਾਂਗੇ, ਜਿੱਥੇ ਅਸੀਂ ਉਸ ਰਸਤੇ ਦੇ ਇੱਕ ਹਿੱਸੇ 'ਤੇ ਜਾਵਾਂਗੇ, ਜਿਸ ਰਾਹ ਉੱਤੇ ਈਸਾ ਨਾਜ਼ਰਥ ਤੋਂ ਕੇਪਰਨਾਮ ਤੱਕ ਤੁਰੇ ਸਨ। ਇਸ ਖੇਤਰ ਦਾ ਇਤਿਹਾਸ ਬਹੁ-ਪਰਤੀ ਅਤੇ ਗੁੰਝਲਦਾਰ ਹੈ। ਅਸੀਂ ਰੋਮਨਾਂ ਵਲੋਂ ਜੇਤੂ ਫ਼ੌਜ ਲਈ ਬਣਾਈ ਸੜਕ ਦੇਖਾਂਗੇ, ਢਹਿ-ਢੇਰੀ ਹੋਈਆਂ ਸਲਤਨਤਾਂ ਦੇ ਜੰਗੀ ਨਿਸ਼ਾਨ ਅਤੇ ਇੱਕ ਕਿਬੂਤ (ਸਮੂਹਿਕ ਬਸਤੀ) ਦੇਖਾਂਗੇ ਜੋ ਹੋਲੋਕਾਸਟ ਦੇ ਪੀੜਤ ਬੱਚਿਆਂ ਵੱਲੋਂ 1948 ਵਿੱਚ ਇੱਕ ਫ਼ਲਸਤੀਨੀ ਪਿੰਡ ਦੀ ਥਾਂ 'ਤੇ ਬਣਾਇਆ ਗਿਆ ਸੀ। ਦਰਦ ਦੀ ਪਰਤ ਦਰ ਪਰਤ, ... ਪਰ ਜੰਗ ਮਨੁੱਖੀ ਕਹਾਣੀ ਦਾ ਅੰਗ ਹੈ। ਇਹ ਸੱਭਿਅਤਾ ਦੇ ਆਰੰਭ ਤੋਂ ਹੀ ਸਾਡੇ ਨਾਲ ਹੈ। ਪੋਪ ਫਰਾਂਸਿਸ ਨੇ ਇਸ ਹਕੀਕਤ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਬਾਰੇ ਚਿਤਾਵਨੀ ਦਿੰਦਿਆਂ ਸਾਨੂੰ ਕਿਹਾ ਸੀ, "ਇੱਕ ਸਮਾਜ, ਪਰਿਵਾਰ ਜਾਂ ਦੋਸਤਾਂ ਦਾ ਗਰੁੱਪ ਤਣਾਅ ਤੋਂ ਬਿਨਾਂ ਕਿਸ ਤਰ੍ਹਾਂ ਦਾ ਹੋਵੇਗਾ? ਤੁਸੀਂ ਜਾਣਦੇ ਹੋ ਕਿ ਇਹ ਕਿਸ ਤਰ੍ਹਾਂ ਦਾ ਹੋਵੇਗਾ? ਇਹ ਇੱਕ ਕਬਰਿਸਤਾਨ ਹੋਵੇਗਾ ਕਿਉਂਕਿ ਸਿਰਫ਼ ਮੁਰਦਿਆਂ ਵਿੱਚ ਹੀ ਕੋਈ ਤਣਾਅ ਅਤੇ ਲੜਾਈ ਨਹੀਂ ਹੁੰਦੀ। ਜਿੱਥੇ ਜ਼ਿੰਦਗੀ ਹੈ, ਉੱਥੇ ਤਣਾਅ ਹੈ ਅਤੇ ਲੜਾਈ ਹੈ।" ਅਸੀਂ ਆਪਣੇ ਅਤੀਤ ਜਾਂ ਵਰਤਮਾਨ ਦੇ ਇਸ ਸੱਚ ਤੋਂ ਬਚ ਨਹੀਂ ਸਕਦੇ, ਪਰ ਜੇਕਰ ਅਸੀਂ ਸਦੀਵੀ ਹਿੰਸਾ ਤੋਂ ਆਜ਼ਾਦ ਹੋਣਾ ਅਤੇ ਅਜਿਹਾ ਭਵਿੱਖ ਬਣਾਉਣਾ ਹੈ, ਜਿਸ ਵਿੱਚ ਸਾਡੇ ਲੋਕ ਸ਼ਾਂਤੀ ਨਾਲ ਰਹਿ ਸਕਣ ਤਾਂ ਸਾਨੂੰ ਲੜਾਈ ਤੋਂ ਉੱਪਰ ਉੱਠਣ ਅਤੇ ਉਸ ਤੋਂ ਅਗਾਂਹ ਜਾਣ ਦਾ ਰਾਹ ਲੱਭਣਾ ਪਵੇਗਾ। ਅੰਤ ਵਿੱਚ ਹਰ ਲੜਾਈ ਖ਼ਤਮ ਹੁੰਦੀ ਹੈ। ਇਹ ਫ਼ੈਸਲਾ ਅਸੀਂ ਕਰਨਾ ਹੈ ਕਿ ਉਸ ਤੋਂ ਪਹਿਲਾਂ ਕਿੰਨਾ ਖ਼ੂਨ ਵਹਾਉਣਾ ਹੈ।

ਜੇ ਸਾਡੀ ਕਹਾਣੀ ਅਤੇ ਇਸ ਸਫ਼ਰ ਵਿੱਚੋਂ ਤੁਸੀਂ ਹੋਰ ਕੁਝ ਨਹੀਂ ਵੀ ਲੈਣਾ ਤਾਂ ਇਹ ਸ਼ਬਦ ਜ਼ਰੂਰ ਲੈ ਕੇ ਜਾਣਾ: ਭਵਿੱਖ ਸ਼ਾਂਤੀ ਹੈ। ਅਸੀਂ ਇਹ ਇਸ ਲਈ ਜਾਣਦੇ ਹਾਂ ਕਿਉਂਕਿ ਅਸੀਂ ਖ਼ੁਦ ਪੁਰਾਣੇ ਜੰਗੀ ਖੇਤਰਾਂ- ਵੀਅਤਨਾਮ ਅਤੇ ਉੱਤਰੀ ਆਇਰਲੈਂਡ ਤੋਂ ਲੈ ਕੇ ਰਵਾਂਡਾ ਅਤੇ ਦੱਖਣੀ ਅਫ਼ਰੀਕਾ - ਤੱਕ ਜਾ ਕੇ ਕੰਮ ਕੀਤਾ ਹੈ ਅਤੇ ਲੋਕਾਂ ਦੀ ਆਪਣੇ ਸਦਮੇ ਦੇ ਮਲਬੇ ਤੇ ਜੰਗ ਦੀ ਤਬਾਹੀ ਵਿੱਚੋਂ ਉੱਪਰ ਉੱਠਣ ਦੀ ਸਮਰੱਥਾ ਦੇ ਨਾਲ-ਨਾਲ ਸਾਬਕਾ ਦੁਸ਼ਮਣਾਂ ਨੂੰ ਮਿਲ ਕੇ ਜ਼ਖ਼ਮਾਂ ਨੂੰ ਭਰਨ ਵਾਲਾ ਸੁਲ੍ਹਾ ਦਾ ਰਾਹ ਬਣਾਉਂਦੇ ਵੇਖਿਆ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖਤਾ ਦਾ ਭਵਿੱਖ ਸ਼ਾਂਤੀ ਹੈ; ਸਿਰਫ਼ ਇਹ ਨਹੀਂ ਜਾਣਦੇ ਕਿ ਉੱਥੇ ਪਹੁੰਚਣ ਤੋਂ ਪਹਿਲਾਂ ਹੋਰ ਕਿੰਨੇ ਨਿਰਦੋਸ਼ ਲੋਕਾਂ ਨੂੰ ਦੁੱਖ ਝੱਲਣੇ ਪੈਣਗੇ।

ਅਸੀਂ ਅਜਿਹੀਆਂ ਥਾਵਾਂ 'ਤੇ ਗਏ ਹਾਂ, ਜਿੱਥੇ ਲੋਕ ਸ਼ਾਂਤੀ ਦੀ ਵਿਚਾਰਧਾਰਾ ਦੇ ਹਾਮੀ ਹਨ, ਭਾਵੇਂ ਕਿ ਖ਼ੂਨ-ਖ਼ਰਾਬਾ, ਗ਼ੁਲਾਮੀ ਅਤੇ ਨਸਲਕੁਸ਼ੀ ਉਨ੍ਹਾਂ ਦੇ ਤਾਜ਼ਾ ਇਤਿਹਾਸ ਦਾ ਹਿੱਸਾ ਹਨ। ਅਸੀਂ ਦੇਖਿਆ ਹੈ ਕਿ ਕੌਮਾਂਤਰੀ ਸੰਸਥਾਵਾਂ ਕਮਜ਼ੋਰ ਅਤੇ ਅਪ੍ਰਸੰਗਿਕ ਹੁੰਦੀਆਂ ਜਾ ਰਹੀਆਂ ਹਨ ਜਿਵੇਂ ਜੰਗਾਂ ਨੂੰ ਰੋਕਣ ਅਤੇ ਸਾਂਝ ਦੇ ਪੁਲ ਉਸਾਰਨ ਲਈ ਬਣਾਈ ਗਈ ਸੰਸਥਾ ਸੰਯੁਕਤ ਰਾਸ਼ਟਰ (ਯੂਨਾਈਟਿਡ ਨੇਸ਼ਨਜ਼) ਤੇਜ਼ੀ ਨਾਲ ਆਪਣਾ ਮਿਸ਼ਨ ਪੂਰਾ ਕਰਨ ਦੇ ਅਸਮਰੱਥ ਹੁੰਦੀ ਜਾ ਰਹੀ ਹੈ ਕਿਉਂਕਿ ਇਸ ਦੀ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਰੋਕੀਆਂ ਜਾ ਸਕਣ ਵਾਲੀਆਂ ਜੰਗਾਂ ਵਿੱਚ ਸ਼ਾਮਿਲ ਹੁੰਦੇ ਹਨ ਜਾਂ ਉਨ੍ਹਾਂ ਦਾ ਸਮਰਥਨ ਕਰਦੇ ਹਨ। ਸਾਨੂੰ ਯਕੀਨ ਹੈ ਕਿ ਵੇਲਾ ਆ ਗਿਆ ਹੈ ਕਿ ਅਸੀਂ ਇੱਕ ਅਮਨ-ਸ਼ਾਂਤੀ ਭਰੇ ਸੰਸਾਰ ਦੀ ਕਾਇਮੀ ਲਈ ਆਪਣੇ ਉਸ ਨਜ਼ਰੀਏ ਨੂੰ ਸੁਰਜੀਤ ਕਰੀਏ, ਜਿਸ 'ਤੇ ਇਹ ਸੰਸਥਾਵਾਂ ਉਸਾਰੀਆਂ ਗਈਆਂ ਸਨ। ਇਜ਼ਰਾਈਲ ਅਤੇ ਫ਼ਲਸਤੀਨ ਵਿੱਚ ਸਥਾਈ ਸ਼ਾਂਤੀ ਦੁਨੀਆ ਭਰ ਵਿੱਚ ਲਹਿਰਾਂ ਨੂੰ ਜਨਮ ਦੇਵੇਗੀ ਅਤੇ ਦੁਨੀਆ ਨੂੰ ਇਹ ਯਾਦ ਦਿਵਾਉਣ ਵਿੱਚ ਮਦਦ ਕਰੇਗੀ ਕਿ ਭਵਿੱਖ ਸ਼ਾਂਤੀ ਦਾ ਹੀ ਹੋਵੇਗਾ।



ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਫ਼ਲਸਤੀਨੀ ਅਤੇ ਇਜ਼ਰਾਇਲੀ ਆਪਣੀਆਂ ਇਤਿਹਾਸਕ ਕਹਾਣੀਆਂ ਨੂੰ ਸੁਣਾਉਣ ਅਤੇ ਆਪਣੀ ਮੌਜੂਦਾ ਹਕੀਕਤ ਤੇ ਦਰਦ ਨੂੰ ਪਰਿਭਾਸ਼ਿਤ ਕਰਨ ਲਈ ਜਿਹੜੀ ਭਾਸ਼ਾ ਅਤੇ ਸ਼ਬਦਾਵਲੀ ਵਰਤਦੇ ਹਨ ਉਹ ਅਕਸਰ ਓਨੀ ਹੀ ਡੂੰਘੀ ਤਰ੍ਹਾਂ ਵੰਡੀ ਹੋਈ ਹੈ ਜਿੰਨੀ ਇਹ ਲੜਾਈ। ਕੁਝ ਸ਼ਬਦ ਕਾਨੂੰਨ ਪੱਖੋਂ ਵਜ਼ਨ ਰੱਖਦੇ ਹਨ ਜਦੋਂਕਿ ਕੁਝ ਹੋਰ ਸ਼ਬਦ ਮਾਨਸਿਕ ਪੱਧਰ 'ਤੇ ਵੱਡੀਆਂ ਭਾਵਨਾਵਾਂ ਉਪਜਾਉਣ ਦੀ ਸਮਰੱਥਾ ਰੱਖਦੇ ਹਨ। ਬਹੁਤ ਸਾਰੇ ਲੋਕ ਇਤਿਹਾਸ ਦੇ ਸਿਰਫ਼ ਇੱਕ ਬਿਰਤਾਂਤ ਨਾਲ ਕਦੇ ਸਹਿਮਤ ਨਹੀਂ ਹੋਣਗੇ, ਫਿਰ ਵੀ ਸਾਂਝੇ ਭਵਿੱਖ ਲਈ ਸਾਨੂੰ ਕੋਈ ਸਾਂਝਾ ਆਧਾਰ ਲੱਭਣਾ ਹੀ ਪਵੇਗਾ।

ਬਹੁਤੇ ਫ਼ਲਸਤੀਨੀ ਅਤੇ ਮਨੁੱਖੀ ਅਧਿਕਾਰ ਸੰਗਠਨ (ਜਿਨ੍ਹਾਂ ਵਿੱਚ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਨਿਗਰਾਨੀ ਕਰਨ ਵਾਲੀ ਇਜ਼ਰਾਈਲ ਦੀ ਐੱਨ ਜੀ ਓ 'ਬੈਟਸਲੇਮ' ਵੀ ਸ਼ਾਮਿਲ ਹੈ) ਗਾਜ਼ਾ ਉੱਤੇ ਬੰਬਾਰੀ ਅਤੇ ਲੱਖਾਂ ਆਮ ਨਾਗਰਿਕਾਂ ਲਈ ਭੇਜੇ ਜਾਣ ਵਾਲੇ ਖਾਣੇ ਅਤੇ ਮਨੁੱਖੀ ਸਹਾਇਤਾ 'ਤੇ ਰੋਕਾਂ ਨੂੰ ਨਸਲਕੁਸ਼ੀ ਕਰਾਰ ਦਿੰਦੇ ਹਨ, ਬਹੁਤੇ ਇਜ਼ਰਾਇਲੀਆਂ ਲਈ ਇਹ ਇੱਕ ਜੰਗ ਹੈ ਜੋ 7 ਅਕਤੂਬਰ 2023 ਨੂੰ ਹਮਾਸ ਵੱਲੋਂ ਕੀਤੇ ਗਏ ਹਮਲੇ ਦੇ ਜਵਾਬ ਵਿੱਚ ਸ਼ੁਰੂ ਹੋਈ ਹੈ। ਇਸੇ ਤਰ੍ਹਾਂ ਬਹੁਤੇ ਇਜ਼ਰਾਇਲੀ ਵੈਸਟ ਬੈਂਕ ਵਿੱਚ ਬਣੇ ਸਰਹੱਦੀ ਬੈਰੀਅਰ ਨੂੰ 'ਸੁਰੱਖਿਆ ਵਾੜ' ਕਹਿੰਦੇ ਹਨ, ਜੋ ਉਨ੍ਹਾਂ ਨੂੰ ਆਤਮਘਾਤੀ ਹਮਲਿਆਂ ਤੋਂ ਬਚਾਉਣ ਲਈ ਬਣਾਈ ਗਈ ਹੈ, ਉਦੋਂ ਫ਼ਲਸਤੀਨੀ ਆਪਣੇ ਅਲੱਗ ਰੱਖੇ ਜਾਣ ਅਤੇ ਕਬਜ਼ੇ ਦੇ ਤਜਰਬੇ ਨੂੰ ਦਰਸਾਉਣ ਲਈ ਇਸ ਨੂੰ 'ਅਪਾਰਟਾਇਟ ਕੰਧ' ਕਹਿੰਦੇ ਹਨ। ਅਸੀਂ ਕਿਸੇ ਵੀ ਤਰ੍ਹਾਂ ਦੀ ਸ਼ਬਦਾਵਲੀ ਨੂੰ ਸੈਂਸਰ ਨਹੀਂ ਕਰਾਂਗੇ।

ਹੋ ਸਕਦਾ ਹੈ ਕਿ ਅਸੀਂ ਹਮੇਸ਼ਾ ਸ਼ਬਦਾਵਲੀ, ਇਤਿਹਾਸਕ ਬਿਰਤਾਂਤ ਜਾਂ ਸਿਆਸੀ ਵਿਸ਼ਲੇਸ਼ਣ ਨਾਲ ਸਹਿਮਤ ਨਾ ਹੋਈਏ, ਪਰ ਸਾਡੀ ਅਪੀਲ ਇਹ ਹੈ ਕਿ ਅਸੀਂ ਇਕੱਠੇ ਹੋ ਕੇ ਸਭ ਤੋਂ ਪਹਿਲਾਂ ਬੰਬਾਂ, ਘੇਰਾਬੰਦੀ ਅਤੇ ਹਿੰਸਾ ਦੀ ਰਣਨੀਤੀ ਨੂੰ ਰੱਦ ਕਰਦੇ ਹਾਂ। ਅਸੀਂ ਸਹਿਮਤ ਹਾਂ ਕਿ ਹਿੰਸਾ ਦੇ ਸਾਰੇ ਅਮਲਾਂ ਦਾ ਅੰਤ ਹੋਣਾ ਚਾਹੀਦਾ ਹੈ ਅਤੇ ਅਸੀਂ ਸਥਾਈ ਸ਼ਾਂਤੀ, ਬਿਹਤਰ ਭਵਿੱਖ ਤੇ ਸੱਚੀ ਬਰਾਬਰੀ ਪ੍ਰਤੀ ਦ੍ਰਿੜ੍ਹਤਾ ਨਾਲ ਵਚਨਬੱਧ ਹਾਂ।

ਆਪਣੀਆਂ ਸਹਿਮਤੀਆਂ ਅਤੇ ਅਸਹਿਮਤੀਆਂ ਦੇ ਬਾਵਜੂਦ ਅਸੀਂ ਦੋਵੇਂ ਮਨੁੱਖੀ ਜਾਨਾਂ ਦੀ ਰੱਖਿਆ ਕਰਨ, ਖ਼ੂਨ-ਖ਼ਰਾਬੇ ਦਾ ਅੰਤ ਕਰਨ ਅਤੇ ਅਜਿਹੀ ਸਥਾਈ ਤੇ ਨਿਆਂਪੂਰਨ ਸ਼ਾਂਤੀ ਸਥਾਪਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਸਾਡੇ ਸਾਰਿਆਂ ਲਈ ਬਰਾਬਰੀ, ਨਿਆਂ, ਮਾਣ, ਮਾਨਤਾ ਅਤੇ ਸੁਰੱਖਿਆ 'ਤੇ ਆਧਾਰਿਤ ਹੋਵੇ।

ਸਾਡੀ ਦੋਸਤੀ ਅਸਾਧਾਰਨ ਹੈ, ਫਿਰ ਵੀ ਅਸੀਂ ਵਿਲੱਖਣ ਨਹੀਂ ਹਾਂ। ਅਸੀਂ ਦੋਵੇਂ ਸਥਾਨਕ ਅਤੇ ਵਿਸ਼ਵ ਪੱਧਰ 'ਤੇ ਇੱਕ ਸਾਂਝੇ ਭਵਿੱਖ ਲਈ ਪੁਲ ਉਸਾਰਨ ਲਈ ਕੰਮ ਕਰ ਰਹੇ ਇਜ਼ਰਾਇਲੀਆਂ ਅਤੇ ਫ਼ਲਸਤੀਨੀਆਂ ਦੇ ਵਧ ਰਹੇ ਗੱਠਜੋੜ ਦਾ ਹਿੱਸਾ ਹਾਂ। ਅਸੀਂ ਇਕੱਠੇ ਮਿਲ ਕੇ ਇੱਕ ਨਵੀਂ ਕਹਾਣੀ ਦੀ ਸਿਰਜਣਾ ਕਰ ਰਹੇ ਹਾਂ। ਅਸੀਂ ਆਪਣੇ ਆਪ ਨੂੰ ਫ਼ਲਸਤੀਨੀ ਅਤੇ ਇਜ਼ਰਾਇਲੀ, ਜਾਂ ਯਹੂਦੀ ਅਤੇ ਅਰਬ ਨਹੀਂ ਸਮਝਦੇ ਸਗੋਂ ਅਜਿਹੇ ਇਨਸਾਨ ਸਮਝਦੇ ਹਾਂ, ਜੋ ਸੰਵਾਦ, ਮੁਆਫ਼ ਕਰਨ ਅਤੇ ਸ਼ਾਂਤੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਅਸੀਂ ਉਨ੍ਹਾਂ, ਜੋ ਸਿਰਫ਼ ਵੰਡ ਦੀਆਂ ਲਕੀਰਾਂ ਹੀ ਦੇਖਦੇ ਹਨ, ਨੂੰ ਕਹਿਣਾ ਚਾਹੁੰਦੇ ਹਾਂ: ਜੇ ਤੁਹਾਡੇ ਲਈ ਸਾਨੂੰ ਵੰਡਣਾ ਜ਼ਰੂਰੀ ਹੈ ਤਾਂ ਸਾਨੂੰ ਇਸ ਤਰ੍ਹਾਂ ਵੰਡੋ ਕਿ ਇੱਕ ਪਾਸੇ ਉਹ ਲੋਕ ਹੋਣ ਜੋ ਸ਼ਾਂਤੀ ਅਤੇ ਬਰਾਬਰੀ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਦੂਸਰੇ ਪਾਸੇ ਉਹ ਜਿਹੜੇ ਇਸ ਖ਼ਿਆਲ ਨਾਲ ਸਹਿਮਤ ਨਹੀਂ।

ਅਸੀਂ ਇਸ ਸਫ਼ਰ ਦੀ ਸ਼ੁਰੂਆਤ ਆਪਣੇ ਦੁੱਖ ਦਾ ਸਾਹਮਣਾ ਕਰਕੇ ਕਰਦੇ ਹਾਂ, ਜਿਸ ਤਰ੍ਹਾਂ ਸਾਰੇ ਸ਼ਾਂਤੀ ਕਾਰਜਾਂ ਦੀ ਸ਼ੁਰੂਆਤ ਹੋਣੀ ਚਾਹੀਦੀ ਹੈ।

# ਹਾੜ੍ਹੀ ਤੇ ਸਾਉਣੀ ਦੇ ਅਲੋਪ ਹੋਏ ਰੰਗਲੇ ਦਿਨ

ਮੁਖਤਾਰ ਗਿੱਲ

**ਸਾਡਾ** ਅਜੋਕਾ ਸਮਾਂ ਪੱਛਮੀ ਸੱਭਿਅਤਾ ਦੀ ਭੇਟ ਚੜ੍ਹ ਚੁੱਕਾ ਹੈ। ਅਜਾਇਬ ਘਰਾਂ ਵਿੱਚ ਪ੍ਰਦਰਸ਼ਨੀਆਂ ਲਈ ਪੰਜਾਬੀ ਪਹਿਰਾਵੇ, ਹਾਰ ਸ਼ਿੰਗਾਰ, ਹਸਤਕਲਾ ਬਾਗ਼, ਫੁਲਕਾਰੀ, ਦਰੀਆਂ ਅਤੇ ਖੇਸ ਰੱਖੇ ਗਏ ਹਨ। ਲੋਕ ਨਾਚ ਗਿੱਧਾ, ਭੰਗੜਾ ਵੀ ਸਟੇਜਾਂ ਤੱਕ ਹੀ ਸੀਮਤ ਹੋ ਗਏ ਹਨ। ਪੰਜਾਬੀ ਤਿਉਹਾਰ ਜਿਵੇਂ ਵਿਸਾਖੀ, ਦੀਵਾਲੀ, ਲੋਹੜੀ, ਹੋਲੀ ਆਦਿ ਮਨਾਉਣ ਦੇ ਢੰਗ ਤਰੀਕੇ ਬਦਲ ਗਏ। ਤ੍ਰਿੰਝਣ, ਚਰਖੇ, ਰਸਮ ਰਿਵਾਜ ਸਭ ਲੋਪ ਹੋ ਗਏ। ਅੱਜ ਫੁਲਕਾਰੀ ਸਿਰਫ਼ ਲੋਕ ਗੀਤਾਂ ਜਾਂ ਮਾਣ ਸਨਮਾਨਾਂ ਦੇ ਕੰਮ ਆਉਂਦੀ ਹੈ। ਕਿਸਾਨੀ ਦੀ ਹਾੜ੍ਹੀ ਦੀ ਫ਼ਸਲ ਦਾ ਜਸ਼ਨ ਵਿਸਾਖੀ ਪੰਜਾਬੀਆਂ ਦਾ ਹਰਮਨ ਪਿਆਰਾ ਤਿਉਹਾਰ, ਭਾਈਚਾਰਕ ਸਾਂਝ ਅਤੇ ਆਪਸੀ ਮੇਲ ਜੋਲ ਦਾ ਪ੍ਰਤੀਕ ਹੁੰਦਾ ਸੀ। ਜੋ ਸਾਡੇ ਸੱਭਿਆਚਾਰਕ ਵਿਰਸੇ ਦੀ ਵੀ ਪਛਾਣ ਸੀ, ਪਰ ਸਮੇਂ ਦੇ ਨਾਲ ਅਤੇ ਬਹੁਤਾ ਪੱਛਮੀ ਸੱਭਿਅਤਾ ਦੇ ਪ੍ਰਭਾਵ ਕਰਕੇ ਸਾਡੇ ਕਈ ਮੇਲੇ, ਰੰਗਲੇ ਤਿਉਹਾਰ ਫਿੱਕੇ ਪੈ ਗਏ ਹਨ। ਪਿੰਡਾਂ ਦੀ ਭਾਈਚਾਰਕ ਸਾਂਝ ਬੜੀ ਮਜ਼ਬੂਤ ਹੁੰਦੀ ਸੀ। ਪਿੰਡ ਦੀ ਧੀ ਧਿਆਣੀ ਦਾ ਵਿਆਹ ਸਾਰੇ ਪਿੰਡ ਦਾ ਸਾਂਝਾ ਕਾਰਜ ਹੁੰਦਾ ਸੀ। ਸਾਰਾ ਪਿੰਡ ਧੀ ਦੇ ਵਿਆਹ ਵਿੱਚ ਬਣਦੀ ਜ਼ਿੰਮੇਵਾਰੀ ਨਿਭਾਉਂਦਾ ਸੀ, ਪਰ ਸਮੇਂ ਦੇ ਨਾਲ ਨਾਲ ਖ਼ਾਸ ਕਰਕੇ ਪੰਜਾਬੀਆਂ ਦੀਆਂ ਲਾਡਲੀਆਂ ਹਾੜ੍ਹੀਆਂ ਤੇ ਸਾਉਣੀਆਂ ਨੂੰ ਡੂੰਘੀ ਠੇਸ ਪੁੱਜੀ। ਉਮਰ ਦੇ ਆਖ਼ਰੀ ਪੜਾਅ ਵਾਲਿਆਂ, ਮੇਰੇ ਵਰਗਿਆਂ ਨੂੰ ਬਚਪਨ ਦੀਆਂ ਹਾੜ੍ਹੀ ਦੀ ਫ਼ਸਲ ਕਣਕ ਦੀਆਂ ਵਾਢੀਆਂ ਚੇਤੇ ਆ ਗਈਆਂ। ਸਾਡੇ ਬੱਚਿਆਂ ਲਈ ਵਾਢੀਆਂ ਦੇ ਰੰਗਲੇ ਅਤੇ ਜਸ਼ਨਾਂ ਦੇ ਦਿਨ ਹੁੰਦੇ ਸਨ। ਕਸੀਰਾਂ ਵਿੱਚ ਛੁਪੇ ਕਣਕਾਂ ਦੇ ਸੁਨਹਿਰੀ ਸਿੱਟੇ ਆਪਣੇ ਪਾਲਣਹਾਰ ਕਿਰਤੀ ਕਿਸਾਨਾਂ ਨੂੰ ਝੁਕ ਝੁਕ ਪ੍ਰਣਾਮ ਕਰਦੇ ਸਨ। ਜਿੱਥੇ ਕਿਸਾਨਾਂ ਦੇ ਚਿਹਰੇ ਖ਼ੁਸ਼ੀ ਤੇ ਖੇੜਿਆਂ ਨਾਲ ਲਿਸ਼ਕ ਰਹੇ ਹੁੰਦੇ ਸਨ, ਉੱਥੇ ਕੁਦਰਤੀ ਕਰੋਪੀ ਬਾਰਿਸ਼, ਤੂਫ਼ਾਨ ਤੇ ਗੜ੍ਹੇਮਾਰੀ ਦੇ ਡਰੋਂ ਚਿੰਤਾ ਵੀ ਸਾਫ਼ ਝਲਕਦੀ ਸੀ। ਪਿੰਡਾਂ ਦੇ ਲੁਹਾਰ ਵਾਢੀ ਲਈ ਤਰ੍ਹਾਂ ਤਰ੍ਹਾਂ ਦੀਆਂ ਦਾਤੀਆਂ ਬਣਾਉਂਦੇ ਸਨ। ਦਸਤਿਆਂ 'ਤੇ ਲਿਸ਼ਕਣੀਆਂ ਪੱਤਰੀਆਂ ਜੜ੍ਹ ਕੇ ਸਜਾਉਂਦੇ ਸਨ। ਖ਼ਾਸ ਸ਼ੌਕੀਨਾਂ ਲਈ ਘੁੰਗਰੂਆਂ ਵਾਲੀਆਂ ਦਾਤੀਆਂ ਤਿਆਰ ਕਰਦੇ ਸਨ। ਦਾਤੀਆਂ ਦੇ ਦੰਦੇ ਕਢਵਾਏ ਜਾਂਦੇ ਸਨ। ਵਾਢੀਆਂ ਮਹੀਨਾ ਡੇਢ ਮਹੀਨੇ ਤੱਕ ਚੱਲਦੀਆਂ ਸਨ। ਭਾਈਚਾਰਕ ਸਾਂਝ ਵਾਲਿਆਂ ਅਤੇ ਸੱਜਣਾਂ ਮਿੱਤਰਾਂ ਦਾ ਵਾਢੀ ਕਰਵਾਉਣ ਲਈ ਸਹਿਯੋਗ ਲਿਆ ਜਾਂਦਾ ਸੀ। ਭਾਵ ਉਨ੍ਹਾਂ ਦਿਨਾਂ ਵਿੱਚ 'ਮੰਗ' ਪਾਉਣ ਦਾ ਮਤਲਬ ਰਲ ਮਿਲ, ਭਾਈਚਾਰੇ ਦੇ ਗੱਭਰੂਆਂ ਨੂੰ ਲੈ ਕੇ ਵਾਢੀਆਂ ਕਰਨੀਆਂ ਸਨ। ਇਨ੍ਹਾਂ ਮਹਿਮਾਨ ਵਾਢਿਆਂ ਦੀ ਸੇਵਾ ਵਿੱਚ ਕੋਈ ਕਸਰ ਨਹੀਂ ਸੀ ਛੱਡੀ ਜਾਂਦੀ। ਸੂਰਜ ਚੜ੍ਹਨ ਤੋਂ ਪਹਿਲਾਂ ਵਾਢੇ ਖੇਤਾਂ 'ਚ ਪਹੁੰਚ ਜਾਂਦੇ ਸਨ। ਜਦੋਂ ਵਿਸਾਖੀ ਦੇ ਢੋਲ ਵੱਜਦੇ ਸਨ ਤਾਂ ਕਿਰਤੀ ਕਾਮੇ ਵਾਢੀ ਬੈਠਦੇ ਸਨ। ਸ਼ਾਹ ਵੇਲੇ 'ਚ ਪਰਾਂਠੇ, ਆਚਾਰ, ਦਹੀਂ, ਮੱਖਣ ਵਾਲੀ ਲੱਸੀ ਨਾਲ ਲੇੜਾਂ ਲਵਾਈਆਂ ਜਾਂਦੀਆਂ ਸਨ। ਕੁਝ ਦੇਰ ਬਾਅਦ ਕਾਨ੍ਹੇ ਗੜਵੀ ਚਾਹ ਦੇ ਗੱਫੇ ਲਵਾਏ ਜਾਂਦੇ ਸਨ। ਵਾਢੇ



ਪਰਾਤਾਂ 'ਚ ਲੱਗ ਜ਼ਿੱਦੋ ਜ਼ਿੱਦੀ ਵੱਢਦੇ ਸਨ। ਭਾਵ ਆਪਣੀ ਸਰੀਰਕ ਕਲਾ ਦਾ ਪ੍ਰਗਟਾਵਾ ਕਰਦੇ ਸਨ। ਇਸ ਦੌਰਾਨ ਪੰਚ (ਝਿਉਰ) ਮੋਢੇ 'ਤੇ ਵਹਿੰਗੀ ਟਿਕਾ, ਘੜਵੰਜੀ ਵਿੱਚ ਦੋ ਠੰਢੇ ਪਾਣੀ ਦੇ ਘੜੇ ਰੱਖੀ ਆ ਜਾਂਦਾ। ਉਹ ਸਾਰੇ ਵਾਢਿਆਂ ਨੂੰ ਠੰਢਾ ਪਾਣੀ ਪਿਆਉਂਦਾ। ਫਿਰ ਬਾਜ਼ੀਗਰ ਡਾਂਗਾਂ ਸੋਟੀਆਂ, ਗਾਨੀਆਂ ਤੇ ਮਖੇਰਨੇ ਆਦਿ ਵੇਚਣ ਲਈ ਆ ਜਾਂਦੇ ਸਨ। ਉਹ ਮੱਕੜੇ ਬਦਲੇ ਸੋਟੀਆਂ ਆਦਿ ਸਾਮਾਨ ਵੇਚ ਜਾਂਦੇ ਸਨ। ਫਿਰ ਦੁਪਹਿਰ ਦੀ 'ਹਾਜ਼ਰੀ'। ਮੌਸਮੀ ਸ਼ਬਜ਼ੀਆਂ, ਤੰਦੂਰ ਦੀਆਂ ਰੋਟੀਆਂ ਤੇ ਸ਼ੱਕਰ ਘਿਉ ਨਾਲ ਵਾਢੇ ਡੰਝਾਂ ਲਾਹੁੰਦੇ ਸਨ। ਦਿਨ ਢਲੇ ਵੱਢੀ ਕਣਕ ਦੀਆਂ ਬੇੜਾਂ ਨਾਲ ਭਰੀਆਂ ਬੰਨ੍ਹੀਆਂ ਜਾਂਦੀਆਂ ਸਨ। ਫਿਰ ਕਾਮੇ ਭਰੀਆਂ ਚੁੱਕ ਚੁੱਕ, ਇੱਕ ਥਾਂ ਲਿਆ ਕੇ ਖਲਵਾੜਾ ਲਾਉਂਦੇ ਸਨ। ਫਿਰ ਵਾਢੇ ਤੇਲ ਛੇਲ ਲਾ ਨਹਾਉਂਦੇ ਸਨ। ਲਿਸ਼ਕ ਪੁਸ਼ਕ ਹਵੇਲੀ 'ਚ ਡਾਹੇ ਮੰਜਿਆਂ 'ਤੇ ਸਜ ਜਾਂਦੇ ਸਨ। ਜੱਗਾਂ 'ਚ ਦੇਸੀ ਸ਼ਰਾਬ ਤੇ ਰਾਜੇ ਵੱਲੋਂ ਦੇਗ 'ਚ ਬਣਾਇਆ ਬੱਕਰੇ ਦਾ ਮੀਟ ਖੁੱਲ੍ਹਾ ਵਰਤਾਇਆ ਜਾਂਦਾ ਸੀ। ਵਾਢੇ ਗੱਪ ਛੱਪ ਮਾਰਦੇ ਖਾ ਖਾ ਕੁੱਖਾਂ ਕੱਢ ਡਿੱਗਦੇ ਢਹਿੰਦੇ ਘਰੋ ਘਰੀ ਜਾ ਪਹੁੰਚਦੇ। ਇੱਕ ਦੂਸਰੇ ਦੀ ਮਦਦ ਨਾਲ ਵਾਢੀ ਦਾ ਔਖਾ ਕੰਮ ਖਾਂਦੇ ਪੀਂਦੇ ਤੇ ਹਾਸੇ ਹਾਸੇ ਵਿੱਚ ਨਿਬੇੜ ਲੈਂਦੇ ਸਨ। ਇਸ ਨਾਲ ਮਿਲਵਰਤਣ ਹੀ ਨਹੀਂ ਸਗੋਂ ਆਪਸ 'ਚ ਭਾਈਚਾਰਕ ਸਾਂਝ ਵੀ ਪੀਢੀ ਹੁੰਦੀ ਸੀ। ਖਲਵਾੜੇ ਵਿੱਚੋਂ ਚੁੱਕ ਚੁੱਕ ਭਰੀਆਂ ਪਿੜ ਵਿੱਚ ਲਿਆਂਦੀਆਂ ਜਾਂਦੀਆਂ ਸਨ। ਬਜ਼ੁਰਗਾਂ ਵੱਲੋਂ ਟਾਹਲੀ ਦੀ ਛਾਵੇਂ ਬੈਠ, ਲੱਕੜ ਦੇ ਚੌਖਟੇ ਵਿੱਚ ਬੇਰੀਆਂ ਜਾਂ ਕਿੱਕਰ ਦੇ ਛਾਪੇ ਰੱਖ ਤਾਰਾਂ ਨਾਲ ਬੰਨ 'ਫਲ੍ਹਾ' ਬਣਾਇਆ ਜਾਂਦਾ ਸੀ। ਗੋਲ ਦਾਇਰੇ ਵਾਲੇ ਪਿੜ ਵਿੱਚ ਭਰੀਆਂ ਨੂੰ ਖੋਲ੍ਹ ਕੇ ਖਿਲਾਰਿਆ ਜਾਂਦਾ ਸੀ। ਫਲ੍ਹੇ ਨੂੰ ਚੁੱਕ ਕੇ ਪਿੜ ਵਿੱਚ ਵਿਛਾਈਆਂ ਭਰੀਆਂ ਉੱਪਰ ਰੱਖ, ਉਸ ਨੂੰ ਅੱਗੇ ਜੋਏ ਬਲਦਾਂ ਦੀ ਪੰਜਾਲੀ ਨੂੰ ਲੱਕੋਂ ਕੁੱਬੀ ਲੱਕੜ ਦੀ 'ਢੋਅ' ਨਾਲ ਜੋੜਿਆ ਜਾਂਦਾ ਸੀ। ਪੰਜਾਲੀ ਦੇ ਉੱਪਰਲੇ ਹਿੱਸੇ ਨੂੰ 'ਜੂਲਾ' ਅਤੇ ਹੇਠਲੇ ਨੂੰ 'ਫੱਟ' ਆਖਦੇ ਸਨ। ਪੰਜਾਲੀ ਦੇ ਦੋਵੇਂ ਪਾਸੀ ਅਰਲੀਆਂ ਹੁੰਦੀਆਂ ਸਨ। ਅਸੀਂ ਬੱਚੇ ਫਲ੍ਹੇ ਉੱਤੇ ਝੂਟਾ ਲੈਣ ਦੀ ਜ਼ਿੱਦ ਕਰਦੇ ਤਾਂ ਸਾਨੂੰ ਫਲ੍ਹੇ 'ਤੇ ਝੁੱਲ ਜਾਂ ਦਰੀ ਆਦਿ ਵਿਛਾ ਕੇ ਉਸ ਉੱਤੇ ਬਿਠਾ ਦਿੱਤਾ ਜਾਂਦਾ ਸੀ। ਅੱਗੇ ਅੱਗੇ ਬਲਦ ਤੇ ਪਿੱਛੇ ਪਿੱਛੇ ਫਲ੍ਹਾ, ਗੇੜੇ ਦਈ ਜਾਂਦੇ। ਫਲ੍ਹੇ ਨਾਲ ਗਾਹ ਕੇ ਬਣਾਈ ਧੜ ਨੂੰ ਫਿਰ ਉਡਾਵੇ ਛੱਜਾਂ ਨਾਲ ਉਡਾ ਦਾਣੇ ਤੇ ਤੂੜੀ ਵੱਖ ਵੱਖ ਕਰ ਦਾਣਿਆਂ ਦਾ ਬੋਹਲ ਬਣਾ ਦਿੰਦੇ ਸਨ। ਬੱਚਿਆਂ ਨੂੰ ਫੱਕਾ / ਰੀੜ੍ਹੀ ਮਿਲਦੀ ਸੀ ਜੋ ਅਸੀਂ ਲੰਮੇ ਸਾਰੇ ਝੱਗੇ ਦੀ ਝੋਲੀ ਵਿੱਚ ਪਵਾ ਹੱਟੀ ਵੱਲ ਦੌੜ ਜਾਂਦੇ ਸੀ। ਅਸੀਂ ਗੋਲੀ ਵਾਲਾ ਠੰਢਾ ਬੱਤਾ ਪੀਂਦੇ, ਕਿਸਮਤ ਪੁੜੀ ਖਿਚਦੇ ਅਤੇ ਮਿੱਠੀਆਂ ਗੋਲੀਆਂ ਚੂਸਦੇ ਘਰੀ ਆ ਵੜਦੇ। ਲਾਗੀਆਂ, ਲੁਹਾਰਾਂ ਤਰਖਾਣਾਂ, ਸੀਰੀਆਂ, ਕੰਮ ਵਾਲੀਆਂ ਦੇ ਘਰੀ ਅਨਾਜ ਪਹੁੰਚਦਾ। ਹੱਟੀਆਂ 'ਤੇ ਸ਼ਾਹਾਂ ਦਾ ਹਿਸਾਬ ਨਿਬੇੜਿਆ ਜਾਂਦਾ। ਸੱਚਮੁੱਚ ਕਣਕ ਦੀ ਵਾਢੀ ਦੇ ਰੰਗਲੇ ਦਿਨ ਹੁੰਦੇ ਸਨ। ਜਦੋਂ ਮੁਟਿਆਰ ਆਪਣੇ ਹਾਣੀ ਨੂੰ ਕਹਿੰਦੀ ਸੀ;

**ਵਾਢੀ ਕਰੂੰਗੀ ਬਰਾਬਰ ਤੇਰੇ**
**ਦਾਤੀ ਨੂੰ ਲਵਾਦੇ ਘੁੰਗਰੂ**

ਨਿਰਸੰਦੇਹ ਲੋਪ ਹੋ ਗਏ ਹਨ, ਹਾੜ੍ਹੀਆਂ ਦੇ ਉਹ ਰੰਗਲੇ ਦਿਨ! ਹਾੜ੍ਹੀ ਦੀ ਫ਼ਸਲ ਕਣਕ ਸਾਂਭਣ ਤੋਂ ਕੁਝ ਸਮੇਂ ਲਈ ਖੇਤਾਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ। ਸਾਉਣੀ ਦੀ ਮੁੱਖ ਫ਼ਸਲ ਝੋਨਾ (ਅੱਗੇ ਉਸ ਦੀਆਂ ਕਿਸਮਾਂ ਝੋਨਾ, ਬਾਸਮਤੀ, ਪਲਮਣ ਆਦਿ) ਹੁੰਦਾ ਸੀ। ਅੱਜ ਮਸ਼ੀਨੀਕਰਨ ਦਾ ਯੁੱਗ ਹੈ। ਵਾਢੀਆਂ ਦੀ ਥਾਂ ਕੰਬਾਈਨਾਂ ਨਾਲ ਘੰਟਿਆਂ ਵਿੱਚ ਕਣਕਾਂ ਸਾਂਭ ਲਈਆਂ ਜਾਂਦੀਆਂ ਹਨ। ਟਰਾਲੀਆਂ ਜਿਣਸ ਮੰਡੀਆਂ ਪਹੁੰਚਾ ਦਿੰਦੀਆਂ ਹਨ। ਕਿਸਾਨ ਦੀ ਸਭ ਤੋਂ ਵੱਧ ਲੁੱਟ ਮੰਡੀਆਂ ਵਿੱਚ ਹੁੰਦੀ ਹੈ। ਮੰਡੀ ਦਾ ਤਾਂ ਹਰ ਰੁੱਖ ਵੀ ਕਿਸਾਨ ਤੋਂ ਪੈਸੇ ਮੰਗਦਾ ਹੈ। ਕਿਸਾਨ ਵੀ ਸੁੱਖ ਰਹਿਣੇ ਹੋ ਗਏ ਹਨ। ਅੱਜਕੱਲ੍ਹ ਕੋਈ ਕਿਸਾਨ ਤੜਕੇ ਨਾ ਤਾਂ ਹਲ ਜੋੜਦਾ ਹੈ ਅਤੇ ਨਾ ਹੀ ਖੇਤ ਬੰਨ੍ਹੇ ਮੋਢੇ ਕਹੀ ਰੱਖ ਗੇੜਾ ਮਾਰਦਾ ਹੈ। ਜ਼ਮੀਨਾਂ ਦੀਆਂ ਲਿਮਟਾਂ ਬਣਵਾ ਕੇ ਅਲੀਸ਼ਾਨ ਕੋਠੀਆਂ, ਮਹਿੰਗੀਆਂ ਲਗਜ਼ਰੀ ਕਾਰਾਂ ਅਤੇ ਪੈਲੇਸ ਕਲਚਰ ਨੇ ਕਿਸਾਨਾਂ ਨੂੰ ਕਰਜ਼ਾਈ ਕੀਤਾ ਹੋਇਆ ਹੈ ਅਤੇ ਰਹਿੰਦੀ ਕਸਰ ਵਿਦੇਸ਼ ਜਾਣ ਵਾਲੇ ਧੀਆਂ ਪੁੱਤਰਾਂ ਦੀ ਜ਼ਿੱਦ ਪੂਰੀ ਕਰ ਦਿੰਦੀ ਹੈ ਜਿਨ੍ਹਾਂ ਨੂੰ ਜਹਾਜ਼ ਚਾੜ੍ਹਨ ਲਈ ਜ਼ਮੀਨਾਂ ਵੇਚਣੀਆਂ ਪੈ ਰਹੀਆਂ ਹਨ। ਕਰਜ਼ੇ ਚੁੱਕਣੇ ਪੈ ਰਹੇ ਹਨ। ਕਈ ਸੱਜਣਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਠੱਗਣਾ ਪੈਂਦਾ ਹੈ। ਕਣਕ ਦੀ ਰਹਿੰਦ ਖੂੰਹਦ ਨੂੰ ਕਿਸਾਨ ਅੱਗਾਂ ਲਾਉਣ ਲਈ ਮਜਬੂਰ ਹੁੰਦੇ ਹਨ। ਸਾਉਣੀ ਦੀ ਫ਼ਸਲ ਲਈ ਖੇਤ ਤਿਆਰ ਕਰਨੇ ਹੁੰਦੇ ਹਨ। ਨਾੜ ਨੂੰ ਅੱਗ ਲਾਉਣਾ ਹੀ ਸੌਖਾ ਤਰੀਕਾ ਹੁੰਦਾ ਹੈ, ਪਰ ਉਹ ਵੀ ਭਲੇ ਦਿਨ ਸਨ ਜਦੋਂ ਕਿਸਾਨ ਇੱਕ ਜੋਗ ਦੀ ਵਾਹੀ ਹੁੰਦੀ ਸੀ। ਸਾਰੀ ਸਾਰੀ ਰਾਤ ਖੂਹ ਜੋਣ ਦੇ ਬਾਵਜੂਦ ਖੇਤ ਨਹੀਂ ਸੀ ਭਰਦਾ। ਪਤਾ ਨਹੀਂ ਪ੍ਰੋ. ਮੋਹਨ ਸਿੰਘ ਨੇ ਇਹ ਗੀਤ ਦੀਆਂ ਸਤਰਾਂ ਕਿਉਂ ਲਿਖੀਆਂ ਸਨ;

**ਇਹ ਗਾਧੀ ਬਣੀ ਨਵਾਰੀ**
**ਅੱਗੇ ਵਗਦਾ ਬਲਦ ਹਜ਼ਾਰੀ**
**ਕਰ ਇਸ ਉਤੇ ਅਸਵਾਰੀ।**
**ਭੁੱਲ ਜਾਵਣ ਦੋਵੇਂ ਜੱਗ ਨੀਂ**
**ਸਾਡੇ ਖੂਹ 'ਤੇ ਵੱਸਦਾ ਰੱਬ ਨੀਂ।**

ਪਰ ਅੱਜ ਮੋਟਰਾਂ/ਬੰਬੀਆਂ ਦਾ ਸਵਿੱਚ ਨੱਪੋ ਤੇ ਪਾਣੀ ਦੀਆਂ ਲਹਿਰਾਂ ਬਹਿਰਾਂ ਨਾਲ ਖੇਤ ਭਰ ਜਾਂਦੇ ਹਨ। ਟਰੈਕਟਰਾਂ ਨਾਲ ਕੱਦੂ ਕਰ ਲਏ ਜਾਂਦੇ ਹਨ। ਲਾਬ ਵਾਲੇ ਪਨੀਰੀ ਪੁੱਟ ਗੁੱਛੀਆਂ ਬਣਾ, ਕੱਦੂ ਕੀਤੇ ਗਏ ਖੇਤ ਵਿੱਚ ਲਿਆ ਸੁੱਟਦੇ ਹਨ ਅਤੇ ਝੋਨਾ ਲੱਗਣਾ ਸ਼ੁਰੂ ਹੋ ਜਾਂਦਾ ਹੈ, ਪਰ ਉਹ ਵੀ ਦਿਨ ਸਨ ਜਦ ਕਿਸਾਨ ਇੱਕ ਜੋਗ ਨਾਲ ਕਈ ਕਈ ਦਿਨ ਰਾਤਾਂ ਨੂੰ ਖੂਹ ਤੋਂ ਖੇਤ 'ਚ ਪਾਣੀ ਭਰ ਕੇ ਹਲ ਤੇ ਢੱਗਿਆਂ ਨਾਲ ਕੱਦੂ ਕਰਦਾ ਸੀ। ਖੇਤਾਂ ਦਾ ਕੱਛਾ ਬੰਨ੍ਹਾ ਕੱਢਦਾ। ਲਾਬ ਲਾਉਣ ਵਾਲਿਆਂ ਨਾਲ ਆਪ ਲੱਗਦਾ ਤਾਂ ਕਿਤੇ ਜਾ ਕੇ ਝੋਨਾ ਲੱਗਦਾ ਸੀ। ਫਿਰ ਗੋਡੀਆਂ ਕਰਦਾ, ਵਾਧੂ ਘਾਹ ਨਦੀਨ ਆਦਿ ਕੱਢਦਾ। ਅੱਜ ਵਾਂਗ ਕੀਟਨਾਸ਼ਕ ਨਹੀਂ ਸਨ ਹੁੰਦੇ। ਜੈਵਿਕ ਚੌਲ ਹੁੰਦੇ ਸਨ। ਕਿਸਾਨ ਦੀ ਕਦੀ ਹਾੜ੍ਹੀ ਕਦੀ ਸੁੱਕੀ ਹੁੰਦੀ ਅਤੇ ਕਦੀ ਸਾਉਣੀ ਗਿੱਲੀ। ਕਿੱਥੇ ਗਈਆਂ ਸਾਡੀਆਂ ਹਾੜ੍ਹੀਆਂ ਤੇ ਸਾਉਣੀਆਂ! ਪਰ ਉਹ ਨਾ ਹਾੜ੍ਹੀਆਂ ਰਹੀਆਂ ਨਾ ਹੀ ਉਹ ਸਾਉਣੀਆਂ। ਲੋਪ ਹੋ ਗਏ ਹਾੜ੍ਹੀਆਂ ਅਤੇ ਸਾਉਣੀਆਂ ਦੇ ਉਹ ਰੰਗਲੇ ਦਿਨ।



# ਚੰਗੇ ਵਿਦਿਆਰਥੀ ਬਣੋ

ਨਰਿੰਦਰ ਪਾਲ ਸਿੰਘ ਗਿੱਲ

**ਯੂਨੀਵਰਸਿਟੀ** ਦੇ ਦਿਨ ਮਨੁੱਖੀ ਸ਼ਖ਼ਸੀਅਤ ਦੇ ਘੜੇ ਜਾਣ ਦੇ ਦਿਨ ਹੁੰਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰਕਾਰੀ ਵਿਭਾਗ ਦੀਆਂ ਉਨ੍ਹਾਂ ਪੁਰਾਣੀਆਂ ਕੰਧਾਂ ਨੇ ਨਾ ਜਾਣੇ ਕਿੰਨੇ ਹੀ ਬੁੱਧੀਜੀਵੀ ਅਤੇ ਕਲਮ ਦੇ ਧਨੀ ਪੈਦਾ ਕੀਤੇ ਹਨ। ਇਨ੍ਹਾਂ ਕੰਧਾਂ ਦੇ ਅੰਦਰ ਬਿਤਾਏ ਪਲਾਂ ਵਿੱਚੋਂ ਕੁਝ ਯਾਦਾਂ ਅਜਿਹੀਆਂ ਹਨ ਜੋ ਸਮੇਂ ਦੇ ਨਾਲ ਧੁੰਦਲੀਆਂ ਨਹੀਂ ਹੁੰਦੀਆਂ, ਸਗੋਂ ਹੋਰ ਗੂੜ੍ਹੀਆਂ ਹੋ ਜਾਂਦੀਆਂ ਹਨ। ਅਜਿਹੀ ਹੀ ਇਕ ਯਾਦ ਰਾਮਿੰਦਰਜੀਤ ਸਿੰਘ 'ਵਾਸੂ' ਜੀ ਨਾਲ ਜੁੜੀ ਹੋਈ ਹੈ, ਜੋ ਸਾਡੀ ਵਿਸ਼ੇਸ਼ ਕਲਾਸ ਲੈਣ ਲਈ ਆਏ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਇਕ ਅਜਿਹਾ ਜਲੌਅ ਅਤੇ ਪ੍ਰਭਾਵ ਸੀ ਕਿ ਉਨ੍ਹਾਂ ਦੇ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਚਾਰੇ ਪਾਸੇ ਇਕ ਅਜੀਬ ਜਿਹਾ ਸੰਨਾਟਾ ਪੱਸਰ ਗਿਆ। ਅਸੀਂ ਸਾਰੇ ਚੁੱਪਚਾਪ ਅਤੇ ਸਲੀਕੇ ਨਾਲ ਆਪਣੀਆਂ ਸੀਟਾਂ 'ਤੇ ਬੈਠ ਗਏ, ਜਿਵੇਂ ਕਿ ਅਕਸਰ 'ਚੰਗੇ ਬੱਚਿਆਂ' ਤੋਂ ਉਮੀਦ ਕੀਤੀ ਜਾਂਦੀ ਹੈ। ਪਰ ਵਾਸੂ ਜੀ ਨੇ ਆਉਂਦਿਆਂ ਹੀ ਸਾਡੀ ਇਸ ਸਥਾਪਿਤ ਧਾਰਨਾ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਨੇ ਬੜੇ ਸਹਿਜ ਪਰ ਦਮਦਾਰ ਲਹਿਜੇ ਵਿਚ ਇਕ ਅਜਿਹੀ ਗੱਲ ਕਹੀ ਜੋ ਅੱਜ ਵੀ ਮੇਰੇ ਕੰਨਾਂ ਵਿਚ ਗੂੰਜਦੀ ਹੈ, "ਕਦੇ ਵੀ ਸਿਰਫ਼ 'ਚੰਗੇ ਬੱਚੇ' ਬਣ ਕੇ ਨਾ ਰਹਿ ਜਾਣਾ, ਸਗੋਂ 'ਚੰਗੇ ਵਿਦਿਆਰਥੀ' ਬਣਨ ਦੀ ਕੋਸ਼ਿਸ਼ ਕਰਨਾ।" ਇਹ ਸੁਣ ਕੇ ਅਸੀਂ ਇਕ-ਦੂਜੇ ਦੇ ਚਿਹਰੇ ਵੱਲ ਦੇਖਣ ਲੱਗੇ। ਵਾਸੂ ਜੀ ਨੇ ਜਦੋਂ ਇਸ ਦੀ ਵਿਆਖਿਆ ਕੀਤੀ, ਤਾਂ ਸਾਨੂੰ ਆਪਣੀ ਸੋਚ ਦੀ ਸੀਮਾ ਦਾ ਅਹਿਸਾਸ ਹੋਇਆ। ਉਨ੍ਹਾਂ ਮੁਤਾਬਕ, ਇਕ 'ਚੰਗਾ ਬੱਚਾ' ਉਹ ਹੁੰਦਾ ਹੈ ਜੋ ਬਿਨਾਂ ਸਵਾਲ ਕੀਤੇ ਆਗਿਆ ਦਾ ਪਾਲਣ ਕਰਦਾ ਹੈ ਅਤੇ ਅਨੁਸ਼ਾਸਨ ਦੇ ਨਾਂ 'ਤੇ ਆਪਣੀ ਜਿਗਿਆਸਾ ਨੂੰ ਦਬਾ ਲੈਂਦਾ ਹੈ। ਪਰ ਇਕ 'ਚੰਗਾ ਵਿਦਿਆਰਥੀ' ਚੁੱਪਚਾਪ ਬੈਠਣ ਦੀ ਬਜਾਏ ਆਪਣੇ ਮਨ ਅੰਦਰ ਸਵਾਲਾਂ ਦਾ ਇਕ ਅਥਾਹ ਸਮੁੰਦਰ ਰੱਖਦਾ ਹੈ, ਜਿਸ ਦੀਆਂ ਲਹਿਰਾਂ ਹਮੇਸ਼ਾ ਕਿਨਾਰਿਆਂ (ਗਿਆਨ) ਨੂੰ ਛੂਹਣ ਲਈ ਤਤਪਰ ਰਹਿੰਦੀਆਂ ਹਨ। ਉਹ ਚੁੱਪਚਾਪ ਬੈਠਣ ਦੀ ਬਜਾਏ 'ਕਿਉਂ' ਅਤੇ 'ਕਿਵੇਂ' ਦੀ ਭਾਲ ਕਰਦਾ ਹੈ। ਪੱਤਰਕਾਰੀ ਵਰਗੇ ਪੇਸ਼ੇ ਵਿਚ ਸਵਾਲ ਪੁੱਛਣਾ ਹੀ ਤੁਹਾਡੀ ਸਭ ਤੋਂ ਵੱਡੀ ਤਾਕਤ ਹੈ। ਪਰ ਵਾਸੂ ਜੀ ਦੀ ਸ਼ਖ਼ਸੀਅਤ ਦਾ ਅਸਲ ਰੰਗ ਤਾਂ ਉਦੋਂ ਦੇਖਣ ਨੂੰ ਮਿਲਿਆ ਜਦੋਂ ਸਾਡੀ ਪੜ੍ਹਾਈ ਦਾ ਦੂਜਾ ਸਾਲ ਸ਼ੁਰੂ ਹੋਇਆ। ਉਸ ਸਾਲ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਕਲਾਸ ਲੈਣ ਲਈ ਰਸਮੀ ਤੌਰ 'ਤੇ ਸੱਦਾ ਨਹੀਂ ਦਿੱਤਾ ਗਿਆ ਸੀ। ਵਿਦਿਆਰਥੀ ਉਨ੍ਹਾਂ ਦੀਆਂ ਗੱਲਾਂ ਅਤੇ ਗਿਆਨ ਦੇ ਇੰਨੇ ਕਾਇਲ ਸਨ ਕਿ ਮੈਂ ਤੇ ਮੇਰੇ ਸਾਥੀ ਸਰਤਾਜ ਸਿੰਘ ਸਿੱਧੂ ਨੇ ਉਨ੍ਹਾਂ ਨੂੰ ਫੋਨ ਕਰਕੇ ਪੁੱਛਿਆ, "ਸਰ, ਕੀ ਤੁਸੀਂ ਇਸ ਵਾਰ ਸਾਨੂੰ ਪੜ੍ਹਾਉਣ ਨਹੀਂ ਆਓਗੇ?" ਉਨ੍ਹਾਂ ਦਾ ਜਵਾਬ ਸੁਣ ਕੇ ਮੈਂ ਹੈਰਾਨ ਰਹਿ ਗਿਆ। ਉਨ੍ਹਾਂ ਬੜੀ ਬੇਬਾਕੀ ਅਤੇ ਉਤਸ਼ਾਹ ਨਾਲ ਕਿਹਾ, "ਜੇ ਯੂਨੀਵਰਸਿਟੀ ਨੇ ਨਹੀਂ ਸੱਦਿਆ ਤਾਂ ਕੀ ਹੋਇਆ? ਤੁਸੀਂ ਦੱਸੋ ਕਦੋਂ ਆਉਣਾ ਹੈ, ਆਪਾਂ ਕੰਟੀਨ ਕੋਲ ਬੈਠ ਕੇ ਹੀ ਕਲਾਸ ਲਗਾ ਲਵਾਂਗੇ।" ਮੈਂ ਸੋਚ ਰਿਹਾ ਸੀ ਕਿ ਨਾ ਤਾਂ ਉਹ ਯੂਨੀਵਰਸਿਟੀ ਦੇ ਅਧਿਕਾਰੀ ਸਨ, ਨਾ ਹੀ ਕਰਮਚਾਰੀ ਅਤੇ ਨਾ ਹੀ ਸਾਡੇ ਨਾਲ ਉਨ੍ਹਾਂ ਦਾ ਕੋਈ ਨਿੱਜੀ ਰਿਸ਼ਤਾ ਸੀ। ਪਰ ਉਨ੍ਹਾਂ ਅੰਦਰ ਗਿਆਨ ਵੰਡਣ ਦੀ ਜੋ ਤੜਪ ਸੀ, ਉਹ ਕਿਸੇ ਵੀ ਰਸਮੀ ਰੁਕਾਵਟ ਨੂੰ ਨਹੀਂ ਮੰਨਦੀ ਸੀ। ਉਨ੍ਹਾਂ ਲਈ ਗਿਆਨ ਵੰਡਣਾ ਕੋਈ ਡਿਊਟੀ ਨਹੀਂ, ਸਗੋਂ ਇਕ ਮਿਸ਼ਨ ਸੀ। ਉਨ੍ਹਾਂ ਦਾ ਇਹ ਜਜ਼ਬਾ ਸਾਨੂੰ ਸਿਖਾ ਗਿਆ ਕਿ ਸਿੱਖਣ ਅਤੇ ਸਿਖਾਉਣ ਲਈ ਵੱਡੀਆਂ ਇਮਾਰਤਾਂ ਜਾਂ ਏਅਰ ਕੰਡੀਸ਼ਨਡ ਕਮਰਿਆਂ ਦੀ ਲੋੜ ਨਹੀਂ ਹੁੰਦੀ, ਸਿਰਫ਼ ਇਕ ਸੱਚੀ ਲਗਨ ਅਤੇ ਜਿਗਿਆਸਾ ਚਾਹੀਦੀ ਹੈ। ਅੱਜ ਸਾਲਾਂ ਬਾਅਦ ਵੀ, ਜਦੋਂ ਮੈਂ ਆਪਣੇ ਪੇਸ਼ੇਵਰ ਜੀਵਨ ਵਿਚ ਵਿਚਰਦਾ ਹਾਂ ਤਾਂ ਵਾਸੂ ਜੀ ਦੀ ਉਹ ਨਸੀਹਤ ਅਤੇ ਉਨ੍ਹਾਂ ਦੀ 'ਕੰਟੀਨ ਵਾਲੀ ਕਲਾਸ' ਦੀ ਗੱਲ ਮੇਰੇ ਅੰਦਰਲੇ ਵਿਦਿਆਰਥੀ ਨੂੰ ਹਮੇਸ਼ਾ ਜਾਗਦਾ ਰੱਖਦੀ ਹੈ। ਇਹ ਗੱਲ ਸਿਰਫ਼ ਪੱਤਰਕਾਰੀ ਦੇ ਵਿਦਿਆਰਥੀਆਂ 'ਤੇ ਹੀ ਨਹੀਂ, ਸਗੋਂ ਹਰ ਉਸ ਇਨਸਾਨ 'ਤੇ ਲਾਗੂ ਹੁੰਦੀ ਹੈ ਜੋ ਜ਼ਿੰਦਗੀ ਵਿਚ ਕੁਝ ਨਵਾਂ ਸਿੱਖਣਾ ਚਾਹੁੰਦਾ ਹੈ। ਸਾਨੂੰ ਸਾਰਿਆਂ ਨੂੰ 'ਚੰਗੇ ਬੱਚੇ' ਹੋਣ ਦੇ ਭਰਮ ਵਿਚੋਂ ਨਿਕਲ ਕੇ, ਇਕ ਅਜਿਹਾ 'ਵਿਦਿਆਰਥੀ' ਬਣਨਾ ਚਾਹੀਦਾ ਹੈ ਜੋ ਸੱਚ ਦੀ ਤਲਾਸ਼ ਵਿਚ ਸਵਾਲ ਪੁੱਛਣ ਦੀ ਜੁਰਅਤ ਰੱਖਦਾ ਹੋਵੇ।



# ਅੰਬਰ ਛੂੰਹਦੀਆਂ ਧੀਆਂ ਦੀ ਪਰਵਾਜ਼

ਦਲਬੀਰ ਸਿੰਘ ਧਾਲੀਵਾਲ

**ਧੀਆਂ** ਨੂੰ ਕਦੇ ਚਾਰਦੀਵਾਰੀ ਵਿੱਚ ਕੈਦ ਰੱਖ ਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਦੁਨੀਆ ਸਾਹਮਣੇ ਉਜਾਗਰ ਹੋਣ ਦਾ ਮੌਕਾ ਨਹੀਂ ਸੀ ਦਿੱਤਾ ਜਾਂਦਾ, ਪਰ 21ਵੀਂ ਸਦੀ ਦੇ ਇਸ ਆਧੁਨਿਕ ਦੌਰ ਵਿੱਚ ਮੌਕਾ ਮਿਲਣ 'ਤੇ ਉਹੀ ਧੀਆਂ ਆਪਣੀ ਯੋਗਤਾ ਦਾ ਲੋਹਾ ਮੰਨਵਾ ਰਹੀਆਂ ਹਨ। ਸਾਨੂੰ ਇਸ ਗੱਲ 'ਤੇ ਅਤਿ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਪ੍ਰਸ਼ਾਸਨਿਕ ਸੇਵਾਵਾਂ (ਯੂ ਪੀ ਐੱਸ ਸੀ) ਵਰਗੀਆਂ ਦੇਸ਼ ਦੀਆਂ ਸਭ ਤੋਂ ਔਖੀਆਂ ਪ੍ਰੀਖਿਆਵਾਂ ਤੋਂ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਤੀਜਿਆਂ ਦੀ ਮੈਰਿਟ ਸੂਚੀ ਤੱਕ ਸਾਡੀਆਂ ਧੀਆਂ ਮੋਹਰੀ ਪੁਜ਼ੀਸ਼ਨਾਂ ਹਾਸਲ ਕਰਕੇ ਆਪਣੀ ਕਾਬਲੀਅਤ ਦਾ ਪਰਚਮ ਲਹਿਰਾ ਰਹੀਆਂ ਹਨ। ਇਹ ਪ੍ਰਾਪਤੀਆਂ ਸਪੱਸ਼ਟ ਕਰਦੀਆਂ ਹਨ ਕਿ ਜੇਕਰ ਇਨ੍ਹਾਂ ਬੱਚੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਇਹ ਉੱਚ ਵਿੱਦਿਆ ਪ੍ਰਾਪਤ ਕਰਨ ਅਤੇ ਸਫਲਤਾ ਦੀਆਂ ਹੋਰ ਉਚਾਈਆਂ ਛੂਹਣ ਦੀ ਪੂਰੀ ਸਮਰੱਥਾ ਰੱਖਦੀਆਂ ਹਨ। ਧੀਆਂ ਦੀ ਇਸ ਬੇਮਿਸਾਲ ਕਾਮਯਾਬੀ ਨੇ ਸਮਾਜ ਦੇ ਉਸ ਰੂੜ੍ਹੀਵਾਦੀ ਵਰਗ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਜੋ ਕਦੇ ਇਹ ਮੰਨਦਾ ਸੀ ਕਿ ਧੀਆਂ ਤਾਂ ਬੇਗਾਨਾ ਧਨ ਹਨ ਅਤੇ ਇਨ੍ਹਾਂ ਨੇ ਵਿਆਹ ਕਰਵਾ ਕੇ ਅਗਲੇ ਘਰ ਚਲੇ ਜਾਣਾ ਹੈ, ਇਸ ਲਈ ਇਨ੍ਹਾਂ ਦੀ ਪੜ੍ਹਾਈ ਅਤੇ ਆਜ਼ਾਦੀ 'ਤੇ ਸਰਮਾਇਆ ਖ਼ਰਚ ਕਰਨ ਦਾ ਕੋਈ ਫ਼ਾਇਦਾ ਨਹੀਂ। ਅਜਿਹੀ ਸੌੜੀ ਵਿਚਾਰਧਾਰਾ ਰੱਖਣ ਵਾਲੇ ਲੋਕ ਹਮੇਸ਼ਾ ਪੁੱਤਰ ਦੀ ਦਾਤ ਲਈ ਲੋਚਦੇ ਸਨ, ਪਰ ਅੱਜ ਆਪਣੀ ਸੋਚ 'ਤੇ ਪਛਤਾਵਾ ਕਰ ਰਹੇ ਹਨ। ਦੂਜੇ ਪਾਸੇ ਅਜੋਕੇ ਸਮਾਜ ਦੀ ਤਲਖ਼ ਹਕੀਕਤ ਇਹ ਵੀ ਹੈ ਕਿ ਲੋੜ ਤੋਂ ਵੱਧ ਮਿਲੀ ਖੁੱਲ੍ਹ ਕਾਰਨ ਕਈ ਪਰਿਵਾਰਾਂ ਦੇ ਪੁੱਤਰ ਕੁਰਾਹੇ ਪੈ ਚੁੱਕੇ ਹਨ। ਉਹ ਮਾੜੀ ਸੰਗਤ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨਾ ਸਿਰਫ਼ ਆਪਣੇ ਮਾਪਿਆਂ ਦਾ ਨਾਮ ਬਦਨਾਮ ਕਰ ਰਹੇ ਹਨ, ਸਗੋਂ ਬੁਢਾਪੇ ਵਿੱਚ ਸਹਾਰਾ ਬਣਨ ਦੀ ਬਜਾਏ ਆਪਣੇ ਜਨਮਦਾਤਿਆਂ ਨੂੰ ਬਿਰਧ ਆਸ਼ਰਮਾਂ ਦੀਆਂ ਬਰੂਹਾਂ ਤੱਕ ਛੱਡ ਆਉਂਦੇ ਹਨ। ਇਸ ਦੇ ਉਲਟ ਧੀਆਂ ਅੱਜ ਵੀ ਮਾਪਿਆਂ ਦਾ ਪੂਰਾ ਖ਼ਿਆਲ ਰੱਖਦੀਆਂ ਹਨ। ਉਹ ਨਾ ਸਿਰਫ਼ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕਰ ਰਹੀਆਂ ਹਨ ਸਗੋਂ ਬੁਢਾਪੇ ਵੇਲੇ ਮਾਪਿਆਂ ਦੀ ਡੰਗੋਰੀ ਬਣ ਕੇ ਉਨ੍ਹਾਂ ਦਾ ਸੱਚਾ ਸਹਾਰਾ ਵੀ ਸਾਬਿਤ ਹੋ ਰਹੀਆਂ ਹਨ। ਧੀਆਂ ਦੀਆਂ ਪ੍ਰਾਪਤੀਆਂ ਨੇ ਸਮਾਜ ਦੇ ਕਈ ਪਿਛਾਂਹ-ਖਿੱਚੂ ਲੋਕਾਂ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਧੀਆਂ ਦੇ ਇਸ ਦਮਖ਼ਮ ਨੇ ਉਨ੍ਹਾਂ ਨੂੰ ਆਪਣੀ ਸੋਚ ਬਦਲਣ ਲਈ ਮਜਬੂਰ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਮਨਾਂ ਵਿੱਚ ਵੀ ਅਜਿਹੇ ਵਲਵਲੇ ਉੱਠਣ ਲੱਗੇ ਹਨ:

**ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ, ਇਹ ਭੁੱਲ ਕਿਉਂ ਜਾਵਣ ਲੋਕੀਂ।**
**ਧੀ ਜੰਮੀ ਹਾਏ ਪੱਥਰ ਜੰਮਿਆ, ਹਾਲ ਦੁਹਾਈ ਕਿਉਂ ਪਾਵਣ ਲੋਕੀਂ।**
**ਪੂਜ ਕੇ ਕੰਜਕਾਂ ਭਲਾ ਕਿਵੇਂ ਮੰਗਦੇ, ਸਿਰਫ਼ ਪੁੱਤਰਾਂ ਨੂੰ ਹੀ ਚਾਹਵਣ ਲੋਕੀਂ।**

ਇਹ ਸਾਰੇ ਤੱਥ ਕੋਈ ਮਨਘੜਤ ਕਹਾਣੀਆਂ ਜਾਂ ਕਹੀਆਂ-ਸੁਣੀਆਂ ਗੱਲਾਂ ਨਹੀਂ ਹਨ, ਸਗੋਂ ਹਾਲ ਹੀ ਵਿੱਚ ਐਲਾਨੇ ਗਏ ਵੱਖ-ਵੱਖ ਇਮਤਿਹਾਨਾਂ ਦੇ ਨਤੀਜੇ ਇਸ ਸੱਚ ਦੀ ਗਵਾਹੀ ਭਰਦੇ ਹਨ। ਮਿਸਾਲ ਵਜੋਂ, ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜਵਾਲ ਦੇ ਇੱਕ ਸਾਧਾਰਨ ਕਿਸਾਨ ਪਰਿਵਾਰ ਦੀ ਹੋਣਹਾਰ ਧੀ ਸਿਮਰਨਦੀਪ ਕੌਰ (ਪੁੱਤਰੀ ਸ. ਕੁਲਦੀਪ ਸਿੰਘ ਅਤੇ ਮਾਤਾ ਅਮਨਦੀਪ ਕੌਰ) ਨੇ ਦੇਸ਼ ਦੀ ਸਭ ਤੋਂ ਵੱਕਾਰੀ ਸਿਵਲ ਸੇਵਾਵਾਂ ਪ੍ਰੀਖਿਆ (ਯੂ ਪੀ ਐੱਸ ਸੀ) ਵਿੱਚੋਂ ਬਿਨਾਂ ਕਿਸੇ ਕੋਚਿੰਗ ਦੇ ਦੇਸ਼ ਭਰ ਵਿੱਚੋਂ 15ਵਾਂ ਅਤੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਸੀ ਬੀ ਐੱਸ ਈ ਦੀ ਦਸਵੀ ਜਮਾਤ ਦੇ ਨਤੀਜਿਆਂ ਵਿੱਚ ਵੀ ਕੁੜੀਆਂ ਨੇ ਮੋਹਰੀ ਰਹਿ ਕੇ ਆਪਣੀ ਸਰਦਾਰੀ ਕਾਇਮ ਰੱਖੀ ਹੈ। ਇਸ ਦੌਰਾਨ ਫ਼ਾਜ਼ਿਲਕਾ ਦੇ ਇੱਕ ਹੋਣਹਾਰ ਵਿਦਿਆਰਥੀ ਵੈਭਵ ਅਰੋੜਾ ਨੇ 500 ਵਿੱਚੋਂ 500 ਅੰਕ ਹਾਸਲ ਕਰਕੇ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜ਼ਿਕਰਯੋਗ ਹੈ ਕਿ ਜਿਨ੍ਹਾਂ ਇਲਾਕਿਆਂ (ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ ਅਤੇ ਫ਼ਾਜ਼ਿਲਕਾ) ਦੇ ਬੱਚੇ ਮੈਰਿਟ ਸੂਚੀ ਵਿੱਚ ਆਏ ਹਨ, ਉਹ ਪਟਿਆਲਾ, ਲੁਧਿਆਣਾ ਅਤੇ ਚੰਡੀਗੜ੍ਹ ਵਰਗੇ ਵਿਕਸਤ ਸ਼ਹਿਰਾਂ ਦੇ ਮੁਕਾਬਲੇ ਪੱਛੜੇ ਹੋਏ ਹੀ ਮੰਨੇ ਜਾਂਦੇ ਹਨ। ਇਸ ਦੇ ਬਾਵਜੂਦ ਇਨ੍ਹਾਂ ਸਾਧਾਰਨ ਖੇਤਰਾਂ ਦੇ ਬੱਚਿਆਂ ਦਾ ਮੋਹਰੀ ਰਹਿਣਾ ਵੱਡੀ ਪ੍ਰਾਪਤੀ ਹੈ। ਪੱਛੜੇ ਖੇਤਰਾਂ ਦੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿ ਕੇ ਸਖ਼ਤ ਮਿਹਨਤ ਕਰਦੇ ਹਨ, ਜਿਸ ਦਾ ਮਿੱਠਾ ਫਲ ਉਨ੍ਹਾਂ ਨੂੰ ਸਫਲਤਾ ਦੇ ਰੂਪ ਵਿੱਚ ਮਿਲਦਾ ਹੈ। ਜੇਕਰ ਧੀਆਂ ਦੀ ਯੋਗਤਾ ਦੀ ਪੜਚੋਲ ਕਰੀਏ ਤਾਂ ਪੁਲਾੜ ਦੇ ਖੇਤਰ ਵਿੱਚ ਕਲਪਨਾ ਚਾਵਲਾ ਅਤੇ ਖੇਡਾਂ ਦੇ ਮੈਦਾਨ ਵਿੱਚ ਪੀ.ਟੀ. ਊਸ਼ਾ ਤੇ ਪੀ.ਵੀ. ਸਿੰਧੂ ਵਰਗੀਆਂ ਖਿਡਾਰਨਾਂ ਨੇ ਨਾਮਣਾ ਖੱਟਿਆ ਹੈ। ਸ਼ਾਇਦ ਇਸੇ ਵਿਰਾਸਤ ਤੋਂ ਪ੍ਰੇਰਿਤ ਹੋ ਕੇ ਸਾਡੀਆਂ ਧੀਆਂ ਅੱਜ ਪੂਰੀ ਲਗਨ ਨਾਲ ਸੰਘਰਸ਼ ਕਰ ਰਹੀਆਂ ਹਨ। ਇਹ ਸਫਲ ਧੀਆਂ ਆਪਣੀਆਂ ਦੂਜੀਆਂ ਵਿਦਿਆਰਥਣ ਸਾਥਣਾਂ ਨੂੰ ਵੀ ਅੱਗੇ ਵਧਦੇ ਰਹਿਣ ਲਈ ਹੱਲਾਸ਼ੇਰੀ ਦਿੰਦੀਆਂ ਹਨ। ਸਾਡੀਆਂ ਸਭਨਾਂ ਧੀਆਂ ਨੂੰ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਤੋਂ ਪ੍ਰੇਰਨਾ ਲੈ ਕੇ ਨਵੇਂ ਦਿਸਹੱਦੇ ਸਿਰਜਣ ਲਈ ਅੱਗੇ ਵਧਣਾ ਚਾਹੀਦਾ ਹੈ।

# 'ਆਪ' ਪੰਜਾਬ ਨੇ ਚੋਣਾਂ ਤੋਂ ਪਹਿਲਾਂ ਵੋਟਰਾਂ ਦਾ ਧਰੁਵੀਕਰਨ ਕਰਨ ਲਈ ਭਾਜਪਾ 'ਤੇ ਡਰਾਉਣ-ਧਮਕਾਉਣ ਦੀ ਰਾਜਨੀਤੀ ਕਰਨ ਦਾ ਲਗਾਇਆ ਦੋਸ਼

> ➢ ਪੰਜਾਬ ਚੋਣਾਂ ਤੋਂ ਪਹਿਲਾਂ ਵੋਟਰਾਂ ਦੇ ਧਰੁਵੀਕਰਨ ਲਈ ਭਾਜਪਾ ਧਮਾਕਿਆਂ ਦਾ ਕਰ ਰਹੀ ਹੈ ਇਸਤੇਮਾਲ: ਅਰੋੜਾ
> ➢ ਪੰਜਾਬ ਕੋਈ ਟਰਾਫੀ ਨਹੀਂ, ਰਾਜ ਨੂੰ ਅਸਥਿਰ ਕਰਨ ਲਈ ਭਾਜਪਾ ਦੀਆਂ ਵੰਡ ਪਾਊ ਚਾਲਾਂ ਸ਼ਰਮਨਾਕ: ਬੈਂਸ

ਚੰਡੀਗੜ੍ਹ, 6 ਮਈ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੰਗਲਵਾਰ ਨੂੰ ਜਲੰਧਰ ਤੇ ਅੰਮ੍ਰਿਤਸਰ ਵਿੱਚ ਹੋਏ ਤਾਜ਼ਾ ਧਮਾਕਿਆਂ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੀਆਂ ਵਿਰੋਧੀ ਪਾਰਟੀਆਂ ਦੀਆਂ ਕੋਸ਼ਿਸ਼ਾਂ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਦੀ ਸਿਆਸੀ ਲਾਹੇ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਦੋਸ਼ ਲਾਇਆ ਕਿ ਭਾਜਪਾ ਦਾ ਚੋਣਾਂ ਤੋਂ ਪਹਿਲਾਂ ਡਰ ਅਤੇ ਵੰਡ ਪੈਦਾ ਕਰਨ ਦਾ ਇਤਿਹਾਸ ਰਿਹਾ ਹੈ। ਅਰੋੜਾ ਨੇ ਕਿਹਾ ਕਿ ਦੇਸ਼ ਭਰ ਵਿੱਚ ਅਜਿਹਾ ਰੁਝਾਨ ਦੇਖਿਆ ਗਿਆ ਹੈ, ਜਿੱਥੇ ਚੋਣਾਂ ਤੋਂ ਪਹਿਲਾਂ ਵੋਟਰਾਂ ਦਾ ਧਰੁਵੀਕਰਨ ਕਰਨ ਲਈ ਕਾਨੂੰਨ ਵਿਵਸਥਾ, ਧਰਮ ਜਾਂ ਸੁਰੱਖਿਆ ਨਾਲ ਸਬੰਧਤ ਘਟਨਾਵਾਂ ਦਾ ਸਹਾਰਾ ਲਿਆ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੀਆਂ ਚਾਲਾਂ ਅਕਸਰ ਚੋਣ ਲਾਭ ਲਈ ਅਸ਼ਾਂਤੀ ਪੈਦਾ ਕਰਨ ਅਤੇ ਭਾਈਚਾਰਿਆਂ ਨੂੰ ਵੰਡਣ ਲਈ ਰਚੀਆਂ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਚੋਣਾਂ ਵੱਲ ਵਧ ਰਿਹਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਲੋਕ-ਪੱਖੀ ਕੰਮਾਂ ਤੋਂ ਭਾਜਪਾ ਘਬਰਾਈ ਹੋਈ ਹੈ। ਇਸੇ ਲਈ ਅਜਿਹੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਸੀਮਾ ਸੁਰੱਖਿਆ ਬਲ (ਬੀਐਸਐਫ) ਦੇ ਅਧਿਕਾਰ ਖੇਤਰ ਨੂੰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰਨ ਦੇ ਮੱਦੇਨਜ਼ਰ ਅਜਿਹੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ। ਇਹ ਨੋਟ ਕਰਦਿਆਂ ਕਿ ਅੰਮ੍ਰਿਤਸਰ ਅਤੇ ਜਲੰਧਰ ਦੋਵੇਂ ਇਸ ਘੇਰੇ ਵਿੱਚ ਆਉਂਦੇ ਹਨ, ਅਰੋੜਾ ਨੇ ਕਿਹਾ ਕਿ ਜਵਾਬਦੇਹੀ ਕੇਂਦਰੀ ਏਜੰਸੀਆਂ ਅਤੇ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਹੈ। ਅਰੋੜਾ ਨੇ ਅੱਤਵਾਦ ਦੀਆਂ ਯਾਦਾਂ ਤਾਜ਼ਾ ਕਰਕੇ ਪੰਜਾਬ ਨੂੰ ਅਸਥਿਰ ਕਰਨ ਅਤੇ ਡਰ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵਿਰੁੱਧ ਵੀ ਚੇਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬੀ ਇਨ੍ਹਾਂ "ਨਾਪਾਕ ਇਰਾਦਿਆਂ "ਤੋਂ ਜਾਣੂ ਹਨ ਅਤੇ ਉਹ ਵੰਡ ਪਾਊ ਰਾਜਨੀਤੀ ਦਾ ਸ਼ਿਕਾਰ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਫਿਰਕੂ ਸਦਭਾਵਨਾ ਦੀ ਧਰਤੀ ਹੈ ਜਿੱਥੇ ਕਾਲੇ ਦੌਰ ਦੌਰਾਨ ਵੀ ਨਫ਼ਰਤ ਦੇ ਬੀਜ ਕਦੇ ਨਹੀਂ ਪੁੰਗਰੇ। ਲੋਕਾਂ ਨੂੰ ਧਾਰਮਿਕ ਲੀਹਾਂ 'ਤੇ ਵੰਡਣ ਦੀਆਂ ਕੋਸ਼ਿਸ਼ਾਂ ਇੱਥੇ ਕਦੇ ਸਫ਼ਲ ਨਹੀਂ ਹੋਣਗੀਆਂ।

ਪੰਜਾਬ ਦੀ ਏਕਤਾ ਅਤੇ ਧਰਮ ਨਿਰਪੱਖਤਾ ਦੀ ਵਿਰਾਸਤ ਨੂੰ ਦੁਹਰਾਉਂਦੇ ਹੋਏ, ਅਰੋੜਾ ਨੇ ਭਾਜਪਾ ਅਤੇ ਕੇਂਦਰ ਸਰਕਾਰ ਨੂੰ ਅਜਿਹੀਆਂ ਚਾਲਾਂ ਤੋਂ ਗੁਰੇਜ਼ ਕਰਨ ਅਤੇ ਸੂਬੇ ਦੇ ਸਮਾਜਿਕ ਤਾਣੇ-ਬਾਣੇ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਇਕਜੁੱਟ ਰਹਿਣਗੇ।

ਪੰਜਾਬ ਦੇ ਕੈਬਨਿਟ ਮੰਤਰੀਆਂ ਹਰਭਜਨ ਸਿੰਘ ਈਟੀਓ, ਡਾ. ਬਲਬੀਰ ਸਿੰਘ ਅਤੇ ਹਰਜੋਤ ਸਿੰਘ ਬੈਂਸ ਨੇ ਵੀ ਹਾਲ ਹੀ ਵਿੱਚ ਹੋਏ ਧਮਾਕਿਆਂ ਨੂੰ ਲੈ ਕੇ ਭਾਜਪਾ ਅਤੇ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਇਸ ਦੀ ਜਵਾਬਦੇਹੀ ਕੇਂਦਰੀ ਏਜੰਸੀਆਂ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਬੀਐਸਐਫ ਦੇ ਅਧਿਕਾਰ ਖੇਤਰ ਨੂੰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਦਿੱਤਾ ਸੀ, ਜਿਸ ਨਾਲ ਅੰਮ੍ਰਿਤਸਰ ਅਤੇ ਜਲੰਧਰ ਵਰਗੇ ਖੇਤਰ ਇਸ ਦੇ ਦਾਇਰੇ ਵਿੱਚ ਆ ਗਏ ਹਨ। ਇਸ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਸੁਰੱਖਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਦੀ ਜ਼ਿੰਮੇਵਾਰੀ ਸਿੱਧੀ ਕੇਂਦਰ 'ਤੇ ਪੈਂਦੀ ਹੈ। ਮੰਤਰੀਆਂ ਨੇ ਅੱਗੇ ਕਿਹਾ ਕਿ ਰਾਜਨੀਤਿਕ ਲਾਹੇ ਲਈ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਕਦੇ ਵੀ ਕਾਮਯਾਬ ਨਹੀਂ ਹੋਣਗੀਆਂ, ਕਿਉਂਕਿ ਸੂਬੇ ਦੇ ਲੋਕ ਅਜਿਹੀਆਂ ਵੰਡ ਪਾਊ ਚਾਲਾਂ ਵਿਰੁੱਧ ਇਕਜੁੱਟ ਅਤੇ ਚੌਕਸ ਹਨ। ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਿਆਸੀ ਲਾਹੇ ਲਈ ਪੰਜਾਬ ਨੂੰ ਅਸਥਿਰ ਕਰਨ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਰਾਜ "ਕੋਈ ਟਰਾਫੀ ਨਹੀਂ ਬਲਕਿ ਇੱਕ ਭਾਵਨਾਤਮਕ ਪਛਾਣ ਹੈ।" ਅਮਨ ਅਰੋੜਾ ਵੱਲੋਂ ਉਠਾਈਆਂ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਬੈਂਸ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਡਰ, ਅਸ਼ਾਂਤੀ ਅਤੇ ਧਰੁਵੀਕਰਨ ਪੈਦਾ ਕਰਨ ਦੇ ਉਦੇਸ਼ ਨਾਲ ਕੀਤੀਆਂ ਅਜਿਹੀਆਂ ਚਾਲਾਂ ਅਤਿ ਗੈਰ-ਜ਼ਿੰਮੇਵਾਰਾਨਾ ਅਤੇ ਖ਼ਤਰਨਾਕ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਰਾਸਤ ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਦਿੱਤੀਆਂ ਅਥਾਹ ਕੁਰਬਾਨੀਆਂ 'ਤੇ ਉਸਰੀ ਹੈ ਅਤੇ ਇਸ ਨੂੰ ਚੋਣ ਇੱਛਾਵਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਭਾਜਪਾ ਵੱਲੋਂ "ਬੰਗਾਲ ਵਾਂਗ ਪੰਜਾਬ ਜਿੱਤਣ'' ਦੇ ਦਾਅਵਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਬੈਂਸ ਨੇ ਇਨ੍ਹਾਂ ਟਿੱਪਣੀਆਂ ਨੂੰ ਸ਼ਰਮਨਾਕ ਅਤੇ ਗੈਰ-ਸੰਵੇਦਨਸ਼ੀਲ ਕਰਾਰ ਦਿੱਤਾ ਅਤੇ ਕਿਹਾ ਕਿ ਪੰਜਾਬੀ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਆਪਣੀ ਏਕਤਾ ਤੇ ਸ਼ਾਂਤੀ ਨੂੰ ਕਦੇ ਵੀ ਭੰਗ ਨਹੀਂ ਹੋਣ ਦੇਣਗੇ।

## ਸੂਬੇ ਦੀ ਨਵੀਂ ਭਾਜਪਾ ਸਰਕਾਰ ਦਾ ਸਹੁੰ ਚੁੱਕ

ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਹੋਈਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਹੂੰਝਾ ਫੇਰੂ ਜਿੱਤ ਦਰਜ ਕਰਦਿਆਂ ਸੂਬੇ ਦੀ ਸਿਆਸੀ ਤਸਵੀਰ ਪੂਰੀ ਤਰ੍ਹਾਂ ਬਦਲ ਦਿੱਤੀ ਹੈ। ਇਸ ਜਿੱਤ ਨਾਲ ਸੂਬੇ ਵਿੱਚ ਪਿਛਲੇ 15 ਸਾਲਾਂ ਤੋਂ ਚੱਲ ਰਹੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੇ ਸ਼ਾਸਨ ਦਾ ਅੰਤ ਹੋ ਗਿਆ ਹੈ।

ਸਾਲ 2011 ਵਿੱਚ ਤ੍ਰਿਣਮੂਲ ਕਾਂਗਰਸ ਨੇ ਖੱਬੇ ਪੱਖੀਆਂ ਦੇ 34 ਸਾਲਾਂ ਦੇ ਕਿਲ੍ਹੇ ਨੂੰ ਢਾਹ ਕੇ ਸੱਤਾ ਸੰਭਾਲੀ ਸੀ ਅਤੇ ਉਸ ਤੋਂ ਬਾਅਦ ਲਗਾਤਾਰ ਤਿੰਨ ਵਾਰ ਚੋਣਾਂ ਜਿੱਤ ਕੇ ਰਾਜ ਕੀਤਾ। ਪਰ ਇਸ ਵਾਰ ਭਾਜਪਾ ਨੇ ਮਜ਼ਬੂਤ ਚੋਣ ਪ੍ਰਚਾਰ ਅਤੇ ਸਥਾਨਕ ਮੁੱਦਿਆਂ ਨੂੰ ਉਭਾਰ ਕੇ ਟੀ ਐਮ ਸੀ ਦੇ ਇਸ ਲੰਬੇ ਸਫ਼ਰ ਨੂੰ ਰੋਕ ਦਿੱਤਾ ਹੈ।

ਇਨ੍ਹਾਂ ਚੋਣਾਂ ਦੌਰਾਨ ਪੱਛਮੀ ਬੰਗਾਲ ਵਿੱਚ ਸਿਆਸੀ ਮਾਹੌਲ ਕਾਫੀ ਭਖਿਆ ਰਿਹਾ ਸੀ ਅਤੇ ਕਈ ਥਾਵਾਂ 'ਤੇ ਹਿੰਸਕ ਘਟਨਾਵਾਂ ਵੀ ਸਾਹਮਣੇ ਆਈਆਂ ਸਨ। ਚੋਣ ਪ੍ਰਚਾਰ ਦੌਰਾਨ ਭਾਜਪਾ ਨੇ 'ਅਸਲ ਪਰਿਵਰਤਨ' ਦਾ ਨਾਅਰਾ ਦਿੱਤਾ ਸੀ, ਜਿਸ ਨੂੰ ਜਨਤਾ ਵੱਲੋਂ ਵੱਡਾ ਸਮਰਥਨ ਮਿਲਿਆ। ਹੁਣ 9 ਮਈ ਨੂੰ ਹੋਣ ਵਾਲੇ ਇਸ ਸਮਾਗਮ ਵਿੱਚ ਦੇਸ਼ ਦੇ ਕਈ ਦਿੱਗਜ ਨੇਤਾਵਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

## ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਵਾਲੇ

ਵਿਅਕਤੀ ਨੂੰ ਹੁਣ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਅੱਗੇ ਕਿਹਾ, "ਸਜ਼ਾ ਦੇ ਡਰੋਂ, ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਸਮੇਤ ਵਿਰੋਧੀ ਧਿਰ ਦੇ ਚੋਟੀ ਦੇ ਆਗੂ ਪਹਿਲਾਂ ਹੀ ਭੱਜ ਰਹੇ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੁਰਾਣੇ ਸਾਸਕਾਂ ਦਾ ਬੇਅਦਬੀ ਰੋਕਣ ਲਈ ਕਾਨੂੰਨ ਬਣਾਉਣ ਦਾ ਨਾ ਤਾਂ ਇਰਾਦਾ ਸੀ ਅਤੇ ਨਾ ਹੀ ਇੱਛਾ ਸਕਤੀ, ਜਿਸ ਕਾਰਨ ਉਨ੍ਹਾਂ ਦੇ ਸਾਸਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਰ-ਵਾਰ ਵਾਪਰੀਆਂ। ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ ਹੁਣ ਇਕ ਅਜਿਹਾ ਕਾਨੂੰਨ ਪਾਸ ਕੀਤਾ ਹੈ, ਜੋ ਇਸ ਨੂੰ ਹਮੇਸਾ ਲਈ ਖ਼ਤਮ ਕਰ ਦੇਵੇਗਾ ਕਿਉਂਕਿ ਕੋਈ ਵੀ ਦੁਬਾਰਾ ਅਜਿਹਾ ਘਿਨਾਉਣਾ ਅਪਰਾਧ ਕਰਨ ਦੀ ਹਿੰਮਤ ਨਹੀਂ ਕਰੇਗਾ।" ਅਕਾਲੀ ਲੀਡਰਸ਼ਿਪ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਭਰ ਵਿੱਚ ਬੇਅਦਬੀ ਦੀਆਂ ਘਟਨਾਵਾਂ ਦਾ ਵਿਰੋਧ ਕਰ ਰਹੇ ਨਿਰਦੋਸ਼ ਲੋਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਸਨ।

ਨਸ਼ਿਆਂ ਦੇ ਖ਼ਤਰੇ ਨੂੰ ਲੈ ਕੇ ਅਕਾਲੀ ਲੀਡਰਸ਼ਿਪ 'ਤੇ ਨਿਸਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀਆਂ 'ਤੇ ਪੀੜ੍ਹੀਆਂ ਦੀ ਨਸਲਕੁਸ਼ੀ ਦਾ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਨਸ਼ਿਆਂ ਦੇ ਵਪਾਰ ਨੂੰ ਸਰਪ੍ਰਸਤੀ ਦਿੱਤੀ, ਜੋ ਉਨ੍ਹਾਂ ਦੇ ਲੰਬੇ ਕੁਸਾਸਨ ਦੌਰਾਨ ਵਧਿਆ-ਫੁੱਲਿਆ।" ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਹੱਥ ਪੰਜਾਬ ਦੇ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ, ਕਿਉਂਕਿ ਨੌਜਵਾਨ ਪਿਛਲੀਆਂ ਸਰਕਾਰਾਂ ਦੌਰਾਨ ਸਰਕਾਰੀ ਗੱਡੀਆਂ ਵਿੱਚ ਸਪਲਾਈ ਕੀਤੇ ਗਏ ਨਸ਼ਿਆਂ ਦਾ ਸ਼ਿਕਾਰ ਹੋਏ। ਉਨ੍ਹਾਂ ਕਿਹਾ, "ਇਨ੍ਹਾਂ ਦੇ ਗੁਨਾਹ ਮੁਆਫ਼ ਨਹੀਂ ਕੀਤੇ ਜਾ ਸਕਦੇ ਅਤੇ ਪੰਜਾਬ ਦੇ ਲੋਕ ਪੀੜ੍ਹੀਆਂ ਨੂੰ ਤਬਾਹ ਕਰਨ ਵਾਲੇ ਇਨ੍ਹਾਂ ਆਗੂਆਂ ਨੂੰ ਕਦੇ ਮੁਆਫ਼ ਨਹੀਂ ਕਰ ਸਕਦੇ।"

ਬੇਅਦਬੀ ਦੀਆਂ ਘਟਨਾਵਾਂ ਰਾਹੀਂ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਅਕਾਲੀ ਦਲ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਗੁਰਬਾਣੀ ਦੇ ਨਾਮ 'ਤੇ ਵੋਟਾਂ ਮੰਗੀਆਂ ਅਤੇ ਨਾਲ ਹੀ ਗੁਰੂਆਂ ਦੀ ਬਾਣੀ ਦਾ ਨਿਰਾਦਰ ਕੀਤਾ। ਸਾਬਕਾ ਉਪ ਮੁੱਖ ਮੰਤਰੀ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਅਕਾਲੀ ਆਗੂ ਅਕਸਰ ਆਪਣੇ ਕਾਰਜਕਾਲ ਦੌਰਾਨ ਵਿਕਾਸ ਦਾ ਮਾਣ ਕਰਦੇ ਹਨ ਪਰ ਕੋਟਕਪੂਰਾ, ਬਹਿਬਲ ਕਲਾਂ ਅਤੇ ਹੋਰ ਘਟਨਾਵਾਂ ਨੂੰ ਜਾਣ-ਬੁੱਝ ਕੇ ਨਜਰਅੰਦਾਜ ਕਰਦੇ ਹਨ, ਜਿੱਥੇ ਬੇਅਦਬੀ ਹੋਈ ਅਤੇ ਮਾਸੂਮ ਲੋਕਾਂ ਦੀਆਂ ਜਾਨਾਂ ਗਈਆਂ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਅਕਾਲੀ ਲੀਡਰਸ਼ਿਪ ਨੇ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ ਅਤੇ ਸੂਬੇ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਵਾਲੇ ਮਾਫੀਆ ਨੂੰ ਸਰਪ੍ਰਸਤੀ ਦਿੱਤੀ। ਉਨ੍ਹਾਂ ਕਿਹਾ, "ਅਕਾਲੀਆਂ ਨੇ ਪੰਜਾਬੀਆਂ ਨੂੰ ਭਾਵਨਾਤਮਕ ਤੌਰ 'ਤੇ ਤੋੜਿਆ ਅਤੇ ਮਾਫੀਆ ਨੂੰ ਬਚਾਇਆ, ਜਿਨ੍ਹਾਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਆਪਣੇ ਰਾਜ ਦੌਰਾਨ ਨਸ਼ਿਆਂ ਦੇ ਵਪਾਰ ਨੂੰ ਉਤਸਾਹਿਤ ਕਰਨ ਵਿੱਚ ਅਕਾਲੀਆਂ ਦੀ ਭੂਮਿਕਾ ਲੋਕਾਂ ਨਾਲ ਵਿਸ਼ਵਾਸਘਾਤ ਦੇ ਬਰਾਬਰ ਹੈ।"

ਸੁਖਬੀਰ ਸਿੰਘ ਬਾਦਲ 'ਤੇ ਵਿਅੰਗ ਕਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਜਨਤਾ ਵਿੱਚ ਆਪਣਾ ਆਧਾਰ ਪੂਰੀ ਤਰ੍ਹਾਂ ਗੁਆ ਦਿੱਤਾ ਹੈ ਅਤੇ ਹੁਣ ਰੈਲੀਆਂ ਵਿੱਚ ਭੀੜ ਜੁਟਾਉਣ ਲਈ ਤਨਖਾਹ ਵਾਲੇ ਕਾਮੇ ਬੁਲਾਏ ਜਾਂਦੇ ਹਨ। ਉਨ੍ਹਾਂ ਕਿਹਾ, "ਹਰ ਅਕਾਲੀ ਰੈਲੀ ਵਿੱਚ ਉਹੀ ਚਿਹਰੇ ਦਿਸਦੇ ਹਨ।" ਉਨ੍ਹਾਂ ਕਿਹਾ ਕਿ ਜਿਹੜੇ ਆਗੂ ਕਦੇ ਦਾਅਵਾ ਕਰਦੇ ਸਨ ਕਿ ਉਹ 25 ਸਾਲ ਪੰਜਾਬ 'ਤੇ ਰਾਜ ਕਰਨਗੇ, ਉਨ੍ਹਾਂ ਨੂੰ ਹੁਣ ਪੰਜਾਬ ਦੇ ਸਿਆਣੇ ਅਤੇ ਦਲੇਰ ਲੋਕਾਂ ਨੇ ਸਿਆਸੀ ਗੁਮਨਾਮੀ ਵਿੱਚ ਧੱਕ ਦਿੱਤਾ ਹੈ। ਅਕਾਲੀ ਲੀਡਰਸ਼ਿਪ ਨੂੰ ਮੌਕਾਪ੍ਰਸਤ ਦੱਸਦਿਆਂ ਉਨ੍ਹਾਂ ਕਿਹਾ ਕਿ ਉਹ ਸਿਆਸੀ ਸਹੂਲਤ ਅਨੁਸਾਰ ਆਪਣਾ ਸਟੈਂਡ ਅਤੇ ਵਿਚਾਰਧਾਰਾ ਬਦਲਦੇ ਹਨ।

ਇਕ ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਅਦਬੀ ਲਈ ਜ਼ਿੰਮੇਵਾਰ ਆਗੂ ਇਕ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਅਤੇ ਆਪਣੀਆਂ ਗਲਤੀਆਂ ਜਨਤਕ ਤੌਰ 'ਤੇ ਮੰਨੀਆਂ ਸਨ ਪਰ ਬਾਅਦ ਵਿੱਚ ਜਦੋਂ ਇਹ ਉਨ੍ਹਾਂ ਦੇ ਸਿਆਸੀ ਹਿੱਤਾਂ ਦੇ ਅਨੁਕੂਲ ਨਹੀਂ ਰਿਹਾ ਤਾਂ ਉਹ ਮੁੱਕਰ ਗਏ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਪੰਜਾਬ ਦੇ ਲੋਕ ਉਨ੍ਹਾਂ ਦਾ ਅਸਲੀ ਚਿਹਰਾ ਜਾਣਦੇ ਹਨ ਅਤੇ ਸਮਝਦੇ ਹਨ ਕਿ ਕਿਵੇਂ ਉਨ੍ਹਾਂ ਨੇ ਰਾਜਨੀਤਿਕ ਚਾਲਾਂ ਰਾਹੀਂ ਜਨਤਾ ਨੂੰ ਵਾਰ-ਵਾਰ ਗੁਮਰਾਹ ਕੀਤਾ ਹੈ।" ਉਨ੍ਹਾਂ ਅੱਗੇ ਕਿਹਾ ਕਿ ਜਿਨ੍ਹਾਂ ਆਗੂਆਂ ਨੂੰ ਕਦੇ ਰਾਜਨੀਤਿਕ ਤੌਰ 'ਤੇ ਅਜਿੱਤ ਮੰਨਿਆ ਜਾਂਦਾ ਸੀ, ਅੱਜ ਉਨ੍ਹਾਂ ਨੂੰ ਪਾਰਟੀ ਕਮੇਟੀ ਬਣਾਉਣ ਲਈ ਪੰਜ ਮੈਂਬਰ ਵੀ ਨਹੀਂ ਮਿਲ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਚੇਤੇ ਕਰਵਾਇਆ ਕਿ ਪੁਰਾਣੇ ਸਾਸਕਾਂ ਨੇ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ ਅਤੇ ਨਸ਼ਾ ਤਸਕਰਾਂ ਨੂੰ ਬਚਾਇਆ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਵੱਲ ਧੱਕਿਆ ਗਿਆ। ਉਨ੍ਹਾਂ ਕਿਹਾ, "ਪੰਜਾਬ ਦੇ ਲੋਕ ਅਕਾਲੀਆਂ ਨੂੰ ਇਨ੍ਹਾਂ ਗੁਨਾਹਾਂ ਲਈ ਕਦੇ ਮੁਆਫ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਇਕ ਹੋਰ ਢੁਕਵਾਂ ਸਬਕ ਸਿਖਾਉਣਗੇ।" ਉਨ੍ਹਾਂ ਕਿਹਾ ਕਿ ਵਾਰ-ਵਾਰ ਚੁਣੇ ਜਾਣ ਦੇ ਬਾਵਜੂਦ ਅਕਾਲੀਆਂ ਨੇ ਪੰਜਾਬ ਨਾਲ ਧੋਖਾ ਕੀਤਾ ਅਤੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ। ਉਨ੍ਹਾਂ ਅੱਗੇ ਕਿਹਾ, "ਉਨ੍ਹਾਂ ਨੇ ਰਾਜਨੀਤਿਕ ਹਿੱਤਾਂ ਲਈ ਧਰਮ ਦੀ ਦੁਰਵਰਤੋਂ ਕੀਤੀ ਅਤੇ ਲੋਕ ਇਸ ਲਈ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰ ਸਕਦੇ।"

ਇਸ ਕਾਨੂੰਨ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਖੁਸ਼ਕਿਸਮਤ ਹੈ ਕਿ ਉਸ ਨੂੰ ਅਜਿਹਾ ਇਤਿਹਾਸਕ ਐਕਟ ਪਾਸ ਕਰਨ ਦੀ ਜ਼ਿੰਮੇਵਾਰੀ ਮਿਲੀ। ਉਨ੍ਹਾਂ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਪੰਜਾਬ ਵਿੱਚ ਸਾਂਤੀ, ਭਾਈਚਾਰਾ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ।" ਉਨ੍ਹਾਂ ਕਿਹਾ ਕਿ ਇਹ ਐਕਟ ਅਪਰਾਧ ਦੇ ਦੋਸੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਲਈ ਮਿਸਾਲੀ ਸਜਾ ਯਕੀਨੀ ਬਣਾਉਂਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਕਾਨੂੰਨ ਭਵਿੱਖ ਵਿੱਚ ਵਾਪਰਨ ਵਾਲੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਲਈ ਪਿਤਾ ਵਾਂਗ ਹਨ ਅਤੇ ਇਸ ਦੀ ਪਵਿੱਤਰਤਾ ਦੀ ਰਾਖੀ ਕਰਨਾ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਲੋਕ ਇਸ ਕਾਨੂੰਨ ਦੇ ਲਾਗੂ ਹੋਣ 'ਤੇ ਧੰਨਵਾਦ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ। ਉਨ੍ਹਾਂ ਕਿਹਾ, "ਇਸ ਇਤਿਹਾਸਕ ਐਕਟ ਨੂੰ ਪਾਸ ਕਰਨ ਲਈ ਸਾਨੂੰ ਤਾਕਤ ਅਤੇ ਹਿੰਮਤ ਬਖ਼ਸ਼ਣ ਲਈ ਪਰਮਾਤਮਾ ਦਾ ਧੰਨਵਾਦ ਕਰਨ ਲਈ ਮੈਂ ਸ੍ਰੀ ਆਨੰਦਪੁਰ ਸਾਹਿਬ ਤੋਂ ਇਹ ਸ਼ੁਕਰਾਨਾ ਯਾਤਰਾ ਸ਼ੁਰੂ ਕੀਤੀ ਹੈ।" ਉਨ੍ਹਾਂ ਕਿਹਾ ਕਿ 9 ਮਈ ਤੱਕ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਦਮਦਮਾ ਸਾਹਿਬ, ਮਸਤੂਆਣਾ ਸਾਹਿਬ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋਣਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯਾਤਰਾ ਦਾ ਇੱਕੋ ਇੱਕ ਉਦੇਸ ਪੰਜਾਬ ਸਰਕਾਰ ਨੂੰ ਇਸ ਮਹੱਤਵਪੂਰਨ ਕਾਨੂੰਨ ਨੂੰ ਲਾਗੂ ਕਰਨ ਦੇ ਯੋਗ ਬਣਾਉਣ ਲਈ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਹੈ। ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀ ਸੇਵਾ ਲਈ ਵਚਨਬੱਧ ਹਨ। ਉਨ੍ਹਾਂ ਕਿਹਾ, "ਦੂਜੇ ਆਗੂ ਮੌਸਮ ਦੇਖਣ ਤੋਂ ਬਾਅਦ ਹੀ ਬਾਹਰ ਨਿਕਲਦੇ ਹਨ ਪਰ ਮੈਂ ਲੋਕਾਂ ਦੀ ਭਲਾਈ ਲਈ ਲੋਕਾਂ ਵਿੱਚ ਹੀ ਰਹਿੰਦਾ ਹਾਂ।"

## 'ਫੁੱਟ ਪਾਊ ਸਿਆਸਤ ਤੇ ਫਿਰਕੂ ਟਕਰਾਅ ਪੈਦਾ

'ਸਰਬੱਤ ਦੇ ਭਲੇ' ਦਾ ਮਾਰਗ ਦਿਖਾਉਂਦਾ ਹੈ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਰਾਖੀ ਅਤੇ ਜਨਤਾ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਡਾ ਕੰਮ ਨਿਰੰਤਰ ਜਾਰੀ ਰਹੇਗਾ।

"ਸੁਕਰਾਨਾ ਯਾਤਰਾ" ਦੌਰਾਨ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਤਾਂ ਆਪਣਾ ਫ਼ਰਜ਼ ਸਮਝਦਿਆਂ ਸਾਡੇ ਮਹਾਨ ਸਹੀਦਾਂ ਦੇ ਦਰਸਾਏ ਮਾਰਗ 'ਤੇ ਚੱਲ ਰਹੀ ਹੈ, ਪਰ ਸਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਦੇਖਿਆ ਗਿਆ ਆਜਾਦੀ ਦਾ ਸੁਪਨਾ ਅਜੇ ਵੀ ਅਧੂਰਾ ਹੈ। ਇਹ ਉਹ ਭਾਰਤ ਨਹੀਂ ਹੈ ਜਿਸ ਲਈ ਸਾਡੇ ਸਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਅੱਜ ਫੁੱਟ ਪਾਊ ਰਾਜਨੀਤੀ ਅਤੇ ਭਾਈਚਾਰਿਆਂ ਵਿੱਚ ਟਕਰਾਅ ਪੈਦਾ ਕਰਨ ਦੀਆਂ ਲਗਾਤਾਰ ਕੋਸ਼ਿਸਾਂ ਕੀਤੀਆਂ ਜਾ ਰਹੀਆਂ ਹਨ। ਇਹ ਲੋਕਤੰਤਰ ਅਤੇ ਰਾਸਟਰਵਾਦ ਦੀ ਭਾਵਨਾ ਦੇ ਵਿਰੁੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਜਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ ਅਤੇ ਸਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਅਜਾਈਂ ਨਹੀਂ ਜਾਣ ਦੇਵੇਗੀ। ਉਨ੍ਹਾਂ ਕਿਹਾ ਕਿ ਇੱਕ ਵਿਸਵ ਪੱਧਰੀ ਅਜਾਇਬ ਘਰ ਬਣਾਇਆ ਜਾ ਰਿਹਾ ਹੈ ਤਾਂ ਜੋ ਦੁਨੀਆ ਭਰ ਦੇ ਲੋਕ ਇਸ ਦਾ ਦੌਰਾ ਕਰਨ ਅਤੇ ਉਨ੍ਹਾਂ ਨੂੰ ਪਤਾ ਲੱਗੇ ਕਿ ਭਾਰਤ ਦੀ ਆਜਾਦੀ ਤੋਹਫ਼ਿਆਂ ਜਾਂ ਮਿਹਰਬਾਨੀਆਂ ਨਾਲ ਨਹੀਂ, ਸਗੋਂ ਸਹੀਦ-ਏ-ਆਜਮ ਭਗਤ ਸਿੰਘ, ਸਹੀਦ ਰਾਜਗੁਰੂ ਅਤੇ ਸਹੀਦ ਸੁਖਦੇਵ ਵਰਗੇ ਅਨਮੋਲ ਹੀਰਿਆਂ ਦੀਆਂ ਮਹਾਨ ਕੁਰਬਾਨੀਆਂ ਰਾਹੀਂ ਹਾਸਲ ਕੀਤੀ ਗਈ ਸੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕ ਕੇ "ਸੁਕਰਾਨਾ ਯਾਤਰਾ" ਦੀ ਸੁਰੂਆਤ ਕੀਤੀ ਹੈ, ਜਿਸ ਦਾ ਸਰਧਾਲੂਆਂ ਨੇ ਫੁੱਲਾਂ ਅਤੇ ਸਿਰੋਪਾਓ ਨਾਲ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਸ ਸ਼ੁਕਰਾਨੇ ਦਾ ਹੱਕਦਾਰ ਕੋਈ ਵਿਅਕਤੀ ਵਿਸ਼ੇਸ਼ ਨਹੀਂ, ਸਗੋਂ ਉਹ ਪ੍ਰਮਾਤਮਾ ਹੈ, ਜਿਸ ਨੇ ਪੰਜਾਬ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ।

"ਸਰਬਸਕਤੀਮਾਨ ਪ੍ਰਮਾਤਮਾ ਨੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆਉਣ ਅਤੇ ਲਾਗੂ ਕਰਨ ਦਾ ਬਲ ਬਖ਼ਸ਼ਿਆ ਹੈ ਅਤੇ ਅਸੀਂ ਪ੍ਰਮਾਤਮਾ ਵੱਲੋਂ ਸਾਨੂੰ ਦਿੱਤੀ ਇਸ ਜ਼ਿੰਮੇਵਾਰੀ ਲਈ ਸ਼ੁਕਰਾਨਾ ਕਰਨ ਵਾਸਤੇ ਇਸ ਯਾਤਰਾ 'ਤੇ ਚੱਲੇ ਹਾਂ।

ਲੋਕਾਂ, ਖਾਸ ਕਰਕੇ ਮਾਵਾਂ ਤੇ ਭੈਣਾਂ ਦਾ ਧੰਨਵਾਦ ਕਰਦਿਆਂ ਜੋ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਪਹੁੰਚੀਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਅਦਬੀ ਦੀ ਹਰ ਘਟਨਾ ਨੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਲੋਕ ਹਮੇਸਾ ਉਮੀਦ ਕਰਦੇ ਸਨ ਕਿ ਦੋਸੀਆਂ ਨੂੰ ਸਜਾ ਮਿਲੇਗੀ, ਉੱਥੇ ਕਾਨੂੰਨੀ ਖਾਮੀਆਂ ਦਾ ਫਾਇਦਾ ਉਠਾਉਂਦਿਆਂ ਦੋਸੀ ਮਾਨਸਿਕ ਸਥਿਤੀ ਦਾ ਬਹਾਨਾ ਬਣਾ ਕੇ ਅਕਸਰ ਸਜ਼ਾ ਤੋਂ ਬਚਦੇ ਰਹੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ "ਜ਼ਿਆਦਾਤਰ ਮਾਮਲਿਆਂ ਵਿੱਚ ਦੋਸੀ ਇਹ ਕਹਿ ਕੇ ਸਜਾ ਤੋਂ ਬਚ ਜਾਂਦੇ ਸਨ ਕਿ ਉਨ੍ਹਾਂ ਦਾ ਮਨ ਪਰੇਸਾਨ ਹੈ ਜਾਂ ਉਹ ਮਾਨਸਿਕ ਤੌਰ 'ਤੇ ਅਸਥਿਰ ਹਨ। ਪਰ ਜੇਕਰ ਕੋਈ ਸੱਚਮੁੱਚ ਮਾਨਸਿਕ ਤੌਰ 'ਤੇ ਅਸਥਿਰ ਹੈ ਤਾਂ ਉਹ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਕਿਉਂ ਨਿਸਾਨਾ ਬਣਾਉਂਦਾ ਹੈ? ਉਹ ਰੇਲਗੱਡੀ ਦੇ ਇੰਜਣ ਨਾਲ ਨਹੀਂ ਟਕਰਾਉਂਦਾ ਜਾਂ ਬਿਜਲੀ ਦੀਆਂ ਤਾਰਾਂ ਨੂੰ ਕਿਉਂ ਨਹੀਂ ਛੂੰਹਦਾ? ਉਨ੍ਹਾਂ ਕਿਹਾ ਕਿ ਦਰਅਸਲ ਸੱਚਾਈ ਇਹ ਹੈ ਕਿ ਜ਼ਿਆਦਾਤਰ ਘਟਨਾਵਾਂ ਜਾਣਬੁੱਝ ਕੇ ਅਤੇ ਯੋਜਨਾਬੱਧ ਢੰਗ ਨਾਲ ਕੀਤੀਆਂ ਗਈਆਂ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਖਾਮੀਆਂ ਦਾ ਫਾਇਦਾ ਉਠਾ ਕੇ ਦੋਸ਼ੀਆਂ ਨੂੰ ਬਚ ਕੇ ਨਿਕਲਣ ਤੋਂ ਰੋਕਣ ਲਈ, ਪੰਜਾਬ ਸਰਕਾਰ ਨੇ ਕਾਨੂੰਨ ਵਿੱਚ ਸਖ਼ਤ ਉਪਬੰਧ ਕੀਤੇ ਹਨ ਜਿਸ ਤਹਿਤ ਜੇਕਰ ਕਿਸੇ ਦੋਸੀ ਨੂੰ ਮੈਡੀਕਲੀ ਮਾਨਸਿਕ ਤੌਰ 'ਤੇ ਅਸਥਿਰ

## ਸ.ਫ਼ਾ ਤਿੰਨ ਦੀ ਬਾਕੀ

ਐਲਾਨਿਆ ਜਾਂਦਾ ਹੈ, ਤਾਂ ਵੀ ਉਸ ਵਿਅਕਤੀ ਦੇ ਮਾਪਿਆਂ, ਸਰਪ੍ਰਸਤਾਂ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਕਾਨੂੰਨ ਤਹਿਤ ਘੱਟੋ-ਘੱਟ 10 ਸਾਲ ਲਈ ਕੋਈ ਜ਼ਮਾਨਤ ਨਹੀਂ ਹੋਵੇਗੀ ਅਤੇ ਗੰਭੀਰ ਮਾਮਲਿਆਂ ਵਿੱਚ ਸਜਾ ਉਮਰ ਕੈਦ ਤੱਕ ਵੱਧ ਸਕਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਕਾਨੂੰਨ ਕਾਨੂੰਨੀ ਮਾਹਿਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਵਿੱਚ ਕੋਈ ਵੀ ਕਮੀ ਜਾਂ ਸੋਧ ਇਸਨੂੰ ਕਮਜੋਰ ਨਾ ਕਰੇ।

ਉਨ੍ਹਾਂ ਅੱਗੇ ਕਿਹਾ ਕਿ "ਸਰਬਸਕਤੀਮਾਨ ਪ੍ਰਮਾਤਮਾ ਨੇ ਸਾਨੂੰ ਇਹ ਕਾਨੂੰਨ ਲਿਆਉਣ ਲਈ ਸੋਝੀ ਅਤੇ ਬਲ ਬਖ਼ਸ਼ਿਆ ਹੈ। ਅਸੀਂ ਇਸ ਨੂੰ ਧਿਆਨ ਨਾਲ ਤਿਆਰ ਕੀਤਾ ਹੈ ਤਾਂ ਜੋ ਭਵਿੱਖ ਵਿੱਚ ਕੋਈ ਇਸਨੂੰ ਕਮਜੋਰ ਨਾ ਕਰ ਸਕੇ।

ਅਕਾਲੀ ਲੀਡਰਸ਼ਿਪ 'ਤੇ ਨਿਸਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਦਲ ਪਰਿਵਾਰ ਕਦੇ ਵੀ ਅਜਿਹੇ ਕਾਨੂੰਨ ਦਾ ਸਮਰਥਨ ਨਹੀਂ ਕਰੇਗਾ, ਕਿਉਂਕਿ ਉਨ੍ਹਾਂ ਦੇ ਆਪਣੇ ਨਾਮ ਬੇਅਦਬੀ ਦੀਆਂ ਘਟਨਾਵਾਂ ਨਾਲ ਜੁੜੇ ਹੋਏ ਸਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਉਨ੍ਹਾਂ ਦਾ ਸਾਥ ਇਹ ਮੰਨ ਕੇ ਦਿੱਤਾ ਕਿ ਉਹ ਬਾਬਾ ਨਾਨਕ ਦੀ ਵਿਰਾਸਤ ਦਾ ਪਾਸਾਰ ਕਰਦੇ ਹਨ, ਪਰ ਉਨ੍ਹਾਂ ਦੇ ਹੀ ਕਾਰਜਕਾਲ ਦੌਰਾਨ ਸੜਕਾਂ 'ਤੇ ਬਾਬੇ ਨਾਨਕ ਦੀ ਬਾਣੀ ਰੋਲੀ ਗਈ। ਉਨ੍ਹਾਂ ਨੇ ਸਾਂਤੀਪੂਰਵਕ ਪ੍ਰਦਰਸਨ ਕਰ ਰਹੇ ਸਰਧਾਲੂਆਂ 'ਤੇ ਪਾਣੀ ਦੀਆਂ ਤੋਪਾਂ ਅਤੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਲੋਕਾਂ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ? ਜਦੋਂ ਤੋਂ ਇਹ ਕਾਨੂੰਨ ਪਾਸ ਹੋਇਆ ਹੈ, ਪੰਜਾਬ ਵਿੱਚ ਅਕਾਲੀ ਦਲ ਦਾ ਇੱਕ ਵੀ ਨੇਤਾ ਦਿਖਾਈ ਨਹੀਂ ਦੇ ਰਿਹਾ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਦੇ ਨਾਮ ਸਾਹਮਣੇ ਆ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਬੇਈਮਾਨ ਲੋਕਾਂ 'ਤੇ ਕਦੇ ਵੀ ਸਦਾ ਲਈ ਪਰਮਾਤਮਾ ਦੀ ਨਜ਼ਰ ਸਵੱਲੀ ਨਹੀਂ ਰਹਿੰਦੀ। ਅਕਾਲੀ ਆਗੂਆਂ ਦੇ ਪਿਛਲੇ ਰਾਜਨੀਤਿਕ ਦਾਅਵਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਦੇ 25 ਸਾਲ ਪੰਜਾਬ 'ਤੇ ਰਾਜ ਕਰਨ ਦਾ ਦਾਅਵਾ ਕਰਦੇ ਸਨ, ਉਨ੍ਹਾਂ ਨੂੰ ਅੱਜ ਚੋਣਾਂ ਲੜਨ ਲਈ 25 ਉਮੀਦਵਾਰ ਵੀ ਨਹੀਂ ਲੱਭ ਰਹੇ ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਰਾਜਨੀਤਿਕ ਤੌਰ 'ਤੇ ਨਕਾਰ ਦਿੱਤਾ ਹੈ।

ਇਸ ਤੋਂ ਪਹਿਲਾਂ, ਬਲਾਚੌਰ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਹ ਦੇਖ ਕੇ ਬਹੁਤ ਖੁਸ਼ ਹਨ ਕਿ ਯਾਤਰਾ ਜਿੱਥੇ-ਜਿੱਥੇ ਵੀ ਪਹੁੰਚ ਰਹੀ ਹੈ, ਉੱਥੇ-ਉੱਥੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਭਾਗੀਦਾਰੀ ਦੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 2022 ਵਿੱਚ ਲੋਕਾਂ ਵੱਲੋਂ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾ ਰਹੀ ਹੈ ਅਤੇ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਰਹੀ ਹੈ।

ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਭਰ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜੋ ਲੋਕਾਂ ਨੂੰ ਮੁਫ਼ਤ ਇਲਾਜ ਪ੍ਰਦਾਨ ਕਰ ਰਹੇ ਹਨ, ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ, 90% ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਸੀਵਰੇਜ ਸਿਸਟਮ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ, ਹਸਪਤਾਲਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ ਅਤੇ ਪੰਜਾਬ ਦਾ ਹਰ ਪਰਿਵਾਰ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਾਪਤ ਕਰਨ ਦੇ ਯੋਗ ਬਣਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਨੂੰ ਦਿਨ ਵੇਲੇ ਮੁਫ਼ਤ ਬਿਜਲੀ ਮਿਲ ਰਹੀ ਹੈ, ਲਗਭਗ 14000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ ਅਤੇ ਨਹਿਰਾਂ ਨੂੰ ਮੁੜ ਸੁਰਜੀਤ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਦਾ ਪਾਣੀ ਹਰ ਖੇਤ ਤੱਕ ਪਹੁੰਚੇ।

ਅਕਾਲੀਆਂ 'ਤੇ ਫਿਰ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਅਕਾਲੀ ਸੱਤਾ ਵਿੱਚ ਸਨ ਤਾਂ ਉਹ ਕਦੇ ਵੀ ਅਜਿਹਾ ਕਾਨੂੰਨ ਬਣਾਉਣ ਵਿੱਚ ਸੁਹਿਰਦਤਾ ਨਹੀਂ ਦਿਖਾਈ ਕਿਉਂਕਿ ਉਨ੍ਹਾਂ ਦੇ ਇਰਾਦੇ ਰਾਜਨੀਤਿਕ ਸਰੋਕਾਰਾਂ ਤੱਕ ਸੀਮਤ ਸਨ। ਉਨ੍ਹਾਂ ਕਿਹਾ ਕਿ ਰਾਜਨੀਤਿਕ ਲਾਭ ਲੈਣ ਲਈ ਬੇਅਦਬੀ ਦੀਆਂ ਘਟਨਾਵਾਂ ਨੂੰ ਜਾਣ-ਬੁੱਝ ਕੇ ਹੋਣ ਦਿੱਤਾ ਗਿਆ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗਲਤੀਆਂ ਮੰਨਣ ਦੇ ਬਾਵਜੂਦ ਉਹ ਬਾਅਦ ਵਿੱਚ ਜਨਤਕ ਤੌਰ 'ਤੇ ਉਨ੍ਹਾਂ ਤੋਂ ਮੁਨਕਰ ਹੋ ਗਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੇਤਾਵਨੀ ਦਿੰਦਿਆਂ ਕਿਹਾ, "ਜੋ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਝੂਠ ਬੋਲ ਸਕਦੇ ਹਨ ਉਹ ਕਦੇ ਵੀ ਕਿਸੇ ਦੇ ਵਫ਼ਾਦਾਰ ਨਹੀਂ ਰਹਿ ਸਕਦੇ। ਪੰਜਾਬ ਦੇ ਲੋਕਾਂ ਨੂੰ ਅਜਿਹੇ ਆਗੂਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।"

## ਪੰਜਾਬ 'ਚ ਮੀਂਹ ਤੇ ਹਨ੍ਹੇਰੀ-ਤੂਫ਼ਾਨ ਦੀ ਚਿਤਾਵਨੀ!

ਤੇਜ਼ ਹਵਾਵਾਂ ਚੱਲਣ ਦੀ ਚਿਤਾਵਨੀ ਦਿੱਤੀ ਗਈ ਹੈ। ਉਥੇ ਹੀ 8 ਅਤੇ 9 ਮਈ ਨੂੰ ਪੂਰੇ ਪੰਜਾਬ 'ਚ ਕੋਈ ਵਿਸ਼ੇਸ਼ ਚਿਤਾਵਨੀ ਨਹੀਂ ਦਿੱਤੀ ਗਈ ਹੈ ਅਤੇ ਮੌਸਮ ਆਮ ਤੌਰ 'ਤੇ ਸਾਫ਼ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। 10 ਮਈ ਨੂੰ ਫਿਰ ਪੰਜਾਬ ਦੇ ਮੌਸਮ ਵਿਚ ਵੱਡੀ ਤਬਦੀਲੀ ਵੇਖਣ ਨੂੰ ਮਿਲੇਗੀ। ਉੱਤਰੀ ਅਤੇ ਮੱਧ ਪੰਜਾਬ ਦੇ ਕਈ ਜ਼ਿਲ੍ਹੇ ਜਿਨ੍ਹਾਂ 'ਚ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਅਤੇ ਐੱਸ.ਏ.ਐੱਸ. ਨਗਰ (ਮੋਹਾਲੀ) ਸ਼ਾਮਲ ਹਨ, ਇਨ੍ਹਾਂ 'ਚ 40-50 ਕਿਲੋਮੀਟਰ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਅਤੇ ਗਰਜ-ਚਮਕ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਨੇ ਇਨ੍ਹਾਂ ਪ੍ਰਭਾਵਿਤ ਜ਼ਿਲ੍ਹਿਆਂ ਦੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ।

## ਮੋਹਾਲੀ ਦੇ ਸੋਹਾਣਾ 'ਚ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ

ਆਏ ਲੋਕਾਂ ਨੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਏਅਰਪੋਰਟ ਰੋਡ ਨੂੰ ਜਾਮ ਕਰ ਦਿੱਤਾ, ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ, ਜਿਸ ਨਾਲ ਆਵਾਜਾਈ ਠੱਪ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਦਾ ਦੋਸ਼ ਹੈ ਕਿ ਇਹ ਇੱਕ ਸਾਜ਼ਿਸ਼ ਦਾ ਹਿੱਸਾ ਹੈ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਸ੍ਰੀ ਗੁਟਕਾ ਸਾਹਿਬ ਨੇੜਲੇ ਗੁਰਦੁਆਰਾ ਸਿੰਘ ਸ਼ਹੀਦਾਂ ਵਿੱਚ ਰੱਖਿਆ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਜਾਣਬੁੱਝ ਕੇ ਇਲਾਕੇ ਦੀ ਸ਼ਾਂਤੀ ਭੰਗ ਕਰਨ ਅਤੇ ਤਣਾਅ ਪੈਦਾ ਕਰਨ ਲਈ ਕੀਤਾ ਗਿਆ ਸੀ। ਉਨ੍ਹਾਂ ਮੰਗ ਕੀਤੀ ਕਿ ਅੰਗ ਉੱਥੇ ਕਿਵੇਂ ਪਹੁੰਚੇ, ਇਸ ਦੀ ਪੂਰੀ ਜਾਂਚ ਕੀਤੀ ਜਾਵੇ। ਤਣਾਅ ਨੂੰ ਦੇਖਦਿਆਂ ਮੋਹਾਲੀ ਸਿਟੀ-2 ਦੇ ਡੀ.ਐਸ.ਪੀ. ਹਰਸਿਮਰਨ ਸਿੰਘ ਬੱਲ ਮੌਕੇ 'ਤੇ ਪਹੁੰਚੇ। ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕੀਤਾ ਅਤੇ ਭਰੋਸਾ ਦਿੱਤਾ ਕਿ ਪੁਲਿਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਡੀ.ਐਸ.ਪੀ. ਨੇ ਕਿਹਾ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਜੋ ਵੀ ਦੋਸ਼ੀ ਪਾਇਆ ਗਿਆ, ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਡੀ.ਜੀ.ਪੀ. ਵੱਲੋਂ ਜਲੰਧਰ 'ਚ ਬੰਬ ਧਮਾਕੇ ਵਾਲੀ ਥਾਂ ਦਾ ਜਾਇਜ਼ਾ

ਮੀਰ ਕਾਸਿਮ ਮੁਤਾਬਕ ਬਾਈਕ 'ਤੇ ਸਵਾਰ 2 ਨਕਾਬਪੋਸ਼ਾਂ ਨੇ ਆਰਮੀ ਕੈਂਪ ਵੱਲ ਗ੍ਰਨੇਡ ਸੁੱਟਿਆ। ਦੀਵਾਰ ਦੇ ਨਾਲ ਲੱਗਦੇ ਹੀ ਜ਼ੋਰਦਾਰ ਧਮਾਕਾ ਹੋਇਆ। ਜਿਸ ਕਰਕੇ ਚਾਰਦੀਵਾਰੀ 'ਤੇ ਫੌਜ ਏਰੀਆ ਨੂੰ ਕਵਰ ਕਰਨ ਲਈ ਲਗਾਇਆ ਗਿਆ ਟੀਨ ਸ਼ੈੱਡ ਢਹਿ ਗਿਆ। ਇਸੇ ਤਰ੍ਹਾਂ ਜਲੰਧਰ ਦੇ ਬੀ.ਐੱਸ.ਐੱਫ. ਹੈੱਡਕੁਆਰਟਰ ਦੇ ਬਿਲਕੁਲ ਨੇੜੇ ਇਕ ਸਕੂਟੀ ਕੋਲ ਧਮਾਕਾ ਹੋਇਆ। ਹਾਲਾਂਕਿ ਜਾਂਚ ਕੀਤੀ ਜਾ ਰਹੀ ਹੈ ਕਿ ਸਕੂਟੀ ਦੇ ਵਿਚ ਕੋਈ ਚੀਜ਼ ਰੱਖੀ ਹੋਈ ਸੀ ਜਾਂ ਕਿਸੇ ਹੋਰ ਤਰੀਕੇ ਨਾਲ ਧਮਾਕਾ ਕੀਤਾ ਗਿਆ ਹੈ। ਜਿਸ ਐਕਟਿਵਾ ਵਿਚ ਧਮਾਕਾ ਹੋਇਆ, ਉਹ ਬੀ.ਐੱਸ.ਐੱਫ.ਦੇ ਹੀ ਰਿਟਾਇਰਡ ਜਵਾਨ ਕਸ਼ਮੀਰ ਸਿੰਘ ਦੀ ਹੈ। ਉਨ੍ਹਾਂ ਦਾ ਪੁੱਤ ਗੁਰਪ੍ਰੀਤ ਸਿੰਘ ਪਾਰਸਲ ਲੈਣ ਲਈ ਆਇਆ ਸੀ। ਹੈਲਮੇਟ ਨਾ ਪਾਏ ਹੋਣ ਦੀ ਵਜ੍ਹਾ ਤੋਂ ਬੀ.ਐੱਸ.ਐੱਫ. ਜਵਾਨਾਂ ਨੇ ਉਸ ਦੀ ਐਕਟਿਵਾ ਬਾਹਰ ਖੜ੍ਹੀ ਕਰ ਦਿੱਤੀ ਤੇ ਗੁਰਪ੍ਰੀਤ ਅਜੇ ਪੁਲਿਸ ਹਿਰਾਸਤ ਵਿਚ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ, ਜਲੰਧਰ ਦੇ ਸੀ.ਪੀ. ਧੰਨਪ੍ਰੀਤ ਕੌਰ ਤੇ ਬੀ.ਐੱਸ.ਐੱਫ. ਦੇ ਸੀਨੀਅਰ ਅਧਿਕਾਰੀ ਵੀ ਡੀ.ਜੀ.ਪੀ. ਨਾਲ ਮੌਜੂਦ ਸਨ। ਧਮਾਕੇ ਵਾਲੀ ਥਾਂ ਤੋਂ ਸੈਂਪਲ ਇਕੱਠੇ ਕੀਤੇ ਜਾ ਰਹੇ ਹਨ। ਵੱਖ-ਵੱਖ ਏਜੰਸੀਆਂ ਵੱਲੋਂ ਧਮਾਕੇ ਦੀ ਜਾਂਚ ਕੀਤੀ ਜਾ ਰਹੀ ਹੈ। ਜਲੰਧਰ ਦੇ ਸੀ.ਪੀ. ਧੰਨਪ੍ਰੀਤ ਕੌਰ ਨੇ ਖੁਲਾਸਾ ਕੀਤਾ ਕਿ ਵਿਸਫੋਟਕ ਪਦਾਰਥ ਇਸਤੇਮਾਲ ਕਰਕੇ ਧਮਾਕਾ ਕੀਤਾ ਗਿਆ ਹੈ।

## ਬੰਗਾਲ 'ਚ ਚੋਣਾਂ ਦੇ ਨਤੀਜਿਆਂ

ਕਮਿਸ਼ਨਰ ਅਜੇ ਨੰਦ ਨੇ ਵੀ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਵਿੱਚ ਅਜਿਹੇ ਅਨਸਰਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਹੈ। ਉਨ੍ਹਾਂ ਨੇ ਜਿੱਤ ਦੇ ਜਲੂਸ ਵਿੱਚ ਬੁਲਡੋਜ਼ਰ ਸ਼ਾਮਲ ਕਰਨ 'ਤੇ ਵੀ ਰੋਕ ਲਗਾ ਦਿੱਤੀ ਹੈ। ਸੋਮਵਾਰ ਨੂੰ ਚੋਣ ਨਤੀਜਿਆਂ ਵਿੱਚ ਭਾਜਪਾ ਨੂੰ ਬਹੁਮਤ ਮਿਲਣ ਦੇ ਨਾਲ ਹੀ ਕੋਲਕਾਤਾ ਸਮੇਤ ਸੂਬੇ ਦੇ ਵੱਖ-ਵੱਖ ਇਲਾਕਿਆਂ ਵਿੱਚ ਤ੍ਰਿਣਮੂਲ ਕਾਂਗਰਸ ਦੇ ਦਫ਼ਤਰਾਂ ਵਿੱਚ ਭੰਨਤੋੜ ਦੀਆਂ ਖ਼ਬਰਾਂ ਸਾਹਮਣੇ ਆਉਣ ਲੱਗੀਆਂ। ਇਸ ਤੋਂ ਬਾਅਦ ਮੰਗਲਵਾਰ ਨੂੰ ਆਸਨਸੋਲ ਇਲਾਕੇ ਵਿੱਚ ਪਾਰਟੀ ਦੇ ਇੱਕ ਦਫ਼ਤਰ ਨੂੰ ਅੱਗ ਲਗਾ ਦਿੱਤੀ ਗਈ।

## ਕੋਲਕਾਤਾ 'ਚ ਮਮਤਾ ਬੈਨਰਜੀ ਅਤੇ ਅਭਿਸ਼ੇਕ ਬੈਨਰਜੀ ਦੇ

ਇੱਕ ਬੈਰੀਕੇਡ ਦਿਖਾਈ ਦੇ ਰਿਹਾ ਸੀ, ਜਦੋਂ ਕਿ ਕੋਈ ਪੁਲਿਸ ਕਰਮਚਾਰੀ ਮੌਜੂਦ ਨਹੀਂ ਸੀ। ਉਸ ਨੂੰ ਅਜੇ ਵੀ ਜ਼ੈੱਡ-ਸ਼੍ਰੇਣੀ ਦੀ ਸੁਰੱਖਿਆ ਪ੍ਰਾਪਤ ਹੈ ਜੋ ਕਿ ਜਾਰੀ ਰਹੇਗੀ ਕਿਉਂਕਿ ਅਭਿਸ਼ੇਕ ਡਾਇਮੰਡ ਹਾਰਬਰ ਹਲਕੇ ਤੋਂ ਸੰਸਦ ਮੈਂਬਰ ਹਨ।

## ਅਵਾਰਾ ਕੁੱਤਿਆਂ ਨੇ 8 ਸਾਲਾ ਮਾਸੂਮ ਬੱਚੀ ਨੂੰ

ਉਨ੍ਹਾਂ ਦੱਸਿਆ ਕਿ ਉਸ ਨੂੰ ਤੁਰੰਤ ਟਾਂਡਾ ਦੇ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੂਚਨਾ ਮਿਲਣ 'ਤੇ ਪੁਲੀਸ ਮੌਕੇ 'ਤੇ ਪਹੁੰਚੀ, ਲਾਸ਼ ਨੂੰ ਕਬਜ਼ੇ 'ਚ ਲਿਆ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ।

## ਸਰੀ 'ਚ ਪੰਜਾਬੀ ਕਾਰੋਬਾਰੀ ਦਾ ਕਤਲ, ਗੋਂਦਾਰਾ ਗੈਂਗ ਨੇ

ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਮੁਤਾਬਕ ਵਾਰਦਾਤ ਤੋਂ ਕੁਝ ਸਮਾਂ ਪਹਿਲਾਂ ਕਿਸੇ ਅਣਜਾਣ ਨੰਬਰ ਤੋਂ ਦਫ਼ਤਰ ਵਿੱਚ ਫ਼ੋਨ ਕਰਕੇ ਸੈਮ ਬਾਰੇ ਪੁੱਛਗਿੱਛ ਵੀ ਕੀਤੀ ਗਈ ਸੀ, ਜਿਸ ਨੂੰ ਦਫ਼ਤਰ ਦੇ ਸਟਾਫ਼ ਨੇ ਆਮ ਗੱਲ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ। ਮ੍ਰਿਤਕ ਇੱਥੇ ਇੰਮੀਗ੍ਰੇਸ਼ਨ ਅਤੇ ਪ੍ਰਾਪਰਟੀ ਡੀਲਿੰਗ ਦਾ ਕਾਰੋਬਾਰ ਕਰਦਾ ਸੀ। ਸੂਤਰਾਂ ਅਨੁਸਾਰ ਸਤਬੀਰ ਸਿੰਘ ਮੂਲ ਰੂਪ ਵਿੱਚ ਪੰਜਾਬ ਦੇ ਅਬੋਹਰ ਇਲਾਕੇ ਨਾਲ ਸਬੰਧਤ ਸੀ ਅਤੇ ਕੁਝ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਭਾਰਤ ਵਿੱਚ ਪੜ੍ਹਾਈ ਦੌਰਾਨ ਲਾਰੈਂਸ ਬਿਸ਼ਨੋਈ ਦਾ ਜਮਾਤੀ ਰਿਹਾ ਸੀ। ਪੁਲਿਸ ਇਸ ਮਾਮਲੇ ਨੂੰ ਕ੍ਰਿਕਟ ਮੈਚ ਫਿਕਸਿੰਗ ਦੇ ਐਂਗਲ ਤੋਂ ਵੀ ਦੇਖ ਰਹੀ ਹੈ, ਕਿਉਂਕਿ ਪਿਛਲੇ ਦਿਨੀਂ ਸੀ.ਬੀ.ਸੀ. ਦੀ ਇੱਕ ਰਿਪੋਰਟ ਵਿੱਚ ਮੈਚ ਫਿਕਸਿੰਗ ਸਿੰਡੀਕੇਟ ਬਾਰੇ ਵੱਡੇ ਖ਼ੁਲਾਸੇ ਕੀਤੇ ਗਏ ਸਨ। ਹਾਲਾਂਕਿ ਪੁਲੀਸ ਨੇ ਫਿਲਹਾਲ ਇਸ ਨੂੰ ਫਿਰੌਤੀ ਨਾਲ ਜੁੜਿਆ ਮਾਮਲਾ ਮੰਨਣ ਤੋਂ ਇਨਕਾਰ ਕੀਤਾ ਹੈ ਅਤੇ ਮ੍ਰਿਤਕ ਦੇ ਪਿਛੋਕੜ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## 'ਵੰਦੇ ਮਾਤਰਮ' ਨੂੰ ਮਿਲਿਆ

ਰੁਕਾਵਟ ਪਾਉਂਦਾ ਹੈ ਜਾਂ ਇਸ ਨੂੰ ਰੋਕਦਾ ਹੈ ਤਾਂ ਉਸ ਨੂੰ 3 ਸਾਲ ਦੀ ਜੇਲ੍ਹ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਦੁਬਾਰਾ ਅਪਰਾਧ ਕਰਨ 'ਤੇ ਘੱਟੋ-ਘੱਟ ਇਕ ਸਾਲ ਦੀ ਸਜ਼ਾ ਦੀ ਵਿਵਸਥਾ ਹੈ। ਸੋਧ ਦੇ ਬਾਅਦ ਇਹੀ ਨਿਯਮ ਵੰਦੇ ਮਾਤਰਮ 'ਤੇ ਵੀ ਲਾਗੂ ਹੋਣਗੇ। ਕੇਂਦਰ ਨੇ ਭਾਰਤ ਦੇ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਗਾਇਨ ਲਈ ਅਧਿਕਾਰਕ ਪ੍ਰੋਟੋਕਾਲ ਲਈ ਗਾਈਡਲਾਈਨ ਜਾਰੀ ਕੀਤੀ। ਗਾਈਡਲਾਈਨ ਮੁਤਾਬਕ ਵੰਦੇ ਮਾਤਰਮ ਦਾ ਸੰਪੂਰਨ ਅਧਿਕਾਰਕ ਵਰਜਨ ਜਿਸ ਵਿਚ 6 ਸਲੋਕ ਹਨ ਤੇ ਜਿਸ ਦੀ ਮਿਆਦ ਲਗਭਗ 3 ਮਿੰਟ 10 ਸੈਕੰਡ ਹੈ, ਮੁੱਖ ਰਾਜਕੀ ਸਮਾਰੋਹਾਂ ਦੌਰਾਨ ਵਜਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਵਿਚ ਰਾਸ਼ਟਰੀ ਝੰਡਾ ਲਹਿਰਾਉਣਾ, ਰਾਸ਼ਟਰਪਤੀ, ਰਾਜਪਾਲਾਂ ਦੇ ਅਧਿਕਾਰਕ ਪ੍ਰੋਗਰਾਮਾਂ ਵਿਚ ਰਸਮੀ ਆਗਮਨ ਵਰਗੇ ਸਮਾਰੋਹਾਂ ਵਿਚ ਉਨ੍ਹਾਂ ਦੇ ਨਿਰਧਾਰਤ ਭਾਸ਼ਣਾਂ ਤੋਂ ਪਹਿਲਾਂ ਤੇ ਬਾਅਦ ਦੇ ਪ੍ਰੋਗਰਾਮ ਸ਼ਾਮਲ ਹਨ। ਜੇਕਰ ਕਿਸੇ ਪ੍ਰੋਗਰਾਮ ਵਿਚ 'ਵੰਦੇ ਮਾਤਰਮ' ਤੇ 'ਰਾਸ਼ਟਰ ਗਾਣ' ਦੋਵੇਂ ਹਨ ਤਾਂ ਪਹਿਲਾਂ 'ਵੰਦੇ ਮਾਤਰਮ' ਗਾਇਆ ਜਾਵੇਗਾ ਤੇ ਇਸ ਦੇ ਬਾਅਦ 'ਰਾਸ਼ਟਰ ਗਾਣ'। ਦਿਸ਼ਾ-ਨਿਰਦੇਸ਼ਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਦਰਸ਼ਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਨਮਾਨ ਦੇ ਪ੍ਰਤੀਕ ਵਜੋਂ ਦੋਵੇਂ ਪ੍ਰਦਰਸ਼ਨਾਂ ਦੌਰਾਨ ਸਾਵਧਾਨ ਮੁਦਰਾ ਵਿਚ ਖੜ੍ਹੇ ਰਹਿਣਗੇ।

## ਮੱਧ ਪ੍ਰਦੇਸ਼ 'ਚ ਮੰਦਰ ਲਈ ਕਣਕ ਦਾਨ ਦੇਣ ਤੋਂ

ਜਦੋਂ ਦਲਿਤ ਨੇ ਆਪਣੀ ਮਾੜੀ ਵਿੱਤੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਆਪਣੀ ਅਸਮਰੱਥਾ ਜ਼ਾਹਰ ਕੀਤੀ ਅਤੇ ਇਸ ਦੀ ਬਜਾਏ ਇੱਕ ਕੁਇੰਟਲ ਦੀ ਪੇਸ਼ਕਸ਼ ਕੀਤੀ, ਤਾਂ ਪ੍ਰਭਾਵਸ਼ਾਲੀ ਪਿੰਡ ਵਾਸੀ ਗੁੱਸੇ ਵਿੱਚ ਆ ਗਿਆ। ਪ੍ਰਭਾਵਸ਼ਾਲੀ ਪਿੰਡ ਵਾਸੀ ਨੇ ਦਲਿਤ ਪਰਿਵਾਰ 'ਤੇ ਹਮਲਾ ਕਰ ਦਿੱਤਾ, ਉਨ੍ਹਾਂ ਨਾਲ ਬਦਸਲੂਕੀ ਕੀਤੀ ਅਤੇ ਉਨ੍ਹਾਂ 'ਤੇ ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਹਮਲੇ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰ ਜ਼ਖ਼ਮੀ ਹੋ ਗਏ।

## ਟੀ.ਵੀ. ਕੇ. ਮੁਖੀ ਵਿਜੇ ਵੱਲੋਂ ਤਾਮਿਲਨਾਡੂ ਦੇ

ਕਰ ਦਿੱਤਾ ਹੈ ਅਤੇ ਡੀ ਐੱਮ ਕੇ ਨਾਲ ਆਪਣਾ ਗਠਜੋੜ ਤੋੜ ਲਿਆ ਹੈ। ਦੂਜੇ ਪਾਸੇ, ਡੀ ਐੱਮ ਕੇ ਦੀ ਸਹਿਯੋਗੀ ਪਾਰਟੀ ਵੀ ਸੀ ਕੇ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਬੁੱਧਵਾਰ ਨੂੰ ਪਾਰਟੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਟੀ ਵੀ ਕੇ ਨੇ ਵੀ ਸੀ ਕੇ ਤੋਂ ਸਮਰਥਨ ਮੰਗਿਆ ਹੈ, ਜਿਸ ਕੋਲ 2 ਸੀਟਾਂ ਹਨ। ਵੀ ਸੀ ਕੇ ਦੇ ਇੱਕ ਸੀਨੀਅਰ ਆਗੂ ਨੇ ਦੱਸਿਆ ਕਿ ਇਸ ਬਾਰੇ ਅੰਤਿਮ ਫੈਸਲਾ ਉਨ੍ਹਾਂ ਦੇ ਪ੍ਰਧਾਨ ਥੋਲ ਤਿਰੁਮਾਵਲਵਨ ਹੀ ਲੈਣਗੇ। ਹਾਲਾਂਕਿ, ਟੀ ਵੀ ਕੇ ਦੇ ਸੱਦੇ ਦੇ ਬਾਵਜੂਦ, ਖੱਬੇ ਪੱਖੀ ਪਾਰਟੀਆਂ ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ ਵਿਜੇ ਦੀ ਪਾਰਟੀ ਨੂੰ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਕਾਂਗਰਸ ਦੇ ਸਮਰਥਨ ਦੇ ਬਾਵਜੂਦ, ਅਦਾਕਾਰ ਤੋਂ ਸਿਆਸਤਦਾਨ ਬਣੇ ਵਿਜੇ ਕੋਲ ਅੰਕੜੇ ਘੱਟ ਰਹਿਣਗੇ। ਪਾਰਟੀ ਸੂਤਰਾਂ ਅਨੁਸਾਰ ਵਿਜੇ ਦੇ 7 ਮਈ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੀ ਸੰਭਾਵਨਾ ਹੈ। ਇਨ੍ਹਾਂ ਚੋਣਾਂ ਵਿੱਚ ਡੀ ਐੱਮ ਕੇ ਨੇ 59 ਸੀਟਾਂ, ਏ ਆਈ ਏ ਡੀ ਐੱਮ ਕੇ ਨੇ 47, ਕਾਂਗਰਸ ਨੇ 5, ਪੀ ਐੱਮ ਕੇ ਨੇ 4, ਆਈ ਯੂ ਐੱਮ ਐੱਲ ਨੇ 2, ਸੀ ਪੀ ਆਈ ਨੇ 2, ਵੀ ਸੀ ਕੇ ਨੇ 2 ਅਤੇ ਸੀ ਪੀ ਆਈ (ਐੱਮ) ਨੇ ਵੀ 2 ਸੀਟਾਂ ਜਿੱਤੀਆਂ ਹਨ। ਉੱਥੇ ਹੀ ਭਾਜਪਾ, ਡੀ ਐੱਮ ਡੀ ਕੇ ਅਤੇ ਏ ਐੱਮ ਐੱਮ ਕੇ ਨੇ ਇਕ-ਇਕ ਸੀਟ ਜਿੱਤੀ ਹੈ।

ਤਾਮਿਲਨਾਡੂ ਕਾਂਗਰਸ ਕਮੇਟੀ ਅਤੇ ਕਾਂਗਰਸ ਵਿਧਾਇਕ ਦਲ ਨੇ ਵਿਜੇ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਟੀ ਵੀ ਕੇ ਪਾਰਟੀ ਨੂੰ ਪੂਰਾ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ। ਏ ਆਈ ਸੀ ਸੀ ) ਦੇ ਤਾਮਿਲਨਾਡੂ ਇੰਚਾਰਜ ਗਿਰੀਸ਼ ਚੋਡਨਕਰ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਹਾਲਾਂਕਿ, ਕਾਂਗਰਸ ਨੇ ਇੱਕ ਸ਼ਰਤ ਰੱਖੀ ਹੈ ਕਿ ਟੀ ਵੀ ਕੇ ਅਜਿਹੀਆਂ ਫਿਰਕੂ ਤਾਕਤਾਂ ਨੂੰ ਗਠਜੋੜ ਤੋਂ ਬਾਹਰ ਰੱਖੇ ਜੋ ਭਾਰਤ ਦੇ ਸੰਵਿਧਾਨ ਵਿੱਚ ਵਿਸ਼ਵਾਸ ਨਹੀਂ ਰੱਖਦੀਆਂ।

ਦੂਜੇ ਪਾਸੇ, ਡੀ ਐੱਮ ਕੇ ਨੇ ਕਾਂਗਰਸ ਦੇ ਇਸ ਫੈਸਲੇ 'ਤੇ ਸਖ਼ਤ ਨਾਰਾਜ਼ਗੀ ਜਤਾਈ ਹੈ। ਡੀ ਐੱਮ ਕੇ ਨੇ ਕਾਂਗਰਸ ਵੱਲੋਂ ਰਿਸ਼ਤਾ ਤੋੜ ਕੇ ਟੀ ਵੀ ਕੇ ਨਾਲ ਹੱਥ ਮਿਲਾਉਣ ਨੂੰ 'ਪਿੱਠ ਵਿੱਚ ਛੁਰਾ ਮਾਰਨਾ' ਦੱਸਿਆ ਹੈ।-

## ਸਰਮਾ ਵੱਲੋਂ ਆਸਾਮ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ, ਨਵੀਂ ਸਰਕਾਰ

ਮੁੱਖ ਮੰਤਰੀ ਦਫ਼ਤਰ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਆਸਾਮ ਚੋਣਾਂ 2026 ਦੇ ਨਤੀਜਿਆਂ ਦੀ ਨੋਟੀਫਿਕੇਸ਼ਨ ਤੋਂ ਬਾਅਦ ਅਤੇ ਨਵੀਂ ਸਰਕਾਰ ਦੇ ਗਠਨ ਨੂੰ ਸੌਖਾ ਬਣਾਉਣ ਲਈ ਡਾ. ਹਿਮੰਤ ਬਿਸਵਾ ਸ਼ਰਮਾ ਨੇ ਅੱਜ ਲੋਕ ਭਵਨ 'ਚ ਰਾਜਪਾਲ ਸ਼੍ਰੀ ਲਕਸ਼ਮਣ ਆਚਾਰੀਆ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਸੌਂਪ ਦਿੱਤਾ ਅਤੇ ਨਾਲ ਹੀ ਉਨ੍ਹਾਂ ਦੀ ਕੈਬਨਿਟ ਦੇ ਸਹਿਯੋਗੀਆਂ ਨੇ ਵੀ ਅਸਤੀਫ਼ਾ ਸੌਂਪ ਦਿੱਤਾ।"ਪੋਸਟ 'ਚ ਕਿਹਾ ਗਿਆ ਹੈ ਕਿ ਰਾਜਪਾਲ ਨੇ ਅਸਤੀਫ਼ਾ ਸਵੀਕਾਰ ਕਰ ਲਿਆ ਹੈ ਅਤੇ ਨਵੀਂ ਸਰਕਾਰ ਦੇ ਅਹੁਦਾ ਸੰਭਾਲਣ ਤੱਕ ਸ਼ਰਮਾ ਨੂੰ ਕਾਰਜਵਾਹਕ ਮੁੱਖ ਮੰਤਰੀ ਵਜੋਂ ਬਣੇ ਰਹਿਣ ਦੀ ਅਪੀਲ ਕੀਤੀ ਹੈ। ਬਾਅਦ 'ਚ ਲੋਕ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ 'ਚ ਸ਼ਰਮਾ ਨੇ ਕਿਹਾ ਕਿ ਸਹੁੰ ਚੁੱਕ ਸਮਾਰੋਹ 11 ਮਈ ਤੋਂ ਬਾਅਦ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ,"ਇਹ ਇਤਿਹਾਸਕ ਜਿੱਤ ਹੈ, ਇਸ ਲਈ ਅਸੀਂ ਇਸ ਮੌਕੇ ਮੌਜੂਦ ਹੋਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦਿੱਤਾ ਹੈ।" ਸ਼ਰਮਾ ਨੇ ਦੱਸਿਆ ਕਿ ਆਸਾਮ ਦੇ ਨਵੇਂ ਮੁੱਖ ਮੰਤਰੀ ਦੀ ਚੋਣ ਕੇਂਦਰੀ ਆਬਜ਼ਰਵਰਾਂ ਦੀ ਮੌਜੂਦਗੀ 'ਚ ਭਾਜਪਾ ਵਿਧਾਇਕ ਦਲ ਦੀ ਬੈਠਕ 'ਚ ਕੀਤਾ ਜਾਵੇਗਾ।

## 'ਸਬੂਤ ਹਨ ਤਾਂ ਭਾਜਪਾ 'ਤੇ ਕੇਸ ਦਰਜ ਕਰੋ'

ਤਾਕਤਾਂ ਦੇ ਨਿਸ਼ਾਨੇ 'ਤੇ ਹਨ।

ਉਹਨਾਂ ਮੁੱਖ ਮੰਤਰੀ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਕਿ ਜੇ ਹਿੰਮਤ ਹੈ ਤਾਂ ਭਾਜਪਾ ਆਗੂਆਂ ਅਤੇ ਵਰਕਰਾਂ ਖ਼ਿਲਾਫ਼ ਕੇਸ ਦਰਜ ਕਰੋ, ਸਬੂਤ ਮੀਡੀਆ ਸਾਹਮਣੇ ਰੱਖੋ ਅਤੇ ਪੁਲਿਸ ਨੂੰ ਭਾਜਪਾ ਦਫ਼ਤਰ ਭੇਜੋ। ਨਹੀਂ ਤਾਂ ਆਪਣੇ ਬਿਆਨਾਂ ਲਈ ਜਨਤਕ ਮਾਫ਼ੀ ਮੰਗੋ।

ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ। ਉਹਨਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਪੰਜਾਬ ਵਿੱਚ ਕੋਈ ਵੀ ਮਹੀਨਾ ਜਾਂ ਹਫ਼ਤਾ ਅਜਿਹਾ ਨਹੀਂ ਲੰਘਿਆ ਜਿੱਥੇ ਕਤਲ, ਗੈਂਗਵਾਰ ਜਾਂ ਧਮਾਕਿਆਂ ਦੀਆਂ ਘਟਨਾਵਾਂ ਨਾ ਹੋਈਆਂ ਹੋਣ। ਇਸਦੇ ਬਾਵਜੂਦ ਸਰਕਾਰ ਆਪਣੀ ਨਾਕਾਮੀ ਛੁਪਾਉਣ ਲਈ ਸਿਆਸੀ ਦੋਸ਼ਾਰੋਪਣ ਕਰ ਰਹੀ ਹੈ।

ਉਹਨਾਂ ਕਿਹਾ ਕਿ ਪੰਜਾਬ ਵਿੱਚ ਆਈਐਸਆਈ, ਗੈਂਗਸਟਰ ਅਤੇ ਖਾਲਿਸਤਾਨੀ ਤੱਤਾਂ ਨੂੰ ਇਕੱਠਾ ਕਰਕੇ ਮਾਹੌਲ ਖ਼ਰਾਬ ਕਰਨ ਦੀ ਸਾਜ਼ਿਸ਼ ਚੱਲ ਰਹੀ ਹੈ ਅਤੇ ਇਸ ਸਮੇਂ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਸੁਰੱਖਿਆ ਏਜੰਸੀਆਂ ਨੂੰ ਇਕੱਠੇ ਹੋ ਕੇ ਪੰਜਾਬ ਦੀ ਅਮਨ-ਸ਼ਾਂਤੀ ਦੀ ਰੱਖਿਆ ਕਰਨੀ ਚਾਹੀਦੀ ਹੈ। ਬਿੱਟੂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸੰਵੇਦਨਸ਼ੀਲ ਮਾਮਲਿਆਂ 'ਤੇ ਮੁੱਖ ਮੰਤਰੀ ਵੱਲੋਂ ਗੈਰ-ਜ਼ਿੰਮੇਵਾਰਾਨਾ ਬਿਆਨ ਦੇਣਾ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਹੈ।

ਉਹਨਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਆਪਣੇ ਬਿਆਨ 'ਤੇ ਮਾਫ਼ੀ ਨਹੀਂ ਮੰਗਦੇ ਅਤੇ ਕੋਈ ਸਬੂਤ ਵੀ ਪੇਸ਼ ਨਹੀਂ ਕਰਦੇ, ਤਾਂ ਭਾਜਪਾ ਇਸ ਮਾਮਲੇ ਨੂੰ ਕਾਨੂੰਨੀ ਤੌਰ 'ਤੇ ਅੱਗੇ ਲੈ ਕੇ ਜਾਵੇਗੀ ਅਤੇ ਅਦਾਲਤ ਦਾ ਦਰਵਾਜ਼ਾ ਵੀ ਖਟਖਟਾਇਆ ਜਾਵੇਗਾ।

ਇਸ ਮੌਕੇ ਭਾਜਪਾ ਪੰਜਾਬ ਦੇ ਸੂਬਾ ਮੀਡੀਆ ਮੁਖੀ ਵਿਨੀਤ ਜੋਸ਼ੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾ ਰਹੀ ਹੈ, ਪਰ ਪੰਜਾਬ ਦੀ ਜਨਤਾ ਹੁਣ ਸਰਕਾਰ ਦੀਆਂ ਨਾਕਾਮੀਆਂ ਨੂੰ ਸਮਝ ਚੁੱਕੀ ਹੈ।

## ਭਾਜਪਾ ਵਿਰੋਧੀ ਬੰਗਾਲੀ ਮੀਡੀਆ ਨੇ ਬੰਗਾਲ

ਅੱਜ ਇਹ ਘਟਨਾ ਭਾਰਤੀ ਮੀਡੀਆ ਦੇ ਲੰਬੇ ਸਮੇਂ ਤੋਂ ਚੱਲ ਰਹੇ ਸੰਕਟ ਦੀ ਯਾਦ ਦਿਵਾਉਂਦੀ ਹੈ, ਜਿੱਥੇ ਵਿਚਾਰਧਾਰਕ ਵਚਨਬੱਧਤਾ ਅਤੇ ਸ਼ਕਤੀ ਗਤੀਸ਼ੀਲਤਾ ਅਕਸਰ ਆਪਸ ਵਿੱਚ ਉਲਝ ਜਾਂਦੇ ਹਨ। ਬਹੁਤ ਸਾਰੇ ਅਖਬਾਰ ਅਤੇ ਚੈਨਲ ਨਿਰਪੱਖ ਪੱਤਰਕਾਰੀ ਦਾ ਪ੍ਰਤੀਕ ਹੋਣ ਦਾ ਦਾਅਵਾ ਕਰਦੇ ਹਨ, ਪਰ ਜਿਵੇਂ-ਜਿਵੇਂ ਰਾਜਨੀਤਿਕ ਹਵਾਵਾਂ ਬਦਲਦੀਆਂ ਹਨ, ਉਨ੍ਹਾਂ ਦੀ ਭਾਸ਼ਾ, ਤਰਜੀਹਾਂ ਅਤੇ ਬਿਰਤਾਂਤ ਵੀ ਬਦਲਦੇ ਹਨ। ਅਜਿਹੀ ਸਥਿਤੀ ਵਿੱਚ, ਪਾਠਕਾਂ ਲਈ ਇਹ ਸਵਾਲ ਕਰਨਾ ਸੁਭਾਵਿਕ ਹੈ ਕਿ ਕੀ ਮੀਡੀਆ ਸੱਚਮੁੱਚ ਲੋਕ-ਪੱਖੀ ਹੈ ਜਾਂ ਸਿਰਫ਼ ਇੱਕ ਸੰਸਥਾ ਹੈ ਜੋ ਸੱਤਾ ਦੇ ਨਵੇਂ ਕੇਂਦਰਾਂ ਅੱਗੇ ਝੁਕਦੀ ਹੈ।

ਅੱਜ ਮੀਡੀਆ ਦਾ ਕੰਮ ਕਿਸੇ ਵੀ ਪਾਰਟੀ ਦਾ ਸਥਾਈ ਸਮਰਥਕ ਜਾਂ ਸਥਾਈ ਵਿਰੋਧੀ ਨਹੀਂ ਹੈ। ਇਸਦਾ ਕੰਮ ਨਿਰਪੱਖਤਾ ਨਾਲ ਤੱਥਾਂ ਦੀ ਜਾਂਚ ਕਰਨਾ ਅਤੇ ਜਨਤਾ ਦੇ ਸਵਾਲਾਂ ਨੂੰ ਸੱਤਾਧਾਰੀ ਪਾਰਟੀ ਦੇ ਸਾਹਮਣੇ ਪੇਸ਼ ਕਰਨਾ ਹੈ। ਪਰ ਜਦੋਂ ਸੁਰਖੀਆਂ ਨੂੰ ਰਾਜਨੀਤਿਕ ਹਥਿਆਰਾਂ ਵਜੋਂ ਵਰਤਿਆ ਜਾਂਦਾ ਹੈ, ਤਾਂ ਪੱਤਰਕਾਰੀ ਅਤੇ ਰਾਜਨੀਤਿਕ ਪ੍ਰਚਾਰ ਵਿਚਕਾਰ ਰੇਖਾ ਧੁੰਦਲੀ ਹੋਣ ਲੱਗਦੀ ਹੈ।

ਅੱਜ'ਦ ਟੈਲੀਗ੍ਰਾਫ' ਦਾ ਇਹ ਮੁੱਖ ਪੰਨਾ ਨਾ ਸਿਰਫ਼ ਬੰਗਾਲ ਦੀ ਰਾਜਨੀਤੀ ਦੀ ਕਹਾਣੀ ਦੱਸਦਾ ਹੈ, ਸਗੋਂ ਭਾਰਤੀ ਮੀਡੀਆ ਵਿੱਚ ਬਦਲਦੇ ਰੁਝਾਨਾਂ ਨੂੰ ਵੀ ਦਰਸਾਉਂਦਾ ਹੈ। ਤੀਰ ਅਸਲ ਵਿੱਚ ਉਹੀ ਹੈ, ਸਿਰਫ਼ ਨਿਸ਼ਾਨਾ ਬਦਲਿਆ ਹੈ।

# ਧਮਾਕਿਆਂ ਤੋਂ ਬਾਅਦ ਜ਼ਿਲ੍ਹੇ 'ਚ ਹਾਈ ਅਲਰਟ, ਸਰਚ ਆਪ੍ਰੇਸ਼ਨ ਜਾਰੀ



ਬਠਿੰਡਾ, 6 ਮਈ (ਦੀਪਕ ਸ਼ਰਮਾ) :ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿਛਲੇ ਦਿਨੀਂ ਹੋਏ ਧਮਾਕਿਆਂ ਤੋਂ ਬਾਅਦ ਬਠਿੰਡਾ ਜ਼ਿਲ੍ਹਾ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ। ਬੁੱਧਵਾਰ ਨੂੰ ਪੂਰੇ ਜ਼ਿਲ੍ਹੇ ਵਿੱਚ ਪੁਲਿਸ ਵੱਲੋਂ ਵਿਸ਼ੇਸ਼ ਸਰਚ ਅਭਿਆਨ ਚਲਾਇਆ ਗਿਆ, ਜਿਸ ਤਹਿਤ ਜਨਤਕ ਥਾਵਾਂ 'ਤੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਬਾਰੀਕੀ ਨਾਲ ਪੜਤਾਲ ਕੀਤੀ ਗਈ। ਰੇਲਵੇ ਸਟੇਸ਼ਨ ਅਤੇ ਬੱਸ ਸਟੈਂਡ ਵਰਗੇ ਭੀੜ ਵਾਲੇ ਇਲਾਕਿਆਂ ਵਿੱਚ ਪੁਲਿਸ ਦੀ ਗਸ਼ਤ ਵਧਾ ਦਿੱਤੀ ਗਈ ਹੈ।ਬਠਿੰਡਾ ਇੱਕ ਅਹਿਮ ਰੇਲਵੇ ਜੰਕਸ਼ਨ ਹੋਣ ਦੇ ਨਾਲ-ਨਾਲ ਕਈ ਮਹੱਤਵਪੂਰਨ ਉਦਯੋਗਿਕ ਅਤੇ ਸੈਨਿਕ ਇਕਾਈਆਂ ਦਾ ਕੇਂਦਰ ਹੈ, ਜਿਸ ਕਾਰਨ ਸੁਰੱਖਿਆ ਏਜੰਸੀਆਂ ਕੋਈ ਵੀ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀਆਂ। ਪੁਲਿਸ ਅਧਿਕਾਰੀਆਂ ਅਨੁਸਾਰ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿਰੁੱਧ ਚੱਲ ਰਹੀ ਮੁਹਿੰਮ ਨੂੰ ਵੀ ਹੁਣ ਸੁਰੱਖਿਆ ਦੇ ਨਜ਼ਰੀਏ ਤੋਂ ਤੇਜ਼ ਕਰ ਦਿੱਤਾ ਗਿਆ ਹੈ। ਐਸ.ਐਸ.ਪੀ. ਡਾ. ਜਯੋਤੀ ਯਾਦਵ ਬੈਂਸ ਅਨੁਸਾਰ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਹਰ ਇਨਪੁਟ 'ਤੇ ਗੰਭੀਰਤਾ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਜਨਤਾ ਨੂੰ ਸੁਚੇਤ ਰਹਿਣ ਅਤੇ ਕਿਸੇ ਵੀ ਲਾਵਾਰਿਸ ਚੀਜ਼ ਨੂੰ ਨਾ ਛੂਹਣ ਦੀ ਸਲਾਹ ਦਿੱਤੀ ਹੈ।

# ਖੁੱਡੀਆਂ ਨੇ ਗੋਲਡ ਮੈਡਲਿਸਟ ਕਬੱਡੀ ਖਿਡਾਰਨ ਸਿਮਰਨ ਕੰਬੋਜ ਦਾ ਕੀਤਾ ਸਨਮਾਨ



ਲੰਬੀ / ਮਲੋਟ /ਸ੍ਰੀ ਮੁਕਤਸਰ ਸਾਹਿਬ, 6 ਮਈ ( ਐਚ ਐਸ ਕਪੂਰ) : ਚੀਨ ਵਿਖੇ ਏਸ਼ੀਅਨ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਬੱਡੀ ਵਿੱਚ ਸੋਨੇ ਦਾ ਤਗ਼ਮਾ ਜਿੱਤ ਕੇ ਲਿਆਉਣ ਵਾਲੀ ਕਬੱਡੀ ਖਿਡਾਰਨ ਸਿਮਰਨ ਕੰਬੋਜ ਨੂੰ ਯਾਦਗਾਰੀ ਚਿੰਨ ਅਤੇ ਆਪਣੀ ਨੇਕ ਕਮਾਈ ਵਿੱਚੋਂ 51,000 ਰੁਪਏ ਨਕਦ ਦੇ ਕੇ ਸ.ਗੁਰਮੀਤ ਸਿੰਘ ਖੁੱਡੀਆ ਖੇਤੀਬਾੜੀ ਮੰਤਰੀ ਪੰਜਾਬ ਨੇ ਬੀਤੇ ਦਿਨ ਹਲਕਾ ਲੰਬੀ ਦੇ ਪਿੰਡ ਪੰਜਾਵਾ ਪਹੁੰਚ ਕੇ ਹੌਸਲਾ ਅਫ਼ਜਾਈ ਕੀਤੀ। ਕਬੱਡੀ ਖਿਡਾਰਨ ਅਤੇ ਉਸ ਦੇ ਪਿਤਾ ਸੁਖਪਾਲ ਚੰਦ ਕੰਬੋਜ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਇਲਾਕੇ ਦੀ ਸ਼ਾਨ ਇਸ ਖਿਡਾਰਨ ਧੀ ਨੂੰ ਉਹਨਾਂ ਨਾਲ ਮਿਲਾਉਣਗੇ ਅਤੇ ਪੰਜਾਬ ਸਰਕਾਰ ਵਿਚ ਨੌਕਰੀ ਦੇਣ ਦੀ ਸਿਫ਼ਾਰਸ਼ ਵੀ ਕਰਨਗੇ। ਉਹਨਾਂ ਕਿਹਾ ਕਿ ਕਬੱਡੀ ਖਿਡਾਰਨ ਸਿਮਰਨ ਕੰਬੋਜ ਨੇ ਅੰਤਰਰਾਸ਼ਟਰੀ ਪੱਧਰ 'ਤੇ ਸੋਨ ਤਗ਼ਮਾ ਹਾਸਿਲ ਕਰਕੇ ਆਪਣਾ, ਮਾਪਿਆਂ, ਹਲਕੇ ਤੇ ਪੰਜਾਬ ਤੋਂ ਇਲਾਵਾ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਖਿਡਾਰਨ ਸਿਮਰਨ ਕੰਬੋਜ ਨੇ ਦੱਸਿਆ ਕਿ ਉਹ ਪਹਿਲਾਂ ਵੀ 25 ਤੋਂ ਵੱਧ ਨੈਸ਼ਨਲ ਮੁਕਾਬਲਿਆਂ ਵਿਚ ਭਾਗ ਲੈ ਚੁੱਕੀ ਹੈ ਅਤੇ ਕਈ ਵਾਰ ਤਗਮੇ ਜਿੱਤ ਚੁੱਕੀ ਹੈ। ਉਸ ਦੀ ਇਸ ਲਗਾਤਾਰ ਮਿਹਨਤ ਤੇ ਵਧੀਆ ਪ੍ਰਦਰਸ਼ਨ ਕਰਕੇ ਹੁਣ ਉਹ ਜਪਾਨ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਲਈ ਕੈਂਪ ਵਿਚ ਵੀ ਚੁਣੀ ਗਈ ਹੈ। ਪਿੰਡ ਪੰਜਾਵਾ ਦੇ ਵਾਸੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹਨਾਂ ਦੇ ਪਿੰਡ ਦੀ ਧੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਹਰਮਨ ਕੰਬੋਜ, ਗੁਰਬਾਜ ਸਿੰਘ ਵਣਵਾਲਾ, ਨਿਰਜੀਤ ਸਿੰਘ ਸਰਪੰਚ ਤੱਪਾਖੇੜਾ, ਰਮੇਸ਼ ਕੁਮਾਰ ਸਰਪੰਚ ਪੰਜਾਵਾ ਤੇ ਪਿੰਡ ਵਾਸੀ ਹਾਜ਼ਰ ਸਨ।

# ਉੱਚਾ ਤੇ ਸੁੱਚਾ ਜੀਵਨ ਜਿਉਂ ਕੇ ਗਏ ਹਨ ਮਾਤਾ ਬਿਮਲਾ ਦੇਵੀ



ਲਹਿਰਾਗਾਗਾ, 6 ਮਈ (ਗੁਰਦੀਪ ਸਿੰਘ) : ਲਹਿਰਾਗਾਗਾ ਤੋਂ ਲਹਿਰਾ ਪ੍ਰੈਸ ਕਲੱਬ ਦੇ ਚੇਅਰਮੈਨ ਸ਼ੰਭੂ ਗੋਇਲ ਤੇ ਰਾਮ ਲਾਲ ਗੋਇਲ ਦੀ ਮਾਤਾ ਬਿਮਲਾ ਦੇਵੀ ਨਮਿਤ ਸ਼ਰਧਾਂਜਲੀ ਸਮਾਰੋਹ (ਪ੍ਰੇਰਨਾ ਦਿਵਸ) ਸਥਾਨਕ ਸੌਰਵ ਕੰਪਲੈਕਸ ਵਿਖੇ ਹੋਇਆ, ਜਿਸ ਵਿੱਚ ਜਿੱਥੇ ਹਜ਼ਾਰਾਂ ਵਿਅਕਤੀਆਂ ਨੇ ਹਾਜ਼ਰੀ ਲਵਾਈ ਉਥੇ ਹੀ ਪੰਜਾਬ ਦੇ ਕੈਬਨਿਟ ਮੰਤਰੀ ਐਡ. ਬਰਿੰਦਰ ਗੋਇਲ ਸਮੇਤ ਸਾਰੀਆਂ ਪਾਰਟੀਆਂ ਦੇ ਰਾਜਨੀਤਿਕ, ਸਮਾਜਿਕ ਤੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਨੇ ਸ਼ਿਰਕਤ ਕੀਤੀ। ਇਸ ਸ਼ਰਧਾਂਜਲੀ ਸਮਾਰੋਹ ਸਮੇਂ ਹੋਏ ਪ੍ਰੇਰਨਾ ਦਿਵਸ ਵਿੱਚ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਵਿਜੇ ਧੀਰ ਪਟਿਆਲਾ ਨੇ ਸਟੇਜ ਤੋਂ ਪ੍ਰਵਚਨ ਕਰਦਿਆਂ ਫਰਮਾਇਆ ਕਿ ਮਰਨਾ ਸੱਚ ਹੈ ਤੇ ਜਿਊਣਾ ਝੂਠ ਹੈ। ਇਸ ਲਈ ਹਰੇਕ ਵਿਅਕਤੀ ਨੂੰ ਮੌਤ ਯਾਦ ਰੱਖਦਿਆਂ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ, ਤਾਂ ਜੋ 84 ਦੇ ਬੰਧਨ ਤੋਂ ਮੁਕਤ ਹੋਇਆ ਜਾ ਸਕੇ। ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਨੇ ਆਪਣੇ ਸੰਬੋਧਨੀ ਭਾਸ਼ਣ ਵਿੱਚ ਕਿਹਾ ਕਿ ਮਾਤਾ ਬਿਮਲਾ ਦੇਵੀ ( 95) ਜਿੱਥੇ ਧਾਰਮਿਕ ਵਿਚਾਰਾਂ ਵਾਲੇ ਸਨ, ਉੱਥੇ ਹੀ ਇਨਾਂ ਦੇ ਪਰਿਵਾਰ ਵੱਲੋਂ ਇਨ੍ਹਾਂ ਦੀ ਅਥਾਹ ਸੇਵਾ ਕੀਤੀ, ਜਿਸ ਸਦਕਾ ਇਨਾ ਨੇ ਆਪਣਾ ਜੀਵਨ ਵਧੀਆ ਤਰੀਕੇ ਨਾਲ ਬਤੀਤ ਕੀਤਾ। ਆਪਾਂ ਨੂੰ ਵੀ ਮਾਤਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਸਮੇਂ ਕੈਬਨਿਟ ਮੰਤਰੀ ਗੋਇਲ ਤੋਂ ਇਲਾਵਾ ਉਹਨਾਂ ਦੇ ਸਪੁੱਤਰ ਐਡਵੋਕੇਟ ਗੌਰਵ ਗੋਇਲ, ਮੰਤਰੀ ਦੀ ਭਰਜਾਈ ਅਤੇ ਨਗਰ ਕੌਂਸਲ ਪ੍ਰਧਾਨ ਕਾਂਤਾ ਗੋਇਲ, ਮੰਤਰੀ ਗੋਇਲ ਦੀ ਧਰਮ ਪਤਨੀ ਸੀਮਾ ਗੋਇਲ, ਟਰੇਡ ਵਿੰਗ ਦੇ ਚੇਅਰਮੈਨ ਪ੍ਰਿੰਸ ਗਰਗ, ਆੜਤੀ ਐਸੋਸੀਏਸ਼ਨ ਦੇ ਸੂਬਾ ਵਾਈਸ ਪ੍ਰਧਾਨ ਜੀਵਨ ਕੁਮਾਰ ਰੱਬੜ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸ਼ਰਮਾਂ, ਅਸ਼ੋਕ ਬਾਂਸਲ, ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਪ੍ਰਮਿੰਦਰ ਢੀਂਡਸਾ ਦੀ ਧਰਮ ਪਤਨੀ ਬੀਬਾ ਗਗਨਦੀਪ ਢੀਂਡਸਾ, ਕਾਂਗਰਸੀ ਆਗੂ ਦੁਰਲੱਭ ਸਿੱਧੂ, ਸਨਮੀਕ ਸਿੰਘ ਹੈਨਰੀ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਐਡ. ਗਗਨਦੀਪ ਸਿੰਘ ਖੰਡੇਬਾਦ, ਭਾਜਪਾ ਦੇ ਸੱਤਪਾਲ ਸਿੰਗਲਾ, ਸੁਖਵੰਤ ਸਿੰਘ ਸਰਾਓ, ਵਿਨੋਦ ਸਿੰਗਲਾ ਕੇਵਲ ਸਿੰਗਲਾ, ਤਰਸੇਮ ਚੰਦ ਖੱਦਰ ਭੰਡਾਰ ਵਾਲੇ, ਐਸਡੀਓ ਪਾਵਰਕਾਮ ਸ਼ਹਿਰੀ ਸ਼ਰਨਜੀਤ ਸਿੰਘ ਚਹਿਲ, ਬਾਂਸਲ ਹਸਪਤਾਲ ਦੇ ਡਾ. ਪਵਨ ਕੁਮਾਰ ਬਾਂਸਲ ਤੇ ਹੋਰ ਵੀ ਹਜ਼ਾਰਾਂ ਲੋਕ ਇਸ ਪ੍ਰੇਰਣਾ ਦਿਵਸ ਮੌਕੇ ਮੌਜੂਦ ਰਹੇ।

# ਕਾਂਗਰਸੀ ਆਗੂ ਗੁਰਪਿਆਰ ਧੂਰਾ ਨੂੰ ਸਦਮਾ, ਭਾਣਜੀ ਦਾ ਦੇਹਾਂਤ



ਧੂਰੀ, 6 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਪੰਜਾਬ ਪ੍ਰਦੇਸ਼ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਅਤੇ ਹਲਕਾ ਸੁਨਾਮ ਦੇ ਕੋਆਰਡੀਨੇਟਰ ਗੁਰਪਿਆਰ ਸਿੰਘ ਧੂਰਾ ਦੇ ਪਰਿਵਾਰ ਨੂੰ ਉਸ ਵੇਲੇ ਬਹੁਤ ਵੱਡਾ ਸਦਮਾ ਪੁੱਜਿਆ, ਜਦੋਂ ਉਨ੍ਹਾਂ ਦੀ ਭਾਣਜੀ ਡਾ. ਰੀਆ ਸ਼ਰਮਾ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ। ਡਾ. ਰੀਆ ਸ਼ਰਮਾ ਦੇ ਅਚਾਨਕ ਚਲੇ ਜਾਣ ਨਾਲ ਧੂਰਾ ਪਰਿਵਾਰ ਅਤੇ ਰਿਸ਼ਤੇਦਾਰਾਂ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਇਕ ਨੌਜਵਾਨ ਅਤੇ ਪੜ੍ਹੀ-ਲਿਖੀ ਸ਼ਖ਼ਸੀਅਤ ਦਾ ਇੰਨੀ ਜਲਦੀ ਜਾਣਾ ਸਮਾਜ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ।ਇਸ ਦੁੱਖ ਦੀ ਘੜੀ ਵਿੱਚ ਪੰਜਾਬ ਦੀਆਂ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਦੇ ਆਗੂਆਂ ਨੇ ਗੁਰਪਿਆਰ ਸਿੰਘ ਧੂਰਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸਥਾਨਕ ਆਗੂਆਂ ਨੇ ਕਿਹਾ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ 'ਚ ਮਸਲੇ ਵਿਚਾਰੇ



ਸੁਨਾਮ ਊਧਮ ਸਿੰਘ ਵਾਲਾ, 6 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) :ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਸੰਗਰੂਰ ਦੀ ਮੀਟਿੰਗ ਸੁਨਾਮ ਦੇ ਗੁਰੂ ਘਰ ਸੱਚਖੰਡ ਸਾਹਿਬ ਵਿਖੇ ਜ਼ਿਲਾ ਪ੍ਰਧਾਨ ਅਮਰੀਕ ਸਿੰਘ ਗੰਢੂਆ ਦੀ ਅਗਵਾਈ ਅਧੀਨ ਕੀਤੀ ਗਈ ਇਸ ਮੀਟਿੰਗ ਸਮੇਂ ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾ ਝਾੜ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੇ ਕਣਕ ਦੀ ਸਾਰੀ ਫਸਲ ਵੇਚ ਦਿੱਤੀ ਹੈ ਪਰ ਬੈਂਕਾਂ ਦੀ ਤਰਫੋਂ ਕਿਸਾਨਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਅਸਲ ਰੂਪ ਵਿੱਚ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਦੋਵੇਂ ਅੱਖਾਂ ਮਿਚੀਹੀ ਬੈਠੀਆਂ ਹਨ ਸਰਕਾਰ ਦੀ ਤਰਫੋਂ ਸੋਸਾਇਟੀਆਂ ਚ ਕਿਸਾਨਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਇੱਕ ਪਾਸੇ ਸਰਕਾਰ ਆਖ ਰਹੀ ਹੈ ਕਿ ਕਿਸਾਨਾਂ ਦਾ ਹੱਦ ਕਰਜਾ ਵਧਾ ਦਿੱਤਾ ਹੈ ਪਰ ਸੈਂਟਰ ਦੀ ਸਰਕਾਰ ਨੇ ਲੋੜੀ ਦੀ ਰਾਸ਼ੀ ਬੈਂਕਾਂ ਨੂੰ ਮੁਹੱਈਆ ਨਹੀਂ ਕਰਵਾਈ ਕਿਸਾਨਾਂ ਨੂੰ ਸੁਸਾਇਟੀਆਂ ਅੰਦਰ ਕਿਸੇ ਪ੍ਰਕਾਰ ਦਾ ਕੋਈ ਕੈਸ਼ ਨਹੀਂ ਮਿਲ ਰਿਹਾ ਕਿਸਾਨ ਖੱਜਲ ਖਵਾਰ ਹੋ ਰਹੇ ਹਨ ਕਿਸਾਨ ਆਗੂਆਂ ਨੇ ਕਿਹਾ ਕਿ 10 ਮਈ ਨੂੰ ਬੀਬੀਐਮ ਦੇ ਮਸਲੇ ਤੇ ਸੰਗਰੂਰ ਦੇ ਜੇਜੀ ਪੈਲਸ ਵਿਖੇ ਕਾਨਫਰੰਸ ਕੀਤੀ ਜਾ ਰਹੀ ਹੈ ਕਿਉਂਕਿ ਬੀਬੀਐਮ ਨੂੰ ਸੈਂਟਰ ਆਪਣੇ ਹੱਥਾਂ ਹੇਠ ਕਰ ਰਿਹਾ ਹੈ ਪੰਜਾਬ ਅਤੇ ਹਰਿਆਣੇ ਦੀ ਹਿੱਸੇਦਾਰੀ ਨੂੰ ਖਤਮ ਕੀਤਾ ਜਾ ਰਿਹਾ ਹੈ ਇਸ ਤੋਂ ਇਲਾਵਾ 15 ਮਈ ਨੂੰ ਐਸਕੇਐਮ ਦੇ ਸੱਦੇ ਤੇਕਿਸਾਨਾਂ ਮਜ਼ਦੂਰਾਂ ਦੀ ਤਰਫੋਂ ਚੰਡੀਗੜ੍ਹ ਵਿਖੇ ਗਵਰਨਰ ਵੱਲ ਰੋਸ ਮੁਜ਼ਾਰਾ ਕਰਨਾ ਹੈ ਮੌਕੇ ਦੀਆਂ ਸਰਕਾਰਾਂ ਬਿਜਲੀ ਬੋਰਡ ਸੇਲ ਕਰ ਰਹੀਆਂ ਹਨ ਸਕੂਲ ਵੇਚੇ ਜਾ ਰਹੇ ਹਨ ਹਵਾਈ ਜਹਾਜ ਵੇਚੇ ਜਾ ਰਹੇ ਹਨ ਸੜਕਾਂ ਵੇਚੀਆਂ ਜਾ ਰਹੀਆਂ ਹਨ ਅਤੇ ਅਮਰੀਕਾ ਵਰਗੇ ਧਨਾੜ ਦੇਸਾਂ ਨਾਲ ਫਰੀ ਟਰੇਡ ਡੀਲ ਕੀਤੀ ਜਾ ਰਹੀ ਹੈ ਪੂਰੇ ਭਾਰਤ ਦੇ ਲੋਕਾਂ ਨੂੰ ਤਬਾਹੀ ਦੇ ਕੰਢੇ ਲਿਆ ਕੇ ਖੜੇ ਕਰ ਦਿੱਤਾ ਹੈ ਫੌਜ ਵਰਗੇ ਮਹਿਕਮੇ ਅਗਨੀ ਵੀਰ ਨਾਂ ਤੇ ਖਤਮ ਕੀਤੇ ਜਾ ਰਹੇ ਹਨ ਨੌਜਵਾਨਾਂ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ ਅੱਜ ਦੀ ਮੀਟਿੰਗ ਸਮੇਂ ਫੰਡਾਂ ਸਬੰਧੀ ਗੱਲਬਾਤ ਕੀਤੀ ਗਈ ਅਤੇ ਫੰਡਾਂ ਸਬੰਧੀ ਖਾਤੇ ਜਥੇਬੰਦੀ ਦੇ ਨਾਂ ਤੇ ਖੋਲਣ ਨੂੰ ਕਿਹਾ ਗਿਆ ਫੰਡਾਂ ਦਾ ਹਿਸਾਬ ਕਿਤਾਬ ਕਰਕੇ ਉਸ ਦੀਆਂ ਕਾਪੀਆਂ ਕੰਧਾਂ ਤੇ ਚਿਪਕਾਈਆਂ ਜਾਣ ਸੰਘਰਸ਼ ਤੋਂ ਬਿਨਾਂ ਕੋਈ ਰਸਤਾ ਬਾਕੀ ਨਹੀਂ ਹੈ ਬੈਂਕ ਕਿਸਾਨ ਆਗੂਆਂ ਨੇ ਕਿਹਾ ਕਿ ਸਾਰੇ ਬਲਾਕਾਂ ਦੇ ਅਤੇ ਪਿੰਡ ਇਕਾਈਆਂ ਦੇ ਖਾਤੇ ਬੈਂਕਾਂ ਅੰਦਰ ਜਥੇਬੰਦੀ ਦੇ ਨਾਂ ਤੇ ਖੋਲੇ ਜਾਣ ਅੱਜ ਦੀ ਮੀਟਿੰਗ ਸਮੇਂ ਜਿਲਾ ਜਨਰਲ ਸਕੱਤਰ ਦਰਬਾਰਾ ਸਿੰਘ ਛਾਜਲਾ ਬਹਾਲ ਸਿੰਘ ਢੀਡਸਾ ਅਮਨਦੀਪ ਸਿੰਘ ਮਹਿਲਾ ਬਹਾਦਰ ਸਿੰਘ ਭਟਾਲ ਖੁਰਦ ਜਗਤਾਰ ਸਿੰਘ ਲੱਡੀ ਹਰਬੰਸ ਸਿੰਘ ਲੱਡਾ ਬੰਟੀ ਮੂਣਕ ਹਰਜੀਤ ਸਿੰਘ ਮਹਿਲਾ ਮਿਸ਼ਰਾ ਸਿੰਘ ਨਿਹਾਲਗੜ੍ਹ ਜਸਵੰਤ ਸਿੰਘ ਤੋਲਾਵਾਲ ਬਲਵਿੰਦਰ ਸਿੰਘ ਘਨੌੜ ਜੱਟਾਂ ਸੁਖਪਾਲ ਸਿੰਘ ਮਾਣਕ ਆਦਿ ਹਾਜ਼ਰ ਹੋਏ।

# ਮਲੇਨੀਅਮ ਸਕੂਲ 'ਚ ਕਾਲਜਾਂ ਦੀ ਤਰਜ 'ਤੇ ਚੋਣ ਕਰਵਾਈ

## ਇਸ਼ਮਾਨ ਭੁੱਲਰ ਹੈੱਡ ਬੁਆਏ ਅਤੇ ਅਮਰਾਜ ਕੌਰ ਹੈੱਡ ਗਰਲ ਚੁਣੇ ਗਏ



ਬਠਿੰਡਾ, 6 ਮਈ (ਜਗਸੀਰ ਭੁਲਰ) :ਲੋਕਤੰਤਰ ਦੇਸ਼ ਭਾਰਤ ਵਿੱਚ ਚੋਣਾਂ ਦਾ ਬਹੁਤ ਵੱਡਾ ਮਹੱਤਵ ਹੈ, ਇਸ ਲਈ ਜਿੱਥੇ ਸਰਕਾਰਾਂ ਬਣਾਉਣ ਲਈ ਚੋਣਾਂ ਹੁੰਦੀਆਂ ਹਨ ਉੱਥੇ ਯੂਨੀਵਰਸਿਟੀਆਂ ਕਾਲਜਾਂ ਵਿੱਚ ਵੀ ਪੂਰੇ ਜੋਸ਼ੋ ਖਰੋਸ਼ ਨਾਲ ਚੋਣਾਂ ਕਰਵਾਈਆਂ ਜਾਂਦੀਆਂ ਹਨ। ਮਲੇਨੀਅਮ ਸਕੂਲ ਬਠਿੰਡਾ ਨੇ ਬੱਚਿਆਂ ਨੂੰ ਚੋਣਾਂ ਲਈ ਜਾਗਰੂਕ ਕਰਨ ਅਤੇ ਦੇਸ਼ ਸਮਾਜ ਦੇ ਸੁਧਾਰ ਲਈ ਜ਼ੁੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਪ੍ਰਾਇਮਰੀ ਜਮਾਤਾਂ ਦੀ ਜੂਨੀਅਰ ਕੌਂਸਲ ਦੀਆਂ ਚੋਣਾਂ ਕਰਵਾਉਣ ਦੀ ਨਿਵੇਕਲੀ ਪਿਰਤ ਨੂੰ ਅੱਗੇ ਵਧਾਇਆ ਹੈ।ਸਕੂਲ ਵੱਲੋਂ ਪ੍ਰਾਇਮਰੀ ਜਮਾਤਾਂ ਦੀ ਜੂਨੀਅਰ ਸਟੂਡੈਂਟ ਕੌਂਸਲ 2026-27 ਲਈ ਚੋਣਾਂ ਕਰਵਾਈਆਂ ਗਈਆਂ। ਇਹਨਾਂ ਚੋਣਾਂ ਲਈ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਨੇ ਬਕਾਇਦਾ ਚੋਣ ਮੈਦਾਨ ਵਿੱਚ ਨਿੱਤਰਣ ਦਾ ਐਲਾਨ ਕੀਤਾ, ਪੋਸਟਰ ਬਣਾ ਕੇ ਲਗਾਏ ਗਏ, ਵੋਟਰਾਂ ਤੱਕ ਸੰਪਰਕ ਕੀਤਾ ਗਿਆ ਅਤੇ ਪ੍ਰਚਾਰ ਕਰਕੇ ਸੁਧਾਰ ਕਰਨ ਹਿਤ ਵਾਅਦੇ ਕੀਤੇ ਗਏ। ਮਿਥੀ ਤਾਰੀਖ ਤੇ ਕੰਪਿਊਟਰ ਰਾਹੀਂ ਗੁਪਤ ਵੋਟਾਂ ਪਵਾਈਆਂ ਗਈਆਂ। ਇਹਨਾਂ ਚੋਣਾਂ ਵਿੱਚ ਭਾਵੇਂ ਵੱਖ-ਵੱਖ ਹਾਊਸਾਂ ਦੇ ਪ੍ਰਬੰਧਕ ਵੀ ਚੁਣੇ ਜਾਣੇ ਸਨ, ਪਰ ਸਭ ਤੋਂ ਵੱਧ ਜੋਰ ਦੋ ਅਹਿਮ ਅਹੁਦਿਆਂ ਹੈੱਡ ਬੁਆਏ ਅਤੇ ਹੈੱਡ ਗਰਲ ਚੁਣੇ ਜਾਣ ਤੇ ਲੱਗਾ ਹੋਇਆ ਸੀ। ਵੋਟਾਂ ਪੈਣ ਤੋਂ ਦੋ ਦਿਨ ਬਾਅਦ ਗਿਣਤੀ ਕਰਕੇ ਜੇਤੂਆਂ ਦਾ ਐਲਾਨ ਕੀਤਾ ਗਿਆ। ਜਿਸ ਵਿੱਚ ਇਸ਼ਮਾਨ ਭੁੱਲਰ ਕਲਾਸ ਚੌਥੀ ਹੈੱਡ ਬੁਆਏ ਅਤੇ ਅਮਰਾਜ ਕੌਰ ਭੁੱਲਰ ਕਲਾਸ ਪੰਜਵੀਂ ਹੈੱਡ ਗਰਲ ਚੁਣੇ ਗਏ। ਇਸੇ ਤਰ੍ਹਾਂ ਸੀਨਅਰ ਸਟੂਡੈਂਟ ਕੌਂਸਲ ਦੀ ਚੋਣ ਵਿੱਚ ਉਦੈ ਸਿੰਘ ਸਿੱਧੂ ਹੈੱਡ ਬੁਆਏ ਅਤੇ ਅਜੈਆਂਸੀ ਸਰਮਾ ਹੈੱਡ ਗਰਲ ਚੁਣੇ ਗਏ। ਸਕੂਲ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਕੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਦੀ ਹਾਜਰੀ ਵਿੱਚ ਜੇਤੂ ਉਮੀਦਵਾਰਾਂ ਨੂੰ ਅਹੁਦੇ ਸੰਭਾਲ ਕੇ ਜੁਮੇਵਾਰੀਆਂ ਨਿਭਾਉਣ ਦੀ ਸਹੁੰ ਚੁਕਾਈ ਗਈ। ਸਕੂਲ ਦੀ ਪ੍ਰਿਸੀਪਲ ਸ੍ਰੀਮਤੀ ਸੁਰਭੀ ਜੋਸ਼ੀ ਨੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ, ਸਕੂਲ ਵੱਲੋਂ ਉਹਨਾਂ ਵਿੱਚ ਦੇਸ਼ ਤੇ ਸਮਾਜ ਪ੍ਰਤੀ ਸੇਵਾ ਅਤੇ ਜੁਮੇਵਾਰੀਆਂ ਨਿਭਾਉਣ ਲਈ ਜਾਗਰੂਕਤਾ ਲਿਆਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਚੋਣ ਵੇਖਣ ਸੁਣਨ ਨੂੰ ਭਾਵੇਂ ਛੋਟਾ ਕਾਰਜ ਜਾਪਦਾ ਹੈ, ਪਰ ਇਸ ਕਾਰਜ ਦੀ ਹਰ ਪਾਸਿਉਂ ਸਲਾਘਾ ਹੋ ਰਹੀ ਹੈ।

# ਸ਼ੋਅਦ ਦੀ 15 ਮਈ ਦੀ ਸੰਗਰੂਰ ਰੈਲੀ ਅਗਾਮੀ ਵਿਧਾਨ ਸਭਾ ਚੋਣਾਂ ਦਾ ਆਗਾਜ ਕਰੇਗੀ : ਰਾਮਪੁਰਾ



ਧੂਰੀ:, 6 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 15 ਮਈ ਨੂੰ ਗੁਰਦੁਆਰਾ ਨਾਨਕੀਆਣਾ ਸਾਹਿਬ, ਸੰਗਰੂਰ ਵਿਖੇ ਕੀਤੀ ਜਾ ਰਹੀ ਲੋਕ ਸਭਾ ਹਲਕਾ ਪੱਧਰੀ ਮਹਾਂ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਅੱਜ ਗੁਰਦੁਆਰਾ ਨਾਨਕਸਰ ਸਾਹਿਬ ਧੂਰੀ ਵਿਖੇ ਹਲਕਾ ਧੂਰੀ ਦੇ ਵਰਕਰਾਂ ਅਤੇ ਅਹੁਦੇਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਰੈਲੀ ਦੀ ਸਫਲਤਾ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ, ਜੱਥੇਦਾਰ ਬਹਾਦਰ ਸਿੰਘ ਭਸੌੜ, ਨਰਿੰਦਰ ਸਿੰਘ ਕਾਲਾਬੂਲਾ ਅਤੇ ਅਮਰਜੀਤ ਸਿੰਘ ਬਾਦਸ਼ਾਹਪੁਰ ਨੇ ਸਾਂਝੇ ਤੌਰ ਤੇ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਹਮੇਸ਼ਾ ਹੀ ਪੰਥ, ਪੰਜਾਬ, ਪੰਜਾਬੀਅਤ ਅਤੇ ਕਿਸਾਨੀ ਦੀ ਹੋਂਦ ਨੂੰ ਬਚਾਉਣ ਲਈ ਮੈਦਾਨ ਵਿੱਚ ਡਟੇ ਹੋਏ ਹਨ। ਉਨ੍ਹਾਂ ਕਿਹਾ ਕਿ 15 ਮਈ ਦੀ ਇਹ ਰੈਲੀ ਸਿਰਫ਼ ਇੱਕ ਇਕੱਠ ਨਹੀਂ ਹੋਵੇਗੀ, ਸਗੋਂ ਇਹ ਅਗਾਮੀ ਵਿਧਾਨ ਸਭਾ ਚੋਣਾਂ ਦਾ ਬਿਗੁਲ ਵਜਾਏਗੀ ਅਤੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆਵੇਗੀ।ਆਗੂਆਂ ਨੇ ਮੌਜੂਦਾ ਅਤੇ ਪਿਛਲੀਆਂ ਸਰਕਾਰਾਂ ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਅੱਜ ਤੱਕ ਦੀਆਂ ਸਰਕਾਰਾਂ ਨੇ ਲੋਕਾਂ ਨਾਲ ਸਿਰਫ਼ ਚੋਣਾਂ ਵੇਲੇ ਸਬਜ਼ਬਾਗ ਦਿਖਾ ਕੇ ਵਾਅਦੇ ਕੀਤੇ ਹਨ, ਪਰ ਸੱਤਾ ਮਿਲਣ ਤੋਂ ਬਾਅਦ ਕੋਈ ਵੀ ਵਾਅਦਾ ਵਫ਼ਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਨੂੰ ਇਮਾਨਦਾਰੀ ਨਾਲ ਲਾਗੂ ਨਹੀਂ ਕੀਤਾ। ਇਸ ਦੇ ਉਲਟ, ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੀ ਕਹਿਣੀ ਅਤੇ ਕਰਨੀ ਦਾ ਪੱਕਾ ਹੈ ਅਤੇ ਹਮੇਸ਼ਾ ਲੋਕਾਂ ਦੇ ਮਸਲਿਆਂ ਲਈ ਵਚਨਬੱਧ ਰਿਹਾ ਹੈ।ਮੀਟਿੰਗ ਦੌਰਾਨ ਪੰਜਾਬ ਦੀ ਆਰਥਿਕਤਾ ਤੇ ਚਰਚਾ ਕਰਦਿਆਂ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਪੰਜਾਬ ਦਾ ਕਿਸਾਨ, ਮਜ਼ਦੂਰ ਅਤੇ ਛੋਟਾ ਵਪਾਰੀ ਆਰਥਿਕ ਤੌਰ ਤੇ ਕਾਮਯਾਬ ਨਹੀਂ ਹੁੰਦਾ, ਉਦੋਂ ਤੱਕ ਸੂਬਾ ਖੁਸ਼ਹਾਲ ਨਹੀਂ ਹੋ ਸਕਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਿਸਾਨੀ ਹੈ; ਜੇਕਰ ਕਿਸਾਨ ਦੀ ਜੇਬ ਵਿੱਚ ਪੈਸਾ ਹੋਵੇਗਾ, ਤਾਂ ਹੀ ਬਾਜ਼ਾਰਾਂ ਵਿੱਚ ਰੌਣਕ ਆਵੇਗੀ ਅਤੇ ਸੂਬਾ ਮਜ਼ਬੂਤ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਰੱਤੋਕੇ, ਮੁਲਾਜ਼ਮ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਹਰਚਰਨ ਸਿੰਘ ਭਸੌੜ, ਸਾਧੂ ਸਿੰਘ ਪੇਧਨੀ, ਗੁਲਾਬ ਸਿੰਘ ਜੱਖਲਾਂ, ਜਸਪਾਲ ਸਿੰਘ ਬਮਾਲ, ਸੁਖਵਿੰਦਰ ਸਿੰਘ ਬੱਲਮਗੜ੍ਹ, ਹਰਬੰਸ ਸਿੰਘ ਬਾਦਸ਼ਾਹਪੁਰ, ਬਿੱਕਰ ਸਿੰਘ ਦੋਹਲਾ, ਪ੍ਰਿਤਪਾਲ ਸਿੰਘ, ਗੁਰਜਿੰਦਰ ਸਿੰਘ ਘਨੌਰੀ ਅਤੇ ਸੁਖਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਆਕਸਫੋਰਡ ਸਕੂਲ ਵਿਖੇ ਸਕੂਲ ਕੌਂਸਲ ਦੀ ਚੋਣ




ਗਤਾ ਭਾਈ ਕਾ, 6 ਮਈ (ਸਵਰਨ ਸਿੰਘ ਭਗਤਾ) :ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ' ਭਗਤਾ ਭਾਈ ਕਾ ਇਲਾਕੇ ਦੀ ਨਾਮੀ ਵਿੱਦਿਅਕ ਸੰਸਥਾ ਹੈ, ਇਸ ਸੰਸਥਾ ਦੇ ਤਰਾਸੇ ਹੀਰੇ ਦੇਸ਼ਾਂ - ਵਿਦੇਸ਼ਾਂ ਵਿੱਚ ਵੀ ਆਪਣੀ ਚਮਕ ਨਾਲ ਚੰਗਾ ਨਾਮਣਾ ਖੱਟ ਰਹੇ ਹਨ।ਆਕਸਫੋਰਡ ਇੱਕ ਅਜਿਹੀ ਵਿੱਦਿਅਕ ਸੰਸਥਾ ਹੈ,ਜਿਥੇ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕੀਤਾ ਜਾਂਦਾ ਹੈ।ਇਹ ਸੰਸਥਾ ਵਿਦਿਆਰਥੀਆਂ ਅੰਦਰ ਵੱਖ - ਵੱਖ ਪ੍ਰਕਾਰ ਦੇ ਗੁਣ ਜਿਵੇਂ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ ਆਦਿ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ।ਇਸੇ ਪੱਖ ਨੂੰ ਮੱਦੇਨਜ਼ਰ ਰੱਖਦੇ ਹੋਏ ਵਿਦਿਆਰਥੀਆਂ ਅੰਦਰ ਲੀਡਰਸ਼ਿਪ ਗੁਣ ਪੈਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਕੌਂਸਲ ਦੀ ਚੋਣ ਕੀਤੀ ਗਈ।ਜਿਸ ਅਧੀਨ ਵੱਖ - ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਅੱਗੇ ਆ ਕੇ ਆਪਣਾ ਨਾਮ ਸਕੂਲ ਕੌਂਸਲ ਦੀ ਚੋਣ ਲਈ ਦਰਜ ਕਰਵਾਇਆ। ਇਨ੍ਹਾਂ ਵਿਦਿਆਰਥੀਆਂ ਦੀ ਕਾਬਲੀਅਤ, ਬੋਲਬਾਣੀ, ਅਨੁਸ਼ਾਸਨ ਆਦਿ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬੜੇ ਹੀ ਸੁਚੱਜੇ ਢੰਗ ਨਾਲ ਸਕੂਲ ਕੌਂਸਲ ਦੀ ਚੋਣ ਕੀਤੀ ਗਈ। ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸਕੂਲ ਕੌਂਸਲ ਦਾ ਮੁੱਖ ਉਦੇਸ਼ ਸਮਝਾਉਂਦੇ ਹੋਏ ਸਕੂਲ ਕੌਂਸਲ ਦੇ ਵਿਦਿਆਰਥੀਆਂ ਨੂੰ ਬੈਚ ਅਤੇ ਸ਼ੈਸ਼ ਪਹਿਨਾ ਕੇ ਅਲੱਗ - ਅਲੱਗ ਅਹੁਦਿਆਂ ਨਾਲ ਨਿਵਾਜਿਆ। ਪਰਿਆਂਸ਼ ਬਾਂਸਲ ਜਮਾਤ ਬਾਰ੍ਹਵੀਂ ਰੌਜ਼ ਨੂੰ ਹੈੱਡ ਬੁਆਏ, ਨਮਨੀਤ ਕੌਰ ਜਮਾਤ ਬਾਰ੍ਹਵੀਂ ਸਨਫਲਾਵਰ ਨੂੰ ਹੈੱਡ ਗਰਲ ਦੇ ਅਹੁਦੇ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਬਲਿਊ ਹਾਊਸ ਦੀ ਵਿਦਿਆਰਥਣ ਪਰਨੀਤ ਕੌਰ ਜਮਾਤ ਨੌਵੀਂ ਡੈਫੋਡਿਲਸ ਨੂੰ ਹਾਊਸ ਕੈਪਟਨ, ਜੈਸਲੀਨ ਕੌਰ ਜਮਾਤ ਅੱਠਵੀਂ ਰੋਜ਼ ਨੂੰ ਵਾਈਸ ਕੈਪਟਨ, ਦਿਲਰਾਜ ਸਿੰਘ ਜਮਾਤ ਨੌਵੀਂ ਰੋਜ਼ ਨੂੰ ਸਪਰੋਟਸ ਕੈਪਟਨ, ਵਰਨੀਤ ਕੌਰ ਜਮਾਤ ਨੌਵੀਂ ਸਨਫਲਾਵਰ ਨੂੰ ਡਿਸਸਿਪਲਿਨ ਇੰਚਾਰਜ ਅਤੇ ਸਿਮਰਜੀਤ ਕੌਰ ਜਮਾਤ ਨੌਵੀਂ ਰੋਜ਼ ਨੂੰ ਕਲਚਰਲ ਸੈਕਰੇਟਰੀ ਦੇ ਅਹੁਦੇ ਨਾਲ ਸਨਮਾਨਿਆ ਗਿਆ।ਗਰੀਨ ਹਾਊਸ ਦੇ ਵਿਦਿਆਰਥੀ ਰਣਵੀਰ ਸਿੰਘ ਜਮਾਤ ਨੌਵੀਂ ਲੋਟਸ ਨੂੰ ਹਾਊਸ ਕੈਪਟਨ, ਮਨਜੋਤ ਕੌਰ ਜਮਾਤ ਅੱਠਵੀਂ ਰੋਜ਼ ਨੂੰ ਵਾਈਸ ਕੈਪਟਨ, ਸਹਿਜ ਜਿੰਦਲ ਜਮਾਤ ਨੌਵੀਂ ਲੋਟਸ ਨੂੰ ਸਪਰੋਟਸ ਕੈਪਟਨ, ਕਰਨਵੀਰ ਸਿੰਘ ਜਮਾਤ ਨੌਵੀਂ ਲੋਟਸ ਨੂੰ ਡਿਸਸਿਪਲਿਨ ਇੰਚਾਰਜ ਅਤੇ ਜਸ਼ਨਪ੍ਰੀਤ ਕੌਰ ਜਮਾਤ ਡੈਫੋਡਿਲਸ ਨੂੰ ਕਲਚਰਲ ਸੈਕਰੇਟਰੀ ਬਣਾਇਆ ਗਿਆ।ਇਸੇ ਤਰ੍ਹਾਂ ਰੈੱਡ ਹਾਊਸ ਦੀ ਵਿਦਿਆਰਥਣ ਮਨਰੀਤ ਕੌਰ ਜਮਾਤ ਨੌਵੀਂ ਡੈਫੋਡਿਲਸ ਨੂੰ ਹਾਊਸ ਕੈਪਟਨ, ਮਹਿਕ ਗਰਗ ਜਮਾਤ ਅੱਠਵੀਂ ਰੋਜ਼ ਨੂੰ ਵਾਈਸ ਕੈਪਟਨ, ਅਭਿਜੋਤ ਸਿੰਘ ਜਮਾਤ ਨੌਵੀਂ ਡੈਫੋਡਿਲਸ ਨੂੰ ਸਪਰੋਟਸ ਕੈਪਟਨ, ਪਵਿਤ ਕੌਰ ਜਮਾਤ ਨੌਵੀਂ ਡੈਫੋਡਿਲਸ ਨੂੰ ਡਿਸਸਿਪਲਿਨ ਇੰਚਾਰਜ ਅਤੇ ਹਰਸ਼ਦੀਪ ਕੌਰ ਜਮਾਤ ਨੌਵੀਂ ਡੈਫੋਡਿਲਸ ਨੂੰ ਕਲਚਰਲ ਸੈਕਰੇਟਰੀ ਦੇ ਅਹੁਦੇ ਨਾਲ ਸਨਮਾਨਿਆ ਗਿਆ। ਯੈਲੋ ਹਾਊਸ ਦੀ ਵਿਦਿਆਰਥਣ ਸੀਰਤ ਸੰਧੂ ਜਮਾਤ ਨੌਵੀਂ ਡੈਫੋਡਿਲਸ ਨੂੰ ਹਾਊਸ ਕੈਪਟਨ, ਜਿਗਰ ਸਿੰਘ ਜਮਾਤ ਅੱਠਵੀਂ ਨੂੰ ਵਾਈਸ ਕੈਪਟਨ, ਫਤਿਹਵੀਰ ਸਿੰਘ ਜਮਾਤ ਨੌਵੀਂ ਡੈਫੋਡਿਲਸ ਡਿਸਸਿਪਲਿਨ ਨੂੰ ਸਪਰੋਟਸ ਕੈਪਟਨ, ਮਨਵੀਰ ਕੌਰ ਜਮਾਤ ਨੌਵੀਂ ਡੈਫੋਡਿਲਸ ਇੰਚਾਰਜ ਅਤੇ ਹਰਨਿਮਰਤ ਕੌਰ ਜਮਾਤ ਨੌਵੀਂ ਡੈਫੋਡਿਲਸ ਨੂੰ ਕਲਚਰਲ ਸੈਕਰੇਟਰੀ ਦੇ ਅਹੁਦੇ ਨਾਲ ਨਿਵਾਜਿਆ ਗਿਆ।

# ਸਫ਼ਾਈ ਕਰਮਚਾਰੀਆਂ ਨੇ ਕੰਮਕਾਜ ਠੱਪ ਕਰਕੇ ਸਰਕਾਰ ਵਿਰੁੱਧ ਕਢੀ ਭੜਾਸ

ਬਠਿੰਡਾ, 6 ਮਈ (ਦੀਪਕ ਸ਼ਰਮਾ) : ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਸਫ਼ਾਈ ਸੇਵਕਾਂ ਅਤੇ ਸੀਵਰੇਜ ਕਰਮਚਾਰੀਆਂ ਵੱਲੋਂ ਬੁੱਧਵਾਰ ਨੂੰ ਹੜਤਾਲ ਦਾ ਰਾਹ ਫੜਿਆ ਗਿਆ। ਇਸੇ ਲੜੀ ਤਹਿਤ ਬਠਿੰਡਾ ਵਿੱਚ ਵੀ ਨਗਰ ਨਿਗਮ ਦੇ ਮੁਲਾਜ਼ਮਾਂ ਨੇ ਕੰਮਕਾਜ ਠੱਪ ਰੱਖਿਆ ਅਤੇ ਦਫ਼ਤਰ ਦੇ ਬਾਹਰ ਇਕੱਠੇ ਹੋ ਕੇ ਸੂਬਾ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਹ ਹੜਤਾਲ 'ਮਿਉਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ' ਅਤੇ 'ਸਫ਼ਾਈ ਸੇਵਕ ਯੂਨੀਅਨ ਪੰਜਾਬ' ਦੇ ਸੱਦੇ ਤੇ ਕੀਤੀ ਗਈ।ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸਲਾਹਕਾਰ ਰਾਮਚਰਨ ਅਤੇ ਹੋਰ ਮੁਲਾਜ਼ਮ ਆਗੂਆਂ ਨੇ ਦੱਸਿਆ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਉਨ੍ਹਾਂ ਨੂੰ ਹੜਤਾਲ ਵਰਗਾ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਸੂਬੇ ਵਿੱਚ ਲਗਭਗ 90 ਫ਼ੀਸਦੀ ਕਰਮਚਾਰੀ ਅਜੇ ਵੀ ਕੱਚੇ ਹਨ, ਜੋ ਨਿਗੂਣੀਆਂ ਤਨਖਾਹਾਂ ਤੇ ਗੁਜ਼ਾਰਾ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੌਜੂਦਾ ਸਰਕਾਰ ਨੇ ਮੁਲਾਜ਼ਮਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਅੱਜ ਉਨ੍ਹਾਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ।ਮੁਲਾਜ਼ਮਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਪੱਕਾ ਕੀਤਾ ਜਾਵੇ

# ਸਿਵਲ ਸਰਜਨ ਦਫਤਰ ਅਗੇ ਧਰਨੇ ਦੀਆਂ ਤਿਆਰੀਆਂ ਮੁਕੰਮਲ,



ਬਠਿੰਡਾ, 6 ਮਈ (ਦੀਪਕ ਸ਼ਰਮਾ) :ਦਫ਼ਤਰ ਸਿਵਲ ਸਰਜਨ ਬਠਿੰਡਾ ਵਿਖੇ ਲਗਾਏ ਜਾਣ ਵਾਲੇ ਰੋਸ ਧਰਨੇ ਨੂੰ ਲੈ ਕੇ ਮੁਲਾਜ਼ਮਾਂ ਵੱਲੋਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਦੀ ਰਾਹ 'ਤੇ ਤੁਰੇ ਆਊਟਸੋਰਸ ਮੁਲਾਜ਼ਮਾਂ ਨੇ ਅੱਜ ਇੱਕ ਵਿਸ਼ੇਸ਼ ਮੀਟਿੰਗ ਕੀਤੀ, ਜਿਸ ਵਿੱਚ ਆਉਣ ਵਾਲੇ ਦਿਨਾਂ ਲਈ ਅਹਿਮ ਫੈਸਲੇ ਲਏ ਗਏ।ਇਸ ਮੀਟਿੰਗ ਵਿੱਚ ਆਊਟਸੋਰਸ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ, ਲੈਬ ਟੈਕਨੀਸ਼ੀਅਨ ਬਲਵੰਤ ਸਿੰਘ ਅਤੇ ਵੀਰਪਾਲ ਕੌਰ ਸਟਾਫ਼ ਸਮੇਤ ਹੋਰ ਕਈ ਸਾਥੀਆਂ ਨੇ ਸ਼ਮੂਲੀਅਤ ਕੀਤੀ। ਆਗੂਆਂ ਨੇ ਦੱਸਿਆ ਕਿ ਧਰਨੇ ਦੀ ਰੂਪ-ਰੇਖਾ ਉਲੀਕੀ ਜਾ ਚੁੱਕੀ ਹੈ ਅਤੇ ਸਾਰੇ ਮੁਲਾਜ਼ਮਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਸੁਨੀਤਾ ਸ਼ਰਮਾ ਬਣੀਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਇਸਤਰੀ ਵਿੰਗ ਕੋਰ ਕਮੇਟੀ ਦੀ ਮੈਂਬਰ



ਸੁਨਾਮ ਊਧਮ ਸਿੰਘ ਵਾਲਾ, 6 ਮਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਮੈਡਮ ਸੁਨੀਤਾ ਸ਼ਰਮਾ ਨੂੰ ਕੋਰ ਕਮੇਟੀ ਇਸਤਰੀ ਵਿੰਗ ਦਾ ਮੈਂਬਰ ਨਿਯੁਕਤ ਕੀਤਾ ਗਿਆ ਇਸ ਮੌਕੇ 'ਤੇ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਮੈਡਮ ਗਗਨਦੀਪ ਕੌਰ ਢੀਂਡਸਾ ਨੇ ਸ਼ਰਮਾ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੈਡਮ ਸੁਨੀਤਾ ਸ਼ਰਮਾ ਦੇ ਪਰਿਵਾਰ ਨੇ ਸਦਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੋਢੇ ਨਾਲ ਮੋਢਾ ਜੋੜ ਕੇ ਦਿਨ ਰਾਤ ਮਿਹਨਤ ਕੀਤੀ ਹੈ ਅਤੇ ਸਦਾ ਪਾਰਟੀ ਪ੍ਰਤੀ ਵਫ਼ਾਦਾਰੀ ਨਾਲ ਕੰਮ ਕੀਤਾ ਹੈ। ਇਸ ਦੇ ਚੱਲਦਿਆਂ ਮੈਡਮ ਸੁਨੀਤਾ ਸ਼ਰਮਾ ਨੂੰ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਮੈਡਮ ਸੁਨੀਤਾ ਸ਼ਰਮਾ ਜੀ ਨੇ ਢੀਂਡਸਾ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜ਼ਿਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਹ ਇਸ ਤੇ ਸਦਾ ਖਰਾ ਉਤਰਨਗੇ। ਇਸ ਮੌਕੇ ਤੂ ਅਮਨਵੀਰ ਸਿੰਘ ਚੈਰੀ ਗੋਪਾਲ ਸ਼ਰਮਾ ਅਤੇ ਹੋਰ ਵੱਡੀ ਗਿੱਣਤੀ ਵਿੱਚ ਆਗੂ ਅਤੇ ਵਰਕਰ ਮੌਜੂਦ ਸਨ

# ਚੇਅਰਮੈਨ ਇੰਦਰਜੀਤ ਮਾਨ ਸਟੇਟ ਸਕ੍ਰੀਨਿੰਗ ਕਮੇਟੀ ਦੇ ਮੈਂਬਰ ਨਿਯੁਕਤ



ਬਠਿੰਡਾ , 6 ਮਈ(ਜਗਸੀਰ ਭੁੱਲਰ ) :ਹਲਕਾ ਰਾਮਪੁਰਾ ਫੂਲ ਲਈ ਬੇਹੱਦ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਲੋਕਾਂ ਦੇ ਚਹੇਤੇ, ਇਮਾਨਦਾਰ ਅਤੇ ਦੂਰਦਰਸ਼ੀ ਆਗੂ ਮਾਰਕਫੈੱਡ ਦੇ ਚੇਅਰਮੈਨ ਇੰਦਰਜੀਤ ਮਾਨ ਨੂੰ ਸਟੇਟ ਸਕ੍ਰੀਨਿੰਗ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਇਹ ਨਿਯੁਕਤੀ ਸਿਰਫ ਇੱਕ ਵਿਅਕਤੀ ਦੀ ਨਹੀਂ, ਸਗੋਂ ਪੂਰੇ ਇਲਾਕੇ ਦੀ ਮਿਹਨਤ, ਭਰੋਸੇ ਅਤੇ ਸੱਚੀ ਰਾਜਨੀਤੀ ਦੀ ਜਿੱਤ ਵਜੋਂ ਵੇਖੀ ਜਾ ਰਹੀ ਹੈ।ਇਸ ਮੌਕੇ 'ਤੇ 'ਆਪ' ਦੇ ਟਕਸਾਲੀ ਵਲੰਟੀਅਰ ਇੰਦਰਜੀਤ ਗੋਰਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇੰਦਰਜੀਤ ਮਾਨ ਨੇ ਛੋਟੀ ਉਮਰ ਵਿੱਚ ਹੀ ਰਾਜਨੀਤੀ ਵਿੱਚ ਅਦਭੁੱਤ ਯੋਗਤਾ, ਮਿਹਨਤ ਅਤੇ ਲੀਡਰਸ਼ਿਪ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮਾਨ ਹਮੇਸ਼ਾਂ ਲੋਕਾਂ ਦੇ ਹੱਕਾਂ ਲਈ ਡੱਟ ਕੇ ਖੜ੍ਹੇ ਰਹੇ ਹਨ ਅਤੇ ਹਰ ਛੋਟੇ-ਵੱਡੇ ਮੁੱਦੇ ਨੂੰ ਗੰਭੀਰਤਾ ਨਾਲ ਲੈ ਕੇ ਉਸਦਾ ਹੱਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਉਨ੍ਹਾਂ ਅੱਗੇ ਕਿਹਾ ਕਿ ਇੰਦਰਜੀਤ ਮਾਨ ਦੀ ਸਾਫ-ਸੁਥਰੀ ਛਵੀ, ਨਿਮਰ ਸੁਭਾਉ ਅਤੇ ਲੋਕ ਸੇਵਾ ਲਈ ਜਜ਼ਬਾ ਉਨ੍ਹਾਂ ਨੂੰ ਹੋਰ ਆਗੂਆਂ ਤੋਂ ਵੱਖਰਾ ਬਣਾਉਂਦਾ ਹੈ। ਉਹ ਨਾ ਸਿਰਫ ਇੱਕ ਮਜ਼ਬੂਤ ਆਗੂ ਹਨ, ਸਗੋਂ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਵੀ ਹਨ। ਉਨ੍ਹਾਂ ਦੀ ਲਗਨ, ਸੱਚਾਈ ਅਤੇ ਨਿਸ਼ਠਾ ਹੀ ਉਨ੍ਹਾਂ ਨੂੰ ਇਸ ਉੱਚੇ ਮੰਚ ਤੱਕ ਲੈ ਕੇ ਆਈ ਹੈ।ਇੰਦਰਜੀਤ ਗੋਰਾ ਨੇ ਇਹ ਵੀ ਕਿਹਾ ਕਿ ਮਾਨ ਦੀ ਇਹ ਨਿਯੁਕਤੀ ਆਉਣ ਵਾਲੇ ਸਮੇਂ ਵਿੱਚ ਹਲਕਾ ਰਾਮਪੁਰਾ ਫੂਲ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗੀ ਅਤੇ ਲੋਕਾਂ ਦੀਆਂ ਉਮੀਦਾਂ ਤੇ ਖਰਾ ਉਤਰਦਿਆਂ ਉਹ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰਨਗੇ।ਇੰਦਰਜੀਤ ਗੋਰਾ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਮਨੀਸ਼ ਸਿਸੋਦੀਆ ਦਾ ਧੰਨਵਾਦ ਕਰਦਿਆ ਕਿਹਾ ਕਿ ਹਲਕਾ ਰਾਮਪੁਰਾਫੂਲ ਨੂੰ ਹਮੇਸ਼ਾ ਆਮ ਆਦਮੀ ਪਾਰਟੀ ਨੇ ਵੱਡੇ ਮਾਣ ਸਤਿਕਾਰ ਦਿੱਤੇ ਹਨ ਤੇ ਹੁਣ ਚੇਅਰਮੈਨ ਇੰਦਰਜੀਤ ਮਾਨ ਨੂੰ ਸਟੇਟ ਸਕ੍ਰੀਨਿੰਗ ਕਮੇਟੀ ਦਾ ਮੈਂਬਰ ਲੈਕੇ ਪਾਰਟੀ ਨੇ ਭਰੋਸੇਯੋਗਤਾ ਨੂੰ ਮੁੜ ਦੁਹਰਾਇਆ ਹੈ ਜਿਸ ਦਾ ਨਤੀਜਾ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਦਰਜ ਕਰਵਾਕੇ ਨਿਕਲੇਗਾ।ਅੰਤ ਵਿੱਚ ਇਲਾਕੇ ਦੇ ਵਸਨੀਕਾਂ, ਸਮਰਥਕਾਂ ਅਤੇ ਵਰਕਰਾਂ ਨੇ ਚੇਅਰਮੈਨ ਇੰਦਰਜੀਤ ਮਾਨ ਨੂੰ ਦਿਲੋਂ ਵਧਾਈ ਦਿੰਦਿਆਂ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ।

# ਕਿਸਾਨੀ ਮੰਗਾਂ ਸਬੰਧੀ ਗਵਰਨਰ ਨੂੰ ਦਿੱਤਾ ਜਾਵੇਗਾ ਮੰਗ ਪੱਤਰ



ਭਵਾਨੀਗੜ੍ਹ, 6 ਮਈ (ਅਮਨਦੀਪ ਸਿੰਘ ਮਾਝਾ) : ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਭਵਾਨੀਗੜ੍ਹ ਦੀ ਮੀਟਿੰਗ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਮਾਝਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਮਾਝਾ, ਜਸਵਿੰਦਰ ਸਿੰਘ ਕਪਿਆਲ ਜਨਰਲ ਸਕੱਤਰ ਬਲਾਕ ਭਵਾਨੀਗੜ੍ਹ ਨੇ ਪਿੰਡਾਂ ਦੇ ਕਿਸਾਨਾਂ ਨੂੰ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵਲੋਂ 15 ਮਈ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਨੁਮਾਇੰਦਗੀ ਖੋਹਣ ਦੇ ਖਿਲਾਫ ਅਤੇ ਪੰਜਾਬ ਦੀਆਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਰਹਿੰਦੀਆਂ ਮੰਗਾਂ ਸਬੰਧੀ ਸ਼ਹੀਦ ਭਗਤ ਸਿੰਘ ਨੇਚਰ ਪਾਰਕ ਮੁਹਾਲੀ ਵਿਖੇ ਇਕੱਠੇ ਹੋ ਕੇ ਰਾਜ ਭਵਨ ਮਾਰਚ ਕੀਤਾ ਜਾਵੇਗਾ ਅਤੇ ਪੰਜਾਬ ਦੇ ਗਵਰਨਰ ਨੂੰ ਸੌਂਪਿਆ ਜਾਵੇਗਾ। ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬਿਜਲੀ ਬੋਰਡ ਖੇਤਾਂ ਵਾਲੀਆਂ ਢਿੱਲੀਆਂ ਤਾਰਾਂ ਅਤੇ ਹੋਰ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣ ਅਤੇ ਖੇਤਾਂ ਵਿਚ ਨਹਿਰੀ ਪਾਣੀ ਦਾ ਪ੍ਰਬੰਧ ਸਰਕਾਰ ਜਲਦੀ ਕਰੇ। ਇਸ ਮੌਕੇ ਗੁਰਦੀਪ ਸਿੰਘ ਆਲੋਅਰਖ, ਯਾਦਵਿੰਦਰ ਸਿੰਘ, ਲਖਵੀਰ ਸਿੰਘ ਕਪਿਆਲ, ਸਰਬਜੀਤ ਸਿੰਘ ਕਪਿਆਲ, ਸੁਖਵਿੰਦਰ ਸਿੰਘ ਕਪਿਆਲ, ਰਛਪਾਲ ਸਿੰਘ ਭਵਾਨੀਗੜ੍ਹ, ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

# ਸੰਤ ਗੋਬਿੰਦ ਆਯੁਰਵੈਦਿਕ ਸੇਵਾ ਸੰਸਥਾ ਵੱਲੋਂ ਆਯੁਰਵੈਦਿਕ ਨਿਸ਼ਕਾਮ ਸੇਵਾ ਮੁੜ ਸੁਰਜੀਤ

ਧੂਰੀ, 6 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਯੁਰਵੇਦ ਆਚਾਰੀਯ ਵੈਦ ਮੇਘ ਨਾਥ ਫਫੜੇ ਭਾਈਕੇ ਵਾਲਿਆਂ ਵੱਲੋਂ ਗਠਿਤ ਕੀਤੀ ਗਈ ਸੰਤ ਗੋਬਿੰਦ ਆਯੁਰਵੈਦਿਕ ਸੇਵਾ ਸੰਸਥਾ ਨੂੰ ਮੁੜ ਲੋਕ ਸੇਵਾ ਲਈ ਸੁਰਜੀਤ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਵੇਦ ਮੇਘ ਨਾਥ ਫਫੜੇ ਭਾਈਕੇ ਵਾਲਿਆਂ ਵੱਲੋਂ ਲਗਭਗ 1970 'ਚ ਆਪਣੇ ਗੁਰੂਦੇਵ ਦੀ ਯਾਦ ਵਿੱਚ ਕੀਤੀ ਗਈ ਸੀ, ਆਯੁਰਵੈਦਿਕ ਦਵਾਈਆਂ ਦੇ ਮੁਫ਼ਤ ਕੈਂਪ ਲਗਾਏ, ਜਿਨ੍ਹਾਂ ਦਾ ਮਕਸਦ ਦੁੱਖੀ ਤੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਆਯੁਰਵੈਦਿਕ ਇਲਾਜ ਦੇਣਾ ਸੀ, ਖ਼ਾਸ ਕਰਕੇ ਲੋੜਵੰਦ ਮਰੀਜ਼ਾਂ ਤੱਕ ਆਯੁਰਵੈਦਿਕ ਇਲਾਜ ਪਹੁੰਚਾਉਣਾ ਸੀ।ਉਨ੍ਹਾਂ ਦੇ ਬਾਅਦ ਹੁਣ ਉਨ੍ਹਾਂ ਦੇ ਸਪੁੱਤਰ ਵੈਦ ਚਰਨ ਕਮਲ ਸਿੰਘ ਅਤੇ ਉਨਾਂ ਦੀ ਪਤਨੀ ਨੇ ਬਹੁਤ ਮਿਹਨਤ ਨਾਲ ਇਸ ਪਵਿੱਤਰ ਸੇਵਾ ਨੂੰ ਪੂਰੀ ਸ਼ਰਧਾ ਅਤੇ ਸਮਰਪਣ ਨਾਲ ਅੱਗੇ ਵਧਾਉਣ ਦੇ ਯਤਨ ਕਰ ਰਹੇ ਹਨ। ਆਪਣੇ ਪਿਤਾ ਦੀ ਯਾਦ ਨੂੰ ਤਾਜ਼ਾ ਰੱਖਦਿਆਂ, ਉਨ੍ਹਾਂ ਨੇ ਇਸ ਸੰਸਥਾ ਨੂੰ ਦੁਬਾਰਾ ਸ਼ੁਰੂ ਕੀਤਾ ਹੈ। ਵੈਦ ਚਰਨ ਕਮਲ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਹਰ ਸ਼ੁੱਕਰਵਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਓਲਡ ਆਯੁਰਵੇਦ ਰਿਸਰਚ ਸੈਂਟਰ , ਧੂਰੀ ਵਿੱਚ ਮੁਫ਼ਤ ਆਈ ਡ੍ਰਾਪ ਅਤੇ ਲੋੜਵੰਦ ਮਰੀਜਾਂ ਨੂੰ ਆਯੁਰਵੈਦਿਕ ਇਲਾਜ ਮਸ਼ਵਰਾ ਮੁਫ਼ਤ ਦਿੱਤਾ ਜਾਂਦਾ ਹੈ। ਵੈਦ ਚਰਨ ਕਮਲ ਸਿੰਘ ਨਾਥ ਨੇ ਦੱਸਿਆ ਕਿ ਇਹ ਸੇਵਾ ਪੂਰੀ ਤਰ੍ਹਾਂ ਨਿਸ਼ਕਾਮ ਸੇਵਾ ਦੇ ਭਾਵ ਨਾਲ ਕੀਤੀ ਜਾ ਰਹੀ ਹੈ ਅਤੇ ਉਹ ਆਪਣੇ ਦਸਵੰਧ ਵਿੱਚੋਂ ਇਸ ਸੇਵਾ ਨੂੰ ਚਲਾ ਰਹੇ ਹਨ।

# ਅਰਸ਼ਦੀਪ ਨੇ ਕਲੇਰ ਸਕੂਲ ਅਤੇ ਪਿੰਡ ਦਾ ਨਾਂ ਕੀਤਾ ਰੌਸ਼ਨ



ਭਗਤਾ ਭਾਈ ਕਾ/ਸਮਾਧ ਭਾਈ, 6 ਮਈ (ਸਵਰਨ ਸਿੰਘ ਭਗਤਾ) :ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ,ਸਮਾਧ ਭਾਈ ਮੋਗਾ ਲਈ ਬੜੀ ਮਾਣ ਵਾਲੀ ਖ਼ਬਰ ਹੈ ਕਿ ਸਕੂਲ ਦੇ ਹੋਣਹਾਰ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਭਾਰਤੀ ਫੌਜ ਦੇ ਹੈਡ ਆਫਿਸ ਮਹਾਰ ਰੈਜ਼ੀਮੈਂਟ ਸੈਂਟਰ,ਸਘੋੜ (ਮੱਧ ਪ੍ਰਦੇਸ਼) ਵਿੱਚ ਜੂਨੀਅਰ ਅਫਸਰ ਦੇ ਪਦ ਲਈ ਚੋਣ ਹਾਸਲ ਕੀਤੀ ਹੈ।ਇਹ ਵਿਦਿਆਰਥੀ ਪੰਜਾਬ ਤੋਂ ਖੇਡ ਕੋਟੇ ਵਿੱਚ ਪਹਿਲੇ ਨੰਬਰ 'ਤੇ ਰਿਹਾ ਅਤੇ ਪੰਜਾਬ ਤੋਂ ਇਕੱਲਾ ਹੀ ਇਸ ਵਰਗ ਵਿੱਚ ਚੁਣਿਆ ਗਿਆ।ਆਲ ਇੰਡੀਆ ਪੱਧਰ 'ਤੇ ਕੁੱਲ 21ਸੀਟਾਂ ਵਿੱਚੋਂ ਚੋਣ ਹੋਈ,ਜਿੱਥੇ ਇਸ ਵਿਦਿਆਰਥੀ ਨੇ 200 ਵਿੱਚੋਂ198 ਅੰਕ ਪ੍ਰਾਪਤ ਕਰਕੇ ਅੰਤਿਮ ਮੈਰਿਟ ਵਿੱਚ ਸ਼ਾਨਦਾਰ ਸਥਾਨ ਬਣਾਇਆ।ਇਸ ਹੋਣਹਾਰ ਵਿਦਿਆਰਥੀ ਦੇ ਪਿਤਾ ਦਾ ਨਾਮ ਬੂਟਾ ਸਿੰਘ ਅਤੇ ਮਾਤਾ ਦਾ ਨਾਮ ਹਰਜੀਤ ਕੌਰ ਹੈ,ਜੋ ਕਿ ਕੋਠਾਗੁਰੂ ਦੇ ਰਹਿਣ ਵਾਲੇ ਹਨ,ਜਿਨ੍ਹਾਂ ਨੇ ਆਪਣੇ ਬੱਚੇ ਨੂੰ ਹਮੇਸ਼ਾ ਮਿਹਨਤ ਅਤੇ ਅਨੁਸ਼ਾਸਨ ਦੀ ਪ੍ਰੇਰਣਾ ਦਿੱਤੀ।ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ਼ਸ਼ੀਕਾਂਤ ਨੇ ਦੱਸਿਆ ਕਿ ਵਿਦਿਆਰਥੀ ਸਕੂਲ ਦੀਆਂ ਖੇਡਾਂ ਵਿੱਚੋਂ ਵੀ ਨਾਮ ਰੌਸ਼ਨ ਕਰਦਾ ਰਿਹਾ ਹੈ ਤੇ ਸਕੂਲ ਦੀ ਝੋਲੀ ਮੈਡਲ ਪਾਉਂਦਾ ਰਿਹਾ ਹੈ।ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਅਤੇ ਪ੍ਰਿੰਸੀਪਲ ਸ਼ਸ਼ੀਕਾਂਤ ਨੇ ਇਸ ਉਪਲਬਧੀ 'ਤੇ ਵਿਦਿਆਰਥੀ ਅਤੇ ਉਸਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਫ਼ਲਤਾ ਹੋਰ ਬੱਚਿਆਂ ਲਈ ਵੀ ਪ੍ਰੇਰਣਾ ਦਾ ਸਰੋਤ ਹੈ।ਉਹਨਾਂ ਨੇ ਕਿਹਾ ਕਿ ਸਕੂਲ ਹਮੇਸ਼ਾ ਬੱਚਿਆਂ ਨੂੰ ਸਿੱਖਿਆ ਦੇ ਨਾਲ-ਨਾਲ ਖੇਡਾਂ ਵਿੱਚ ਵੀ ਅੱਗੇ ਵਧਣ ਲਈ ਉਤਸ਼ਾਹਿਤ ਕਰਦਾ ਹੈ,ਜਿਸਦਾ ਇਹ ਨਤੀਜਾ ਸਾਡੇ ਸਾਹਮਣੇ ਹੈ।ਅਸੀਂ ਇਸ ਵਿਦਿਆਰਥੀ ਦੇ ਚਮਕਦਾਰ ਭਵਿੱਖ ਲਈ ਦਿਲੋਂ ਸ਼ੁਭਕਾਮਨਾਵਾਂ ਦਿੰਦੇ ਹਾਂ।

